## ਫ਼ਸਲਾਂ ਵਿੱਚੋਂ

# ਨਦੀਨਾਂ ਦੀ ਰੋਕਥਾਮ











PUNJAB AGRICULTURAL UNIVERSITY
LEARN AND SERVE
1962

**ਪੰਜਾਬ ਐਗਰੀਕਲਚਰਲ ਯੂਨੀਵਰਸਿਟੀ**

**ਲੁਧਿਆਣਾ**

ਬੁਲਿਟਨ ਨੰ. ਪੀ ਏ ਯੂ/2014/ਐੱਫ/651/ਪ

# ਫ਼ਸਲਾਂ ਵਿੱਚੋਂ ਨਦੀਨਾਂ ਦੀ ਰੋਕਥਾਮ

ਮੂਲ ਲੇਖਕ
ਲਾਲ ਸਿੰਘ ਬਰਾੜ
ਉਜਾਗਰ ਸਿੰਘ ਵਾਲੀਆ
ਬਲਜਿੰਦਰ ਕੌਰ

ਸੋਧਕ
ਮੱਖਣ ਸਿੰਘ ਭੁੱਲਰ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ

| | |
|---|---|
| ਪਹਿਲੀ ਵਾਰ | : ਸਤੰਬਰ 1992, 3000 ਕਾਪੀਆਂ |
| ਦੂਸਰੀ ਵਾਰ | : ਸਤੰਬਰ 1998, 2000 ਕਾਪੀਆਂ |
| ਤੀਸਰੀ ਵਾਰ | : ਫ਼ਰਵਰੀ 2003, 2000 ਕਾਪੀਆਂ |
| ਚੌਥੀ ਵਾਰ | : ਮਾਰਚ 2008, 2000 ਕਾਪੀਆਂ (ਸੋਧਿਆ ਹੋਇਆ ਨਵਾਂ ਐਡੀਸ਼ਨ) |
| ਪੰਜਵੀਂ ਵਾਰ | : ਫ਼ਰਵਰੀ 2009, 2000 ਕਾਪੀਆਂ |
| ਛੇਵੀ ਵਾਰ | : ਜਨਵਰੀ 2012, 1000 ਕਾਪੀਆਂ |
| ਸੱਤਵੀ ਵਾਰ | : ਫ਼ਰਵਰੀ 2014, 2000 ਕਾਪੀਆਂ |

ਸੰਪਾਦਕ

**ਅਨਿਲ ਸ਼ਰਮਾ**

ਕੀਮਤ 20/-

---

ਛਾਪਕ ਅਤੇ ਪ੍ਰਕਾਸ਼ਕ, ਐਡੀਸ਼ਨਲ ਡਾਇਰੈਕਟਰ (ਸੰਚਾਰ) ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲਈ ਜੇ. ਐਨ. ਪੈਕਰਜ਼, ਲੁਧਿਆਣਾ ਤੋਂ ਛਪਵਾਇਆ ।

pau_comm@pau.edu; pau.comm@gmail.com

# ਤਤਕਰਾ


| | ਵੇਰਵਾ | ਪੰਨਾ |
|---|---|---|
| 1. | ਮੁੱਢਲੀ ਜਾਣਕਾਰੀ | 1 |
| 2. | ਨਦੀਨਾਂ ਕੀ ਹੁੰਦੇ ਹਨ | 3 |
| 3. | ਨਦੀਨਾਂ ਦਾ ਸੰਖੇਪ ਵੇਰਵਾ | 6 |
| 4. | ਨਵੇਂ ਉੱਭਰਦੇ ਨਦੀਨ | 17 |
| 5. | ਨਦੀਨ ਨਾਸ਼ਕ ਦਵਾਈਆਂ ਦਾ ਛਿੜਕਾਅ | 20 |
| 6. | ਹਾੜ੍ਹੀ ਦੇ ਨਦੀਨਾਂ ਦੀ ਰੋਕਥਾਮ | 28 |
| | ਕਣਕ | 28 |
| | ਜੌਂ | 38 |
| | ਤੇਲਬੀਜ ਫ਼ਸਲਾਂ | 38 |
| | ਸੂਰਜਮੁਖੀ | 40 |
| | ਅਲਸੀ | 41 |
| | ਕਸੁੰਭੜਾ | 41 |
| | ਦਾਲਾਂ | 42 |
| | ਆਲੂ | 43 |
| | ਬਰਸੀਮ | 45 |
| 7. | ਸਾਉਣੀ ਦੇ ਨਦੀਨਾਂ ਦੀ ਰੋਕਥਾਮ | 48 |
| | ਝੋਨਾ | 48 |
| | ਮੱਕੀ | 52 |
| | ਨਰਮਾ ਅਤੇ ਕਪਾਹ | 55 |
| | ਕਮਾਦ | 59 |
| | ਮੂੰਗਫ਼ਲੀ | 62 |
| | ਦਾਲਾਂ | 63 |
| | ਚਾਰੇ ਦੀਆਂ ਫ਼ਸਲਾਂ | 65 |
| | ਨਵੀਆਂ ਫ਼ਸਲਾਂ | 67 |
| | ਗਾਜਰ ਘਾਹ (ਪਾਰਥੀਨੀਅਮ) | 70 |

# ਮੁੱਢਲੀ ਜਾਣਕਾਰੀ

ਜਦੋਂ ਤੋਂ ਫ਼ਸਲਾਂ ਦੀ ਕਾਸ਼ਤ ਹੋਂਦ ਵਿੱਚ ਆਈ ਹੈ ਉਸ ਸਮੇਂ ਤੋਂ ਹੀ ਨਦੀਨ ਫ਼ਸਲਾਂ ਦਾ ਮੁੱਖ ਅੰਗ ਬਣ ਗਏ ਹਨ । ਕੁਦਰਤ ਨੇ ਨਦੀਨਾਂ ਤੇ ਅਜਿਹੀ ਬਖ਼ਸ਼ਿਸ਼ ਕੀਤੀ ਹੈ ਕਿ ਬਿਨਾ ਬੀਜਾਈ ਤੋਂ ਇਹ ਹਰ ਫ਼ਸਲ ਵਿੱਚ ਪਾਏ ਜਾਂਦੇ ਹਨ । ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਜੇਕਰ ਨਦੀਨਾਂ ਨੂੰ ਇੱਕ ਸਾਲ ਫ਼ਸਲ ਵਿੱਚ ਉੱਗਣ ਦਿੱਤਾ ਜਾਵੇ ਅਤੇ ਬੀਜ ਬਣਨ ਤੱਕ ਖੇਤ ਵਿੱਚੋਂ ਬਾਹਰ ਨਾ ਕੱਢਿਆ ਜਾਵੇ ਤਾਂ ਇਹ ਨਦੀਨ ਖੇਤ ਵਿੱਚ ਕਈ ਸਾਲ ਤੱਕ ਉੱਗਦੇ ਰਹਿੰਦੇ ਹਨ । ਨਦੀਨ ਫ਼ਸਲ ਤੋਂ ਬਹੁਤ ਸਖ਼ਤ ਹੁੰਦੇ ਹਨ ਅਤੇ ਕਈ ਵਾਰ ਨਾ ਅਨੁਕੂਲ ਵਾਤਾਵਰਣ ਵਿੱਚ ਵੀ ਉੱਗ ਪੈਂਦੇ ਹਨ । ਨਦੀਨਾਂ ਨੂੰ ਸਦਾ ਹੀ ਹਾਨੀਕਾਰਕ ਸਮਝਿਆ ਜਾਂਦਾ ਹੈ ਕਿਉਂਕਿ ਇਹ ਨਾ ਸਿਰਫ਼ ਫ਼ਸਲ ਦਾ ਝਾੜ ਹੀ ਘਟਾਉਂਦੇ ਹਨ ਪ੍ਰੰਤੂ ਫ਼ਸਲਾਂ ਦੇ ਮਿਆਰ ਤੇ ਵੀ ਅਸਰ ਕਰਦੇ ਹਨ । ਕਈ ਨਦੀਨ ਕੀੜੇ ਅਤੇ ਬੀਮਾਰੀਆਂ ਦਾ ਵਾਧਾ ਕਰਨ ਵਿੱਚ ਵੀ ਬਹੁਤ ਸਹਾਈ ਹੁੰਦੇ ਹਨ । ਹੋਰ ਤਾਂ ਹੋਰ, ਕਈ ਨਦੀਨਾਂ ਦੇ ਬੂਟੇ ਜਾਂ ਬੀਜ ਆਦਮੀ ਜਾਂ ਪਸ਼ੂ ਖਾ ਲੈਣ ਤਾਂ ਮੌਤ ਵੀ ਹੋ ਜਾਂਦੀ ਹੈ । ਜਿੱਥੇ ਨਦੀਨ ਨੂੰ ਹਮੇਸ਼ਾਂ ਹੀ ਨੁਕਸਾਨਦੇਹ ਸਮਝਿਆ ਜਾਂਦਾ ਹੈ ਉੱਥੇ ਇਸ ਦੇ ਕਈ ਲਾਭ ਵੀ ਹਨ । ਬਹੁਤ ਸਾਰੀਆਂ ਦੇਸੀ ਦਵਾਈਆਂ ਵਿੱਚ ਨਦੀਨ ਦੇ ਪੱਤੇ, ਬੀਜ ਅਤੇ ਜੜ੍ਹਾਂ ਵਰਤੀਆਂ ਜਾਂਦੀਆਂ ਹਨ ਅਤੇ ਇਹ ਦਵਾਈਆਂ ਬਹੁਤ ਰੋਗਾਂ ਦੇ ਇਲਾਜ ਲਈ ਵਰਤੀਆਂ ਜਾਂਦੀਆਂ ਹਨ । ਸਭ ਤੋਂ ਵੱਡਾ ਲਾਭ ਇਹ ਹੈ ਕਿ ਨਦੀਨ ਨੂੰ ਚਾਰੇ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ । ਜਦੋਂ ਵੀ ਚਾਰੇ ਵਾਲੀਆਂ ਫ਼ਸਲਾਂ ਦੀ ਥੁੜ੍ਹ ਹੋਵੇ ਤਾਂ ਨਦੀਨ ਚਾਰੇ ਦਾ ਇੱਕ ਬਹੁਤ ਚੰਗਾ ਸਾਧਨ ਹੁੰਦੇ ਹਨ ।

ਬੇਸ਼ੱਕ ਨਦੀਨ ਦੇ ਫ਼ਾਇਦੇ ਬਹੁਤ ਹਨ ਪ੍ਰੰਤੂ ਜਦੋਂ ਵੀ ਨਦੀਨ ਫ਼ਸਲਾਂ ਵਿੱਚ ਹੁੰਦੇ ਹਨ ਤਾਂ ਫ਼ਸਲਾਂ ਦਾ ਨੁਕਸਾਨ ਬਹੁਤ ਹੁੰਦਾ ਹੈ । ਨਦੀਨ ਫ਼ਸਲਾਂ ਦੇ ਹਿੱਸੇ ਦੀ ਖ਼ੁਰਾਕ, ਪਾਣੀ ਅਤੇ ਧੁੱਪ ਦਾ ਬਹੁਤ ਹਿੱਸਾ ਵੰਡ ਲੈਂਦੇ ਹਨ ਅਤੇ ਫ਼ਸਲ ਕਮਜ਼ੋਰ ਰਹਿਣ ਕਾਰਨ ਝਾੜ ਆਮ ਤੌਰ ਤੇ 25 ਤੋਂ 30 ਫੀਸਦੀ ਘੱਟ ਜਾਂਦਾ ਹੈ । ਸਾਇੰਸਦਾਨ ਜੈਥਰੋ-ਟੂਲ (1731) ਨੇ ਫ਼ਸਲ ਨੂੰ ਕਤਾਰਾਂ ਵਿੱਚ ਬੀਜਣ ਦੀ ਸਿਫ਼ਾਰਸ਼ ਕੀਤੀ ਕਿਉਂਕਿ ਉਨ੍ਹਾਂ ਮੁਤਾਬਕ ਜੇਕਰ ਫ਼ਸਲ ਕਤਾਰਾਂ ਵਿੱਚ ਬੀਜੀ ਜਾਵੇਗੀ ਤਾਂ ਉਸ ਵਿੱਚੋਂ ਨਦੀਨ ਮਾਰਨ ਲਈ 'ਹੌਰਸ ਹੋ' (ਗੋਡੀ ਕਰਨ ਵਾਲਾ ਯੰਤਰ) ਚਲਾਈ ਜਾ ਸਕੇਗੀ। ਉਨ੍ਹਾਂ ਨੂੰ ਪਹਿਲਾਂ ਤੋਂ ਹੀ ਨਦੀਨ ਨਾਲ ਫ਼ਸਲ ਦੇ ਝਾੜ ਦਾ ਨੁਕਸਾਨ ਦਾ ਗਿਆਨ ਸੀ ਅਤੇ ਫ਼ਸਲ ਨੂੰ ਨਦੀਨ ਰਹਿਤ ਕਰਨ ਲਈ ਉਪਰਾਲੇ ਕੀਤੇ ਜਾਂਦੇ ਸਨ । ਆਮ ਤੌਰ ਤੇ ਬਰਾਨੀ ਅਤੇ ਸੇਂਜੂ ਫ਼ਸਲਾਂ ਵਿੱਚ ਨਦੀਨ ਦੀ ਰੋਕਥਾਮ ਲਈ ਗੋਡੀ ਕੀਤੀ ਜਾਂਦੀ ਸੀ ਜਾਂ ਫ਼ਸਲਾਂ ਦੀਆਂ ਕਤਾਰਾਂ ਵਿੱਚ ਹਲ ਚਲਾ ਕੇ ਨਦੀਨ ਤੇ ਕਾਬੂ ਪਾਇਆ

ਜਾਂਦਾ ਸੀ । ਇਸ ਤੋਂ ਬਾਅਦ 2, 4-ਡੀ, ਜੋ ਕਿ 1942 ਵਿੱਚ ਫ਼ਸਲਾਂ ਵਿੱਚੋਂ ਨਦੀਨ ਮਾਰਨ ਲਈ ਵੱਡੇ ਪੱਧਰ ਤੇ ਵਰਤੀ ਗਈ, ਅਤੇ ਸਮਾਂ ਪੈਣ ਤੇ ਹੋਰ ਨਦੀਨ ਨਾਸ਼ਕ ਜ਼ਹਿਰਾਂ ਹੋਂਦ ਵਿੱਚ ਆਈਆਂ ।

ਹਰਾ ਇਨਕਲਾਬ ਦੇ ਆਉਣ ਨਾਲ ਖੇਤੀ ਵਿੱਚ ਨਵੀ ਤਕਨੀਕ ਅਪਣਾਈ ਗਈ, ਜਿਸ ਵਿੱਚ ਮੁੱਖ ਤੌਰ ਤੇ ਨਵੀਆਂ ਕਿਸਮਾਂ (ਮਧਰੀਆਂ) ਖਾਦਾਂ, ਪਾਣੀ ਅਤੇ ਕੀੜੇਮਾਰ ਜ਼ਹਿਰਾਂ ਆਦਿ ਨੇ ਫ਼ਸਲਾਂ ਦੇ ਝਾੜ ਨੂੰ ਵਧਾਉਣ ਵਿੱਚ ਮੁੱਖ ਭੂਮਿਕਾ ਨਿਭਾਈ । ਆਧੁਨਿਕ ਖੇਤੀ ਢੰਗਾਂ ਨੇ ਜਿੱਥੇ ਫ਼ਸਲ ਦੇ ਝਾੜ ਨੂੰ ਵਧਾਇਆ ਉੱਥੇ ਕੁਝ ਹੋਰ ਸਮੱਸਿਆਵਾਂ ਨੂੰ ਵੀ ਉਭਾਰਿਆ ਜਿੰਨ੍ਹਾਂ ਵਿੱਚੋਂ ਨਦੀਨ ਦੀ ਸਮੱਸਿਆ ਮੁੱਖ ਤੌਰ ਤੇ ਵੇਖਣ ਵਿੱਚ ਆਈ । ਅੱਜ-ਕੱਲ੍ਹ ਕਣਕ ਅਤੇ ਝੋਨੇ ਦੀ ਫ਼ਸਲ ਵਿੱਚ ਘਾਹ ਵਾਲੇ ਨਦੀਨਾਂ ਦਾ ਹੱਲਾ ਇੱਕ ਅਹਿਮ ਸਮੱਸਿਆ ਹੈ । ਘਾਹ ਵਾਲੇ ਨਦੀਨ ਜੋ ਕਿ ਫ਼ਸਲ ਨਾਲ ਬਿਲਕੁਲ ਮਿਲਦੇ-ਜੁਲਦੇ ਹਨ, ਨੂੰ ਫ਼ਸਲ ਵਿੱਚੋਂ ਗੋਡੀ ਰਾਹੀਂ ਕੱਢਣਾ ਬਹੁਤ ਹੀ ਔਖਾ ਹੈ । ਨਦੀਨ ਨਾਸ਼ਕ ਜ਼ਹਿਰਾਂ ਦੀ ਵਰਤੋਂ ਕਰਨ ਨਾਲ ਝੋਨੇ ਅਤੇ ਕਣਕ ਦੀ ਫ਼ਸਲ ਵਿੱਚੋਂ ਨਦੀਨਾਂ ਨੂੰ ਮਾਰਨਾ ਸਿਰਫ਼ ਸੌਖਾ ਹੀ ਨਹੀਂ ਹੋਇਆ ਪ੍ਰੰਤੂ ਇਨ੍ਹਾਂ ਫ਼ਸਲਾਂ ਦੇ ਝਾੜ ਵਿੱਚ ਬਹੁਤ ਵਾਧਾ ਹੋਇਆ । ਨਦੀਨ ਨਾਸ਼ਕ ਜ਼ਹਿਰਾਂ ਦੀ ਜ਼ਿਆਦਾ ਵਰਤੋਂ ਕਰਨ ਨਾਲ ਕਈ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ । ਲਗਾਤਾਰ ਇੱਕੋ ਹੀ ਗਰੁੱਪ ਦੀ ਦਵਾਈ ਦੀ ਇੱਕੋ ਹੀ ਖੇਤ ਵਿੱਚ ਵਰਤੋਂ ਕਰਨ ਨਾਲ ਜਾਂ ਤਾਂ ਫ਼ਸਲ ਵਿੱਚ ਨਦੀਨ ਦੀ ਕਿਸਮ ਬਦਲ ਜਾਂਦੀ ਹੈ ਜਾਂ ਫੇਰ ਨਦੀਨਾਂ ਵਿੱਚੋਂ ਜ਼ਹਿਰਾਂ ਨੂੰ ਸਹਿਣ ਕਰਨ ਦੀ ਸ਼ਕਤੀ ਵਧ ਜਾਂਦੀ ਹੈ । ਇਸ ਕਰਕੇ ਨਦੀਨ ਨਾਸ਼ਕ ਜ਼ਹਿਰਾਂ ਦੀ ਵਰਤੋਂ ਲੋੜ ਅਨੁਸਾਰ ਕਰਨਾ ਹੀ ਸਮਝਦਾਰੀ ਹੈ । ਹੋਰਨਾਂ ਫ਼ਸਲਾਂ ਜਿਵੇਂ ਕਿ ਕਮਾਦ, ਮੱਕੀ, ਆਲੂ, ਚਾਰਾ, ਨਰਮਾ, ਤੇਲ ਬੀਜ ਅਤੇ ਦਾਲਾਂ ਦੀਆਂ ਫ਼ਸਲਾਂ ਵਿੱਚ ਵੀ ਨਦੀਨ ਨਾਸ਼ਕ ਦਵਾਈਆਂ ਦੀ ਵਰਤੋਂ ਪ੍ਰਚੱਲਤ ਹੈ । ਭਾਰਤ ਵਿੱਚ ਸਭ ਤੋਂ ਜ਼ਿਆਦਾ ਨਦੀਨ ਨਾਸ਼ਕ ਜ਼ਹਿਰਾਂ ਪੰਜਾਬ ਵਿੱਚ ਹੀ ਵਰਤੀਆਂ ਜਾਂਦੀਆਂ ਹਨ ਅਤੇ ਜ਼ਹਿਰਾਂ ਦੀ ਵਰਤੋਂ ਥੱਲੇ ਰਕਬਾ ਸਭ ਤੋਂ ਜ਼ਿਆਦਾ ਝੋਨੇ ਅਤੇ ਕਣਕ ਦੀ ਫ਼ਸਲ ਵਿੱਚ ਹੈ । ਫ਼ਸਲਾਂ ਵਿੱਚੋਂ ਨਦੀਨ ਦੀ ਸੁਚੱਜੀ ਰੋਕਥਾਮ ਫ਼ਸਲ ਦਾ ਪੂਰਾ ਝਾੜ ਪ੍ਰਾਪਤ ਕਰਨ ਵਿੱਚ ਬਹੁਤ ਸਹਾਈ ਹੁੰਦੀ ਹੈ । ਇਸ ਲਈ ਜੋ ਵੀ ਨੁਕਤੇ ਨਦੀਨ ਨਾਸ਼ਕ ਜ਼ਹਿਰਾਂ ਨੂੰ ਅਪਨਾਉਣ ਲਈ ਦਿੱਤੇ ਗਏ ਹਨ, ਇਹ ਬਹੁਤ ਹੀ ਧਿਆਨ ਯੋਗ ਹਨ ।

# ਨਦੀਨ ਕੀ ਹੁੰਦੇ ਹਨ ?

ਨਦੀਨ ਉਹ ਬੂਟੇ ਹੁੰਦੇ ਹਨ ਜੋ ਖੇਤ ਵਿੱਚ ਬੇਲੋੜੇ ਉੱਗਦੇ ਹਨ, ਜ਼ਮੀਨ ਅਤੇ ਪਾਣੀ ਦੇ ਸੋਮਿਆਂ ਦੀ ਵਰਤੋਂ ਵਿਚ ਰੁਕਾਵਟ ਪਾਉਂਦੇ ਹਨ, ਮਜ਼ਦੂਰੀ ਅਤੇ ਖ਼ਰਚਾ ਵਧਾਉਂਦੇ ਹਨ, ਖੇਤੀਬਾੜੀ ਦੇ ਕੰਮਾਂ ਵਿੱਚ ਰੁਕਾਵਟ ਬਣਦੇ ਹਨ ਅਤੇ ਫ਼ਸਲਾਂ ਦਾ ਝਾੜ ਘਟਾਉਂਦੇ ਹਨ । ਨਦੀਨ ਅਜਿਹੀ ਥਾਂ ਤੇ ਉੱਗਦੇ ਹਨ ਜਿੱਥੇ ਜਾਂ ਤਾਂ ਅਸੀਂ ਕੋਈ ਫ਼ਸਲ ਉਗਾਉਣੀ ਚਾਹੁੰਦੇ ਹਾਂ ਜਾਂ ਕੁਝ ਵੀ ਨਹੀਂ ਉਗਾਉਣਾ ਚਾਹੁੰਦੇ, ਮਤਲਬ ਕਿ ਖਾਲੀ ਜਗ੍ਹਾ ਰੱਖਣੀ ਚਾਹੁੰਦੇ ਹਾਂ । ਇਸ ਲਈ ਕਿਸੇ ਖ਼ਾਸ ਹਾਲਤ ਵਿੱਚ ਕੋਈ ਵੀ ਬੂਟਾ ਨਦੀਨ ਬਣ ਸਕਦਾ ਹੈ । ਨਦੀਨ ਦਾ ਖੇਤੀਬਾੜੀ ਤੇ ਬਹੁਤ ਜ਼ਿਆਦਾ ਅਸਰ ਪੈਂਦਾ ਹੈ । ਇਹ ਮੰਨਣਯੋਗ ਗੱਲ ਹੈ ਕਿ ਨਦੀਨ ਫ਼ਸਲਾਂ ਦਾ ਬੀਮਾਰੀਆਂ ਅਤੇ ਕੀੜਿਆਂ ਨਾਲੋਂ ਜ਼ਿਆਦਾ ਨੁਕਸਾਨ ਕਰਦੇ ਹਨ ਜਿਵੇਂ ਕਿ ਸਾਰਨੀ-1 ਵਿੱਚ ਦਰਸਾਇਆ ਗਿਆ ਹੈ ।

**ਸਾਰਨੀ ਨੰ. 1 : ਅਲੱਗ-ਅਲੱਗ ਕਾਰਨਾਂ ਦੁਆਰਾ ਫ਼ਸਲਾਂ ਨੂੰ ਹੋਣ ਵਾਲੇ ਨੁਕਸਾਨ ਦਾ ਵੇਰਵਾ**

| ਪੈਸਟ | ਰੁਪਏ/ਸਾਲ (ਕਰੋੜ) | ਨੁਕਸਾਨ ਪ੍ਰਤੀਸ਼ਤ |
|---|---|---|
| 1. ਨਦੀਨ | 1,650 | 33 |
| 2. ਬੀਮਾਰੀਆਂ | 1,350 | 25 |
| 3. ਕੀੜੇ | 1,000 | 20 |
| 4. ਅਨਾਜ ਦੇ ਗੁਦਾਮਾਂ ਦੇ ਕੀੜੇ | 350 | 7 |
| 5. ਚੂਹੇ | 300 | 6 |
| 6. ਹੋਰ ਕਾਰਨ | 400 | 8 |
| | 5,000 | 100 |

* ਜੋ ਪ੍ਰਾਣੀ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ।

## ਨਦੀਨਾਂ ਦੇ ਗੁਣ ਅਤੇ ਆਦਤਾਂ

- ਨਦੀਨਾਂ ਦੀ ਬੀਜ ਪੈਦਾ ਕਰਨ ਦੀ ਸ਼ਕਤੀ ਬਹੁਤ ਜ਼ਿਆਦਾ ਹੁੰਦੀ ਹੈ ਜਿਵੇਂ ਕਿ ਇੱਟਸਿੱਟ ਦਾ ਇੱਕ ਬੂਟਾ 20,000-50,000 ਬੀਜ ਪੈਦਾ ਕਰ ਸਕਦਾ ਹੈ।
- ਨਦੀਨ ਬਹੁਤ ਲੰਮੇ ਸਮੇਂ ਤੱਕ ਜਿਉਂਦੇ ਰਹਿ ਸਕਦੇ ਹਨ ਅਤੇ ਕਾਬੂ ਕਰਨ ਲਈ ਵਰਤੇ ਜਾਣ ਵਾਲੇ ਢੰਗਾਂ ਦਾ ਵਿਰੋਧ ਕਰਦੇ ਹਨ।

- ਨਦੀਨਾਂ ਦੇ ਬੀਜ ਜ਼ਮੀਨ ਵਿੱਚ ਬਹੁਤ ਲੰਮੇ ਅਰਸੇ ਤੱਕ ਸੁੱਤੇ ਅਤੇ ਉੱਗਣ ਦੇ ਕਾਬਲ ਹਾਲਤ ਵਿੱਚ ਪਏ ਰਹਿੰਦੇ ਹਨ । ਜਿਵੇਂ ਕਿ ਘਾਹ ਵਾਲੇ ਨਦੀਨ 10 ਸਾਲ ਲਈ ਅਤੇ ਚੌੜੇ ਪੱਤਿਆਂ ਵਾਲੇ 50 ਸਾਲ ਤੱਕ ਜ਼ਮੀਨ ਵਿੱਚ ਆਪਣੀ ਉੱਗਣ ਸ਼ਕਤੀ ਕਾਇਮ ਰੱਖ ਸਕਦੇ ਹਨ ।
- ਨਦੀਨ ਬਹੁਤ ਜ਼ਿਆਦਾ ਸਖ਼ਤ ਹੁੰਦੇ ਹਨ ਅਤੇ ਜਲਵਾਯੂ, ਜ਼ਮੀਨ ਅਤੇ ਬੀਮਾਰੀਆਂ ਦੀਆਂ ਅਣਸੁਖਾਵੀਆਂ ਹਾਲਤਾਂ ਦੀ ਵਿਰੋਧਤਾ ਕਰਦੇ ਹਨ ।
- ਕੁਝ ਨਦੀਨਾਂ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹੁੰਦੀਆਂ ਹਨ ਅਤੇ ਅਣਸੁਖਾਵੀਆਂ ਹਾਲਤਾਂ ਵਿੱਚ ਵੀ ਵਧਦੀਆਂ ਫੁੱਲਦੀਆਂ ਰਹਿੰਦੀਆਂ ਹਨ ।
- ਕੁਝ ਨਦੀਨਾਂ ਦਾ ਵਾਧਾ ਤਣੇ ਅਤੇ ਜੜ੍ਹਾਂ ਦੇ ਹਿੱਸਿਆਂ ਤੋਂ ਹੁੰਦਾ ਹੈ ਜਿਵੇਂ ਕਿ ਖੱਬਲ ਘਾਹ, ਬਰੂ, ਡੀਲਾ, ਅਲੇਹਾ, ਬੱਕਰ ਵੇਲ ਆਦਿ ।
- ਕਈ ਨਦੀਨਾਂ ਦੇ ਬੀਜ ਫ਼ਸਲਾਂ ਦੇ ਬੀਜਾਂ ਨਾਲ ਬਹੁਤ ਜ਼ਿਆਦਾ ਮਿਲਦੇ-ਜੁਲਦੇ ਹਨ । ਜਿਵੇਂ ਕਿ ਕਾਸ਼ਨੀ ਅਤੇ ਬਰਸੀਮ, ਜਵੀ ਅਤੇ ਜੰਗਲੀ ਜਵੀ, ਸਰ੍ਹੋਂ ਅਤੇ ਸਤਿਆਨਾਸੀ ਬੂਟੀ ਆਦਿ ।

## ਨਦੀਨਾਂ ਦੇ ਨੁਕਸਾਨ

- ਨਦੀਨ ਫ਼ਸਲਾਂ ਨਾਲ ਖ਼ੁਰਾਕੀ ਤੱਤ, ਪਾਣੀ, ਰੌਸ਼ਨੀ ਅਤੇ ਜਗ੍ਹਾ ਲਈ ਮੁਕਾਬਲਾ ਕਰਦੇ ਹਨ ਅਤੇ ਇਸ ਤਰ੍ਹਾਂ ਫ਼ਸਲਾਂ ਦਾ ਝਾੜ ਕਾਫ਼ੀ ਘਟ ਜਾਂਦਾ ਹੈ ।
- ਕੁਝ ਨਦੀਨ ਫ਼ਸਲਾਂ ਦੇ ਕੁਝ ਹੱਦ ਤੱਕ ਜਾਂ ਪੂਰੇ ਤੌਰ ਤੇ ਨਿਰਭਰ (ਪੈਰਾਸਾਈਟ) ਹੁੰਦੇ ਹਨ ਜਿਵੇਂ ਕਿ ਗੰਨੇ ਦੀ ਫ਼ਸਲ ਵਿੱਚ **ਧੌਲ ਫੁੱਲੀ** ।
- ਨਦੀਨ ਫ਼ਸਲਾਂ ਅਤੇ ਜਾਨਵਰਾਂ ਤੋਂ ਮਿਲਣ ਵਾਲੇ ਪਦਾਰਥਾਂ ਦੀ ਮਿਕਦਾਰ ਅਤੇ ਕੁਆਲਿਟੀ ਘਟਾਉਂਦੇ ਹਨ । ਜਿਵੇਂ ਕਿ ਕੰਡਿਆਂ ਵਾਲੀ ਪਾਲਕ ਅਤੇ ਜੰਗਲੀ ਹਾਲੋਂ ਆਦਿ ।
- ਨਦੀਨ ਕੀੜੇ-ਮਕੌੜਿਆਂ ਅਤੇ ਬੀਮਾਰੀਆਂ ਨੂੰ ਸਹਾਰਾ ਦਿੰਦੇ ਹਨ ।
- ਨਦੀਨ ਮਸ਼ੀਨਰੀ ਦੀ ਕੰਮ ਕਰਨ ਦੀ ਸਮਰਥਾ ਘਟਾਉਂਦੇ ਹਨ ।
- ਕੁਝ ਨਦੀਨ ਜ਼ਹਿਰੀਲੇ ਹੁੰਦੇ ਹਨ ਅਤੇ ਇਸ ਤਰ੍ਹਾਂ ਮਨੁੱਖਾਂ ਅਤੇ ਜਾਨਵਰਾਂ ਦੀ ਸਿਹਤ ਲਈ ਨੁਕਸਾਨਦਾਇਕ ਸਿੱਧ ਹੁੰਦੇ ਹਨ ਜਿਵੇਂ ਕਿ (ਕਾਂਗਰਸ ਗਰਾਸ) ਗਾਜਰ ਬੂਟੀ ।
- ਨਦੀਨ ਚਰਾਗਾਹਾਂ ਅਤੇ ਘਾਹ ਵਾਲੇ ਮੈਦਾਨਾਂ ਦੀ ਸਮਰਥਾ ਘਟਾਉਂਦੇ ਹਨ ।

## ਪਾਣੀ ਵਾਲੇ ਨਦੀਨ

- ਪਾਣੀ ਵਾਲੇ ਨਦੀਨ, ਖਾਲਾਂ, ਨਹਿਰਾਂ ਅਤੇ ਦਰਿਆਵਾਂ ਵਿੱਚ ਪਾਣੀ ਦੇ ਵਹਾਅ ਵਿੱਚ ਰੁਕਾਵਟ ਪਾਉਂਦੇ ਹਨ ।
- ਉਹ ਵਾਧੂ ਪਾਣੀ ਦੇ ਨਿਕਾਸ ਵਿੱਚ ਵੀ ਰੁਕਾਵਟ ਪਾਉਂਦੇ ਹਨ ।

- ਮੱਛੀਆਂ ਦੇ ਉਦਯੋਗ ਤੇ ਅਸਰ ਪਾਉਂਦੇ ਹਨ ।
- ਪਾਣੀ ਜ਼ਾਇਆ ਕਰਦੇ ਹਨ ।
- ਪਾਣੀ ਵਾਲੇ ਤਾਲਾਬਾਂ ਦਾ ਦ੍ਰਿਸ਼ ਖ਼ਰਾਬ ਕਰਦੇ ਹਨ ।
- ਪਾਣੀ ਵਿੱਚ ਵਾਤਾਵਰਣ ਗੰਧਲਾ ਕਰਦੇ ਹਨ ।

**ਨਦੀਨਾਂ ਦੇ ਲਾਭ**

- ਨਦੀਨ ਜ਼ਮੀਨ ਵਿੱਚ ਮੱਲ੍ਹੜ ਦਾ ਵਾਧਾ ਕਰਦੇ ਹਨ ।
- ਨਦੀਨ ਭੂਮੀ ਖ਼ੋਰੇ ਨੂੰ ਰੋਕਣ ਵਿੱਚ ਮਦਦ ਕਰਦੇ ਹਨ ।
- ਕਈ ਨਦੀਨ ਡੰਗਰਾਂ ਲਈ ਚਾਰੇ ਦੇ ਤੌਰ ਤੇ ਅਤੇ ਮਨੁੱਖਾਂ ਲਈ ਸਬਜ਼ੀਆਂ ਦੇ ਤੌਰ ਤੇ ਵਰਤੇ ਜਾਂਦੇ ਹਨ । ਜਿਵੇਂ ਕਿ ਬਾਥੂ, ਚਲਾਈ ਆਦਿ ।
- ਕੁਝ ਨਦੀਨਾਂ ਨੂੰ ਦਵਾਈਆਂ ਦੇ ਤੌਰ ਤੇ ਜਾਂ ਖ਼ੁਸ਼ਬੂਦਾਰ ਤੇਲ ਕੱਢਣ ਲਈ ਵਰਤਿਆ ਜਾਂਦਾ ਹੈ ।
- ਕਾਹੀ ਅਤੇ ਹੋਰ ਨਦੀਨਾਂ ਨੂੰ ਮੂੜ੍ਹੇ, ਪੱਖੇ, ਚਟਾਈਆਂ ਆਦਿ ਬਨਾਉਣ ਲਈ ਵਰਤਿਆ ਜਾਂਦਾ ਹੈ ।
- ਕੁਝ ਨਦੀਨਾਂ ਨੂੰ ਵਾੜ ਬਨਾਉਣ ਲਈ ਵੀ ਵਰਤਿਆ ਜਾਂਦਾ ਹੈ । ਜਿਵੇਂ ਕਿ ਥੋਹਰ ਅਤੇ ਕੰਡਿਆਂ ਵਾਲੇ ਨਦੀਨ ।
- ਕੁਝ ਫ਼ਲੀਦਾਰ ਨਦੀਨ ਹਰੀ ਖਾਦ ਦੇ ਤੌਰ ਤੇ ਵਰਤੇ ਜਾਂਦੇ ਹਨ ।

**ਨਦੀਨਾਂ ਦੇ ਵਾਧੇ ਦੇ ਢੰਗ**

ਨਦੀਨਾਂ ਦੇ ਬੀਜ ਜਾਂ ਜੜ੍ਹਾਂ ਜਾਂ ਪੌਦੇ ਹੇਠ ਲਿਖੇ ਢੰਗਾਂ ਦੁਆਰਾ ਇੱਕ ਥਾਂ ਤੋਂ ਦੂਜੀ ਥਾਂ ਜਾਂਦੇ ਹਨ :

- ਫ਼ਸਲਾਂ ਦੇ ਬੀਜਾਂ ਰਾਹੀਂ ।
- ਰੂੜੀ ਦੀ ਖਾਦ ਦੁਆਰਾ ।
- ਹਵਾ ਰਾਹੀਂ ਉੱਡ ਕੇ ।
- ਜਾਨਵਰਾਂ ਨਾਲ ।
- ਮਸ਼ੀਨਰੀ ਦੁਆਰਾ ।
- ਪੰਛੀਆਂ ਰਾਹੀਂ ।
- ਸਿੰਚਾਈ ਅਤੇ ਨਿਕਾਸ ਵਾਲੇ ਪਾਣੀ ਦੁਆਰਾ ।
- ਮਨੁੱਖਾਂ ਦੁਆਰਾ ।

# ਨਦੀਨਾਂ ਦਾ ਸੰਖੇਪ ਵੇਰਵਾ

ਹਰੇਕ ਨਦੀਨ ਨੂੰ ਮਾਰਨ ਵਾਸਤੇ ਵੱਖ-ਵੱਖ ਨਦੀਨ ਨਾਸ਼ਕ ਦਵਾਈਆਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ । ਇਸ ਲਈ ਸਭ ਤੋਂ ਪਹਿਲਾ ਕਦਮ ਨਦੀਨਾਂ ਨੂੰ ਪਛਾਨਣਾ ਹੈ । ਨਦੀਨ ਦੀ ਪਛਾਣ ਤੋਂ ਬਾਅਦ ਹੀ ਠੀਕ ਦਵਾਈ ਦੀ ਚੋਣ ਕੀਤੀ ਜਾ ਸਕਦੀ ਹੈ । ਨਦੀਨ ਨਾਸ਼ਕ ਦਵਾਈਆਂ ਤੋਂ ਪੂਰਾ ਅਸਰ ਲੈਣ ਵਾਸਤੇ ਨਦੀਨਾਂ ਦੇ ਉੱਗਣ ਦਾ ਸਮਾਂ, ਵਧਣ-ਫੁੱਲਣ ਦਾ ਤਰੀਕਾ, ਫੁੱਲ ਅਤੇ ਬੀਜ ਬਣਨ ਦਾ ਸਮਾਂ ਆਦਿ ਬਾਰੇ ਜਾਣਕਾਰੀ ਹੋਣੀ ਅਤਿ ਜ਼ਰੂਰੀ ਹੈ । ਕੁਝ ਪ੍ਰਮੁੱਖ ਨਦੀਨਾਂ ਦਾ ਸੰਖੇਪ ਵੇਰਵਾ ਹੇਠਾਂ ਦਿੱਤਾ ਗਿਆ ਹੈ :

## ੳ) ਹਾੜ੍ਹੀ ਦੇ ਨਦੀਨ

ਹਾੜ੍ਹੀ ਦੀਆਂ ਫ਼ਸਲਾਂ ਵਿੱਚ ਹੇਠ ਲਿਖੇ ਨਦੀਨ ਹੁੰਦੇ ਹਨ, ਜਿਵੇਂ ਕਿ ਗੁੱਲੀ ਡੰਡਾ ਜਾਂ ਸਿੱਟੀ, ਜੰਗਲੀ ਜਵੀਂ ਜਾਂ ਜੌਂਧਰ ਜਾਂ ਬਿਗੜ, ਘੂੰਈਂ ਜਾਂ ਪੋਆਂ ਘਾਹ, ਲੂੰਬੜ ਘਾਹ, ਕਣਕੀ (ਲੋਲੀਅਮ ਘਾਹ), ਬਾਥੂ, ਮੈਣਾ, ਮੈਣੀ, ਖੰਡੀ ਜਾਂ ਜੰਗਲੀ ਸੇਂਜੀ, ਵੱਡਾ ਤੱਕਲਾ, ਛੋਟਾ ਤੱਕਲਾ, ਪਿੱਤ ਪਾਪੜਾ, ਬਿੱਲੀ ਬੂਟੀ ਜਾਂ ਨੀਲੀ ਬੂਟੀ, ਜੰਗਲੀ ਪਾਲਕ, ਜੰਗਲੀ ਹਾਲੋਂ, ਪੋਹਲੀ, ਪਿਆਜ਼ੀ ਜਾਂ ਬੁਘਾਟ, ਕਾਸ਼ਣੀ, ਦੋਧਕ, ਮਟਰੀ, ਰਾੜ੍ਹੀ, ਜੰਗਲੀ ਧਨੀਆ, ਜੰਗਲੀ ਸਰ੍ਹੋਂ, ਲੇਹ, ਲੇਹਲੀ ਜਾਂ ਹਿਰਨਖੁਰੀ ਜਾਂ ਬੱਕਰ ਵੇਲ ਆਦਿ ।

ਪ੍ਰੰਤੂ ਉੱਪਰ ਦਿੱਤੇ ਨਦੀਨਾਂ ਵਿੱਚੋਂ ਕੁਝ ਜ਼ਿਆਦਾ ਨੁਕਸਾਨਦੇਹ ਨਦੀਨਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. **ਗੁੱਲੀ ਡੰਡਾ ਜਾਂ ਸਿੱਟੀ** : ਇਹ ਕਣਕ ਦਾ ਸਭ ਤੋਂ ਜ਼ਿਆਦਾ ਨੁਕਸਾਨਦੇਹ ਨਦੀਨ ਹੈ । ਇਹ ਨਦੀਨ ਝੋਨਾ-ਕਣਕ ਫ਼ਸਲੀ ਚੱਕਰ ਵਿੱਚ ਜ਼ਿਆਦਾ ਹੁੰਦਾ ਹੈ । ਗੁੱਲੀ ਡੰਡਾ ਨਦੀਨ ਕਈ ਲੌਆਂ ਵਿੱਚ ਉੱਗਦਾ ਹੈ ਜਿਸ ਤਰ੍ਹਾਂ ਕਿ ਪਹਿਲਾਂ ਕਣਕ ਦੇ ਨਾਲ, ਫੇਰ ਪਹਿਲੇ ਅਤੇ ਦੂਜੇ ਪਾਣੀ ਤੋਂ ਬਾਅਦ । ਪਹਿਲੀਆਂ ਹਾਲਤਾਂ ਵਿੱਚ ਇਸ ਦਾ ਬੂਟਾ ਕਾਫ਼ੀ ਕਮਜ਼ੋਰ ਹੁੰਦਾ ਹੈ ਪ੍ਰੰਤੂ ਫ਼ਰਵਰੀ-ਮਾਰਚ ਵਿੱਚ ਤਾਪਮਾਨ ਦੇ ਵਧਣ ਨਾਲ ਇਸ ਦੇ ਵਧਣ ਦੀ ਸ਼ਕਤੀ ਜ਼ਿਆਦਾ ਹੋ ਜਾਂਦੀ ਹੈ । ਮਾਰਚ ਦੇ ਮਹੀਨੇ ਵਿੱਚ ਇਸ ਦੀਆਂ ਸਿੱਟੀਆਂ ਜਾਂ ਦੁੰਬੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ ਜੋ ਕਿ ਕਣਕ ਪੱਕਣ ਤੋਂ ਹਫ਼ਤਾ ਪਹਿਲਾਂ ਹੀ ਪੱਕ ਜਾਂਦੀਆਂ ਹਨ । ਇਸ ਦਾ ਲਗਪਗ 80-90 ਪ੍ਰਤੀਸ਼ਤ ਬੀਜ ਝੜ ਕੇ ਜ਼ਮੀਨ ਤੇ ਡਿੱਗ ਪੈਂਦਾ ਹੈ ਜੋ ਕਿ ਅਗਲੇ ਸਾਲ ਵਾਲੀ ਫ਼ਸਲ ਵਿਚ ਉੱਗਦਾ ਹੈ । ਗੁੱਲੀ ਡੰਡੇ ਦਾ ਇੱਕ ਬੂਟਾ ਤਕਰੀਬਨ 5000-7000 ਬੀਜ ਪੈਦਾ ਕਰ ਦਿੰਦਾ ਹੈ ।

2. **ਜੰਗਲੀ ਜਵੀ ਜਾਂ ਜੌਂਧਰ :** ਇਹ ਨਦੀਨ ਹਲਕੀਆਂ ਤੋਂ ਦਰਮਿਆਨੀਆਂ ਜ਼ਮੀਨਾਂ ਵਿੱਚ ਬੀਜੀ ਹੋਈ ਕਣਕ ਵਿੱਚ ਜ਼ਿਆਦਾ ਹੁੰਦਾ ਹੈ । ਇਹ ਕਣਕ ਤੋਂ ਪਹਿਲਾਂ ਜਾਂ ਉਸ ਦੇ ਨਾਲ ਹੀ ਉੱਗ ਪੈਂਦਾ ਹੈ । ਮੁੱਢਲੀਆਂ ਹਾਲਤਾਂ ਵਿੱਚ ਇਸ ਦਾ ਰੰਗ ਕਣਕ ਨਾਲੋਂ ਗੂੜ੍ਹੀ ਭਾਹ ਮਾਰਦਾ ਹੈ ਅਤੇ ਬੂਟਾ ਜ਼ਮੀਨ ਤੇ ਵਿਛਿਆ ਹੁੰਦਾ ਹੈ। ਪਹਿਲੇ ਪਾਣੀ ਦੇ ਨਾਲ ਵੀ ਇਸ ਦੇ ਕੁਝ ਬੂਟੇ ਉੱਗ ਪੈਂਦੇ ਹਨ, ਪਰ ਉਨ੍ਹਾਂ ਦੀ ਗਿਣਤੀ 10 ਤੋਂ 15 ਪ੍ਰਤੀਸ਼ਤ ਹੀ ਹੁੰਦੀ ਹੈ । ਕਣਕ ਦੇ ਨਾਲ ਉੱਗੇ ਬੂਟੇ ਜ਼ਿਆਦਾ ਨੁਕਸਾਨਦੇਹ ਹੁੰਦੇ ਹਨ । ਇਸ ਦੀ ਸਮੱਸਿਆ ਅਗੇਤੀ ਬੀਜੀ ਕਣਕ ਦੀ ਫ਼ਸਲ ਵਿੱਚ ਜ਼ਿਆਦਾ ਹੁੰਦੀ ਹੈ । ਜੌਂਧਰ ਦੇ ਬੂਟਿਆਂ ਦਾ ਵਾਧਾ ਕਣਕ ਦੇ ਨਾਲ-ਨਾਲ ਹੀ ਹੁੰਦਾ ਹੈ । ਇਸ ਦੇ ਦੋ-ਦੋ ਬੀਜ ਇਕੱਠੇ ਜੁੜੇ ਹੁੰਦੇ ਹਨ ਅਤੇ ਉਨ੍ਹਾਂ ਦੇ ਸਿਰਿਆਂ ਤੇ ਲੰਬੇ-ਲੰਬੇ ਕਸੀਰ ਹੁੰਦੇ ਹਨ । ਬੀਜ ਦਾ ਰੰਗ ਗੂੜ੍ਹਾ ਭੂਰਾ ਤੋਂ ਕਾਲਾ ਹੁੰਦਾ ਹੈ । ਗੁੱਲੀ ਡੰਡੇ ਵਾਂਗ ਜੌਂਧਰ ਦੇ ਬੀਜ ਵੀ ਕਣਕ ਵੱਢਣ ਤੋਂ ਪਹਿਲਾਂ ਹੀ ਝੜ ਜਾਂਦੇ ਹਨ । ਇੱਕ ਬੂਟਾ ਤਕਰੀਬਨ 2000-3000 ਬੀਜ ਪੈਦਾ ਕਰ ਦਿੰਦਾ ਹੈ ।

3. **ਘੂੰਈਂ ਜਾਂ ਪੋਆ ਘਾਹ :** ਇਹ ਨਦੀਨ ਸਿੱਲੀਆਂ ਜ਼ਮੀਨਾਂ ਵਿੱਚ ਬੀਜੀ ਕਣਕ ਅਤੇ ਬਰਸੀਮ ਆਦਿ ਵਿੱਚ ਬਹੁਤ ਜ਼ਿਆਦਾ ਹੁੰਦਾ ਹੈ । ਇਹ ਨਦੀਨ ਤਾਪਮਾਨ ਘਟਣ ਤੋਂ ਬਾਅਦ ਤਕਰੀਬਨ ਨਵੰਬਰ ਅਖ਼ੀਰ ਜਾਂ ਦਸੰਬਰ ਦੇ ਮਹੀਨੇ ਵਿੱਚ ਉੱਗਦਾ ਹੈ । ਉਸ ਦਾ ਬੂਟਾ ਘੱਟ ਵਧਣ ਵਾਲਾ ਅਤੇ ਹਲਕੇ ਪੀਲੇ ਰੰਗ ਦਾ ਹੁੰਦਾ ਹੈ । ਇਸ ਨਦੀਨ ਦੇ ਬੂਟੇ ਬਹੁਤ ਜ਼ਿਆਦਾ ਗਿਣਤੀ ਵਿੱਚ ਉੱਗ ਪੈਂਦੇ ਹਨ। ਬਰਸੀਮ ਦੀ ਫ਼ਸਲ ਵਿੱਚ ਵੀ ਇਸ ਦੀ ਕਾਫ਼ੀ ਸਮੱਸਿਆ ਹੈ । ਆਮ ਤੌਰ ਤੇ ਵੇਖਿਆ ਗਿਆ ਹੈ ਕਿ ਪਹਿਲੀਆਂ ਇੱਕ-ਦੋ ਕਟਾਈਆਂ ਤੱਕ ਬਰਸੀਮ ਦੀ ਫ਼ਸਲ ਨੂੰ ਵਧਣ ਤੋਂ ਪੂਰੀ ਤਰ੍ਹਾਂ ਰੋਕਦਾ ਹੈ ਅਤੇ ਕਟਾਈ ਸਮੇਂ ਵੀ ਸਮੱਸਿਆ ਪੈਦਾ ਕਰਦਾ ਹੈ ।

ਇਨ੍ਹਾਂ ਘਾਹ ਵਰਗੇ ਨਦੀਨਾਂ ਤੋਂ ਇਲਾਵਾ ਹਾੜ੍ਹੀ ਦੀਆਂ ਫ਼ਸਲਾਂ ਵਿੱਚ ਲੂੰਬੜ-ਘਾਹ ਅਤੇ ਕਣਕੀ (ਲੋਲੀਅਮ ਘਾਹ) ਆਦਿ ਕਿਤੇ-ਕਿਤੇ ਪਾਏ ਜਾਂਦੇ ਹਨ । ਲੂੰਬੜ-ਘਾਹ ਦਾ ਬੂਟਾ ਗੁੱਲੀ-ਡੰਡੇ ਅਤੇ ਜੌਂਧਰ ਨਾਲੋਂ ਮਧਰੇ ਕੱਦ ਦਾ ਹੁੰਦਾ ਹੈ ਅਤੇ ਇਸ ਦਾ ਸਿੱਟਾ ਫੁੱਲਵਾਂ, ਨਰਮ ਅਤੇ ਸਫ਼ੈਦ (ਲੂੰਬੜ ਦੀ ਪੂੰਛ ਵਰਗਾ) ਹੁੰਦਾ ਹੈ । ਕਣਕੀ ਦਾ ਬੂਟਾ ਗੁੱਲੀ-ਡੰਡੇ ਨਾਲ ਕਾਫ਼ੀ ਮਿਲਦਾ-ਜੁਲਦਾ ਹੁੰਦਾ ਹੈ । ਪ੍ਰੰਤੂ ਇਸ ਦੇ 4-5 ਬੀਜਾਂ ਦਾ ਇਕੱਠਾ ਸਮੂਹ ਹੁੰਦਾ ਹੈ । ਇਸ ਬੂਟੇ ਦੇ ਬੀਜ ਦੀ ਬਣਤਰ ਕਣਕ ਦੇ ਬੀਜ ਨਾਲ ਮਿਲਦੀ-ਜੁਲਦੀ ਹੈ । ਇਸ ਦਾ ਆਕਾਰ ਕਾਫ਼ੀ ਛੋਟਾ ਹੁੰਦਾ ਹੈ । ਇਸ ਦੇ ਬੀਜ ਕਣਕ ਵੱਢਣ ਤੱਕ ਸਿੱਟੇ ਵਿੱਚ ਰਹਿੰਦੇ ਹਨ ਅਤੇ ਝੜਦੇ ਨਹੀਂ। ਜੇਕਰ ਕਣਕ ਦਾ ਬੀਜ ਨਦੀਨ ਰਹਿਤ ਬੀਜਿਆ ਜਾਵੇ ਤਾਂ ਇਸ ਨਦੀਨ ਦੇ ਵਾਧੇ ਨੂੰ ਬੜੀ ਆਸਾਨੀ ਨਾਲ ਰੋਕਿਆ ਜਾ ਸਕਦਾ ਹੈ ।

4. **ਬਾਥੂ :** ਇਹ ਨਦੀਨ ਸਾਰੀਆਂ ਜ਼ਮੀਨਾਂ (ਹਲਕੀਆਂ ਤੋਂ ਭਾਰੀਆਂ) ਸੇਂਜੂ ਅਤੇ ਮਾਰੂ ਹਾਲਤਾਂ ਵਿੱਚ ਬਹੁਤ ਹੁੰਦਾ ਹੈ । ਇਸ ਦਾ ਬੂਟਾ ਸਿੱਧਾ ਵਧਣ ਵਾਲਾ ਅਤੇ ਨਰਮ ਹੁੰਦਾ ਹੈ । ਇਸ ਦੇ ਤਣੇ ਉੱਪਰ ਗੁਲਾਬੀ ਤੋਂ ਬੈਂਗਣੀ ਰੰਗ ਦੀਆਂ ਲੰਬੀਆਂ

ਧਾਰੀਆਂ ਹੁੰਦੀਆਂ ਹਨ ਅਤੇ ਤਣਾ ਗੋਲਾਈ ਵਿੱਚ ਨਹੀਂ ਹੁੰਦਾ । ਇਸ ਦਾ ਬੀਜ ਬਹੁਤ ਛੋਟਾ ਤੇ ਕਾਲੇ ਰੰਗ ਦਾ ਹੁੰਦਾ ਹੈ ਜੋ ਕਿ ਹਰੇ ਰੰਗ ਦੇ ਪਰਦੇ ਵਿੱਚ ਲਿਪਟਿਆ ਹੁੰਦਾ ਹੈ । ਇਸ ਦੀ ਬੀਜ ਬਨਾਉਣ ਦੀ ਸਮਰੱਥਾ ਬਹੁਤ ਜ਼ਿਆਦਾ ਹੁੰਦੀ ਹੈ, ਜਿਵੇਂ ਕਿ ਇੱਕ ਬੂਟਾ ਤਕਰੀਬਨ 30 ਤੋਂ 35 ਹਜ਼ਾਰ ਬੀਜ ਪੈਦਾ ਕਰਦਾ ਹੈ ।

5. **ਜੰਗਲੀ ਸੇਂਜੀ ਜਾਂ ਖੰਡੀ** : ਇਸ ਨਦੀਨ ਦੀ ਸਮੱਸਿਆ ਝੋਨੇ ਪਿੱਛੋਂ ਬੀਜੀ ਗਈ ਕਣਕ ਵਿੱਚ ਕਾਫ਼ੀ ਵਧ ਰਹੀ ਹੈ । ਇਸ ਨਦੀਨ ਦੀਆਂ ਦੋ ਕਿਸਮਾਂ ਹੁੰਦੀਆਂ ਹਨ । ਇੱਕ ਪੀਲੇ ਫੁੱਲਾਂ ਵਾਲੀ ਅਤੇ ਦੂਜੀ ਚਿੱਟੇ ਫੁੱਲਾਂ ਵਾਲੀ । ਇਸ ਦੇ ਬੂਟੇ ਦਾ ਤਣਾ ਸਖ਼ਤ ਅਤੇ ਸ਼ਾਖਾਵਾਂ ਵਾਲਾ ਹੁੰਦਾ ਹੈ । ਇਸ ਦੇ ਪੱਤੇ ਤਿੱਕੜੀ ਵਿੱਚ ਹੁੰਦੇ ਹਨ ਜੋ ਕਿ ਇੱਕ ਲੰਬੀ ਡੰਡੀ ਰਾਹੀਂ ਤਣੇ ਨਾਲ ਜੁੜੇ ਹੁੰਦੇ ਹਨ ।

6. **ਮੈਣਾ** : ਇਸ ਦਾ ਬੂਟਾ ਜ਼ਮੀਨ ਉੱਪਰ ਵਿਛਿਆ ਹੁੰਦਾ ਹੈ । ਇਸ ਦੇ ਪੱਤਿਆਂ ਦੀ ਬਣਤਰ ਸੇਂਜੀ ਦੇ ਪੱਤਿਆਂ ਵਾਂਗ ਹੁੰਦੀ ਹੈ ਪ੍ਰੰਤੂ ਇਹ ਮੋਟਾਈ ਵਿੱਚ ਹੁੰਦੇ ਹਨ । ਮੈਣੇ ਦਾ ਬੀਜ ਗੋਲ ਚੱਕਰ ਵਾਲੀ ਕੰਡਿਆਲੀ ਬਣਤਰ ਵਿੱਚ ਹੁੰਦਾ ਹੈ । ਇਹ ਨਦੀਨ ਕਾਫ਼ੀ ਸਖ਼ਤ ਹੁੰਦਾ ਹੈ ਅਤੇ ਕਿਸੇ ਇੱਕਲੀ ਦਵਾਈ ਦੀ ਵਰਤੋਂ ਨਾਲ ਘੱਟ ਹੀ ਮਰਦਾ ਹੈ।

7. **ਮੈਣੀ** : ਇਸ ਦਾ ਬੂਟਾ ਤਕਰੀਬਨ ਮੈਣੇ ਵਰਗਾ ਹੁੰਦਾ ਹੈ ਪ੍ਰੰਤੂ ਇਸ ਦੇ ਪੱਤੇ ਛੋਟੇ ਅਤੇ ਕਿੰਗਰਿਆਂ ਵਾਲੇ ਹੁੰਦੇ ਹਨ । ਇਸ ਦਾ ਬੀਜ ਮਟਰਾਂ ਵਰਗੀਆਂ ਫ਼ਲੀਆਂ ਵਿੱਚ ਹੁੰਦਾ ਹੈ । ਆਮ ਤੌਰ ਤੇ ਇਸ ਦੀ ਸੰਖਿਆ ਮੈਣੇ ਨਾਲੋਂ ਘੱਟ ਹੁੰਦੀ ਹੈ।

8. **ਤੱਕਲਾ ਜਾਂ ਘੁੰਗਰੂ** : ਇਹ ਨਦੀਨ ਦੋ ਕਿਸਮ ਦਾ ਹੁੰਦਾ ਹੈ । ਇੱਕ ਨੂੰ ਬੜਾ ਤੱਕਲਾ ਅਤੇ ਦੂਸਰੇ ਨੂੰ ਛੋਟਾ ਤੱਕਲਾ ਆਖਦੇ ਹਨ । ਪ੍ਰੰਤੂ ਫ਼ਸਲਾਂ ਵਿੱਚ ਛੋਟੇ ਤੱਕਲੇ ਦੀ ਸਮੱਸਿਆ ਜ਼ਿਆਦਾ ਹੁੰਦੀ ਹੈ । ਇਹ ਨਦੀਨ ਹਲਕੀਆਂ ਜ਼ਮੀਨਾਂ ਵਿੱਚ ਕਾਫ਼ੀ ਮਾਤਰਾ ਵਿੱਚ ਹੁੰਦਾ ਹੈ । ਇਸ ਦਾ ਬੂਟਾ ਤਕਰੀਬਨ ਇੱਕ ਫੁੱਟ ਲੰਬਾ, ਸਿੱਧਾ ਉੱਗਣ ਵਾਲਾ ਅਤੇ ਸ਼ਾਖਾਵਾਂ ਵਾਲਾ ਹੁੰਦਾ ਹੈ । ਇਸ ਦੇ ਬੀਜ ਛੋਟੇ ਅਤੇ ਕਾਲੇ ਰੰਗ ਦੇ ਹੁੰਦੇ ਹਨ ਜੋ ਕਿ ਬੀਨ ਵਰਗੀ ਬਣਤਰ ਦੇ ਵਿੱਚ ਹੁੰਦੇ ਹਨ ਅਤੇ ਬੂਟਾ ਪੱਕ ਜਾਣ ਤੋਂ ਬਾਅਦ ਛਣਕਣੇ ਵਾਂਗੂੰ ਛਣਕਦੇ ਹਨ । ਇਹ ਨਦੀਨ ਸਖ਼ਤ ਜ਼ਾਤੀ ਦਾ ਹੋਣ ਕਰਕੇ ਇੱਕ ਕਿਸਮ ਦੀ ਦਵਾਈ ਨਾਲ ਨਹੀਂ ਮਰਦਾ ।

9. **ਬਿੱਲੀ ਬੂਟੀ ਜਾਂ ਨੀਲੀ ਬੂਟੀ** : ਇਹ ਨਦੀਨ ਘੱਟ ਵਧਣ ਵਾਲਾ ਅਤੇ ਜ਼ਮੀਨ ਤੇ ਲੇਟਵਾਂ ਹੁੰਦਾ ਹੈ । ਇਸ ਦੇ ਫੁੱਲ ਨੀਲੇ ਰੰਗ ਦੇ ਹੁੰਦੇ ਹਨ । ਇਸ ਦੇ ਬੂਟੇ ਦਾ ਰੰਗ ਗੂੜ੍ਹਾ ਹਰਾ ਹੁੰਦਾ ਹੈ ਅਤੇ ਇਸ ਦੇ ਪੱਤੇ ਤਣੇ ਦੇ ਬਿਲਕੁਲ ਨਾਲ (ਬਿਨਾ ਡੰਡੀ ਤੋਂ) ਜੁੜੇ ਹੁੰਦੇ ਹਨ ।

10. **ਪਿੱਤ ਪਾਪੜਾ** : ਇਹ ਨਦੀਨ ਆਮ ਤੌਰ ਤੇ ਜ਼ਮੀਨ ਉੱਪਰ ਵਿਛਿਆ ਹੁੰਦਾ ਹੈ ਪ੍ਰੰਤੂ ਕਈ ਵਾਰੀ ਫ਼ਸਲਾਂ ਦਾ ਸਹਾਰਾ ਮਿਲਣ ਕਰਕੇ ਸਿੱਧਾ ਵਧ ਜਾਂਦਾ ਹੈ। ਇਸ ਦੇ ਫੁੱਲ ਛੋਟੇ ਅਤੇ ਜਾਮਨੀ ਰੰਗ ਦੇ ਹੁੰਦੇ ਹਨ । ਇਸ ਦੇ ਪੱਤਿਆਂ ਦੀ ਬਣਤਰ ਹੱਥਾਂ ਦੀਆਂ ਉਂਗਲਾਂ ਵਾਂਗ ਹੁੰਦੀ ਹੈ ।

11. **ਜੰਗਲੀ ਪਾਲਕ** : ਇਹ ਨਦੀਨ ਦੋ ਕਿਸਮਾਂ ਦਾ ਹੁੰਦਾ ਹੈ । ਜਿਵੇਂ ਕਿ ਬਿਨਾਂ ਕੰਡਿਆਂ ਤੋਂ ਅਤੇ ਕੰਡਿਆਂ ਵਾਲਾ । ਇਹ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ ਬੜੀ ਤੇਜ਼ੀ ਨਾਲ ਵਧ ਰਿਹਾ ਹੈ । ਇਸ ਦਾ ਪੱਤਾ ਕਾਫ਼ੀ ਚੌੜਾ ਅਤੇ ਮੁਲਾਇਮ ਹੁੰਦਾ ਹੈ। ਇਸ ਦਾ ਤਣਾ ਖ਼ਾਸ ਕਰਕੇ ਹੇਠਲਾ ਹਿੱਸਾ ਲਾਲ ਭਾਅ ਮਾਰਦਾ ਹੈ । ਇਸ ਨਦੀਨ ਦਾ ਬੂਟਾ ਸਬਜ਼ੀ ਵਾਲੀ ਪਾਲਕ ਨਾਲ ਕਾਫ਼ੀ ਮਿਲਦਾ-ਜੁਲਦਾ ਹੈ ।

12. **ਪਿਆਜ਼ੀ** : ਇਹ ਨਦੀਨ ਜ਼ਿਆਦਾਤਰ ਮਾਰੂ ਜ਼ਮੀਨਾਂ ਵਿਚ ਹੁੰਦਾ ਹੈ । ਇਹ ਨਦੀਨ ਆਮ ਤੋਰ ਤੇ ਛੋਲੇ ਅਤੇ ਬਰਾਨੀ ਕਣਕ ਵਿੱਚ ਹੁੰਦਾ ਹੈ । ਇਸ ਦਾ ਪੱਤਾ ਪਿਆਜ਼ ਵਾਗੂੰ ਵਿਚਕਾਰੋਂ ਖੋਖਲਾ ਹੁੰਦਾ ਹੈ ਅਤੇ ਬੂਟਾ ਸਿੱਧਾ ਵਧਦਾ ਹੈ । ਇਸ ਦੇ ਫੁੱਲ ਚਿੱਟੇ ਰੰਗ ਦੇ ਹੁੰਦੇ ਹਨ ।

13.**ਪੋਹਲੀ** : ਇਸ ਨਦੀਨ ਦੀ ਸੰਖਿਆ ਘਟ ਰਹੀ ਹੈ ਕਿਉਂਕਿ ਸਿੰਚਾਈ ਦੇ ਸਾਧਨ ਵਧ ਰਹੇ ਹਨ । ਇਸ ਦਾ ਬੂਟਾ ਹਲਕੇ ਪੀਲੇ ਰੰਗ ਦਾ ਤੇ ਕੰਡਿਆਂ ਵਾਲਾ ਹੁੰਦਾ ਹੈ। ਜੋ ਕਿ ਫ਼ਸਲ ਕੱਟਣ ਸਮੇਂ ਕਾਫ਼ੀ ਮੁਸ਼ਕਲ ਪੈਦਾ ਕਰਦਾ ਹੈ । ਇਸਦਾ ਤਣਾ ਬਹੁਤ ਸਖ਼ਤ ਹੁੰਦਾ ਹੈ ਅਤੇ ਉੱਪਰਲੇ ਹਿੱਸੇ ਤੋਂ ਸ਼ਾਖਾਵਾਂ ਜ਼ਿਆਦਾ ਨਿਕਲਦੀਆਂ ਹਨ। ਇਸ ਬੂਟੇ ਨੂੰ ਪੀਲੇ ਰੰਗ ਦੇ ਫੁੱਲ ਲੱਗਦੇ ਹਨ ਜੋ ਕਿ ਕਣਕ ਵੱਢਣ ਤੋਂ ਤਕਰੀਬਨ 2-3 ਹਫ਼ਤੇ ਬਾਅਦ ਬੀਜ ਪੈਦਾ ਕਰਦੇ ਹਨ । ਬੂਟਾ ਪੂਰਾ ਪੱਕਣ ਤੇ ਜ਼ਮੀਨ ਕੋਲੋਂ ਟੁੱਟ ਜਾਂਦਾ ਹੈ ਅਤੇ ਹਵਾ ਨਾਲ ਆਪਣੀ ਜਗ੍ਹਾ ਤੋਂ ਉੱਡ ਕੇ ਦੂਸਰੀ ਜਗ੍ਹਾ ਚਲਾ ਜਾਂਦਾ ਹੈ । ਇਸ ਨਾਲ ਇਸ ਦੇ ਬੀਜ ਕਾਫ਼ੀ ਮਾਤਰਾ ਵਿੱਚ ਕਿਰ ਜਾਂਦੇ ਹਨ।

14. **ਕਾਸ਼ਣੀ** : ਇਹ ਬਰਸੀਮ ਦਾ ਸਭ ਤੋਂ ਖ਼ਤਰਨਾਕ ਨਦੀਨ ਹੈ ਜੋ ਕਿ ਬਰਸੀਮ ਦੀ ਕੁਆਲਿਟੀ ਘਟਾਉਂਦਾ ਹੈ । ਇਸ ਦਾ ਬੂਟਾ ਪਾਲਕ ਨਾਲ ਮਿਲਦਾ-ਜੁਲਦਾ ਹੈ ਜੋ ਕਿ ਮੁੱਢਲੀਆਂ ਹਾਲਤਾਂ ਵਿੱਚ ਤਣੇ ਤੋਂ ਬਗ਼ੈਰ ਹੁੰਦਾ ਹੈ ਅਤੇ ਫ਼ਸਲ ਪੱਕਣ ਸਮੇਂ ਇਸ ਦਾ ਤਣਾ ਕਾਫ਼ੀ ਵੱਧ ਜਾਂਦਾ ਹੈ । ਇਸ ਨਦੀਨ ਦੇ ਬੀਜਾਂ ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਹੈ । ਬਰਸੀਮ ਦੇ ਬੀਜ ਨੂੰ ਪਾਣੀ ਵਿੱਚ ਭਿਉਣ ਨਾਲ ਕਾਸ਼ਣੀ ਦਾ ਬੀਜ ਜੋ ਕਿ ਹਲਕਾ ਹੁੰਦਾ ਹੈ, ਉੱਪਰ ਤੈਰ ਆਉਂਦਾ ਹੈ ਜਿਸ ਨੂੰ ਆਸਾਨੀ ਨਾਲ ਕੱਢਿਆ ਜਾ ਸਕਦਾ ਹੈ ।

15. **ਜੰਗਲੀ ਹਾਲੋਂ** : ਇਸ ਨਦੀਨ ਦੀ ਬੜੀ ਸਮੱਸਿਆ ਹਾੜ੍ਹੀ ਦੀਆਂ ਫ਼ਸਲਾਂ ਜਿਸ ਤਰ੍ਹਾਂ ਕਿ ਕਣਕ, ਬਰਸੀਮ, ਸਬਜ਼ੀਆਂ ਆਦਿ ਵਿੱਚ ਬਹੁਤ ਵਧ ਰਹੀ ਹੈ । ਇਹ ਨਦੀਨ ਸ਼ੁਰੂ ਵਿੱਚ ਜ਼ਮੀਨ ਤੇ ਲੇਟਵਾਂ ਹੁੰਦਾ ਹੈ ਪ੍ਰੰਤੂ ਬਾਅਦ ਵਿੱਚ ਸਿੱਧਾ ਵੱਧ ਜਾਂਦਾ ਹੈ । ਇਸ ਨਦੀਨ ਨੂੰ ਹੱਥਾਂ ਨਾਲ ਮਲਣ ਤੇ ਬਹੁਤ ਗੰਦੀ ਬਦਬੂ ਆਉਂਦੀ ਹੈ । ਜੇਕਰ ਇਹ ਨਦੀਨ ਬਰਸੀਮ ਨਾਲ ਡੰਗਰਾਂ, ਖਾਸ ਕਰਕੇ ਦੁਧਾਰੂ ਜਾਨਵਰਾਂ ਨੂੰ ਖੁਆਇਆ ਜਾਵੇ ਤਾਂ ਦੁੱਧ ਵਿੱਚੋਂ ਵੀ ਗੰਦੀ ਬਦਬੂ ਆਉਣ ਲੱਗ ਪੈਂਦੀ ਹੈ । ਇਸ ਨਾਲ ਦੁੱਧ ਅਤੇ ਦੁੱਧ ਤੋਂ ਬਣੇ ਹੋਰ ਪਦਾਰਥਾਂ ਦੀ ਕੁਆਲਿਟੀ ਘਟ ਜਾਂਦੀ ਹੈ । ਇਸ

ਨਦੀਨ ਦਾ ਰੰਗ ਗੂੜ੍ਹਾ ਹਰਾ ਹੁੰਦਾ ਹੈ ਅਤੇ ਇਸ ਦੇ ਪੱਤੇ ਗਾਜਰ ਦੇ ਪੱਤਿਆਂ ਵਾਂਗ ਚੀਰਵੇਂ ਹੁੰਦੇ ਹਨ। ਇਸ ਨਦੀਨ ਨੂੰ ਜੇਕਰ ਫ਼ਸਲ ਦਾ ਸਹਾਰਾ ਮਿਲ ਜਾਵੇ ਤਾਂ ਇਹ 3-4 ਫੁੱਟ ਤੱਕ ਉੱਚਾ ਵਧ ਸਕਦਾ ਹੈ। ਇਸ ਨਦੀਨ ਦੀ ਜੜ੍ਹ ਕਾਫ਼ੀ ਡੂੰਘੀ ਹੁੰਦੀ ਹੈ।

16. **ਮਟਰੀ** : ਇਹ ਨਦੀਨ ਝੋਨਾ-ਕਣਕ ਫ਼ਸਲੀ ਚੱਕਰ ਦਾ ਇੱਕ ਪ੍ਰਮੁੱਖ ਨਦੀਨ ਹੈ। ਇਸ ਨਦੀਨ ਦੇ ਪੱਤੇ ਹਰੇ ਮਟਰਾਂ ਦੀ ਫ਼ਸਲ ਵਰਗੇ ਹੁੰਦੇ ਹਨ ਪ੍ਰੰਤੂ ਉਨ੍ਹਾਂ ਦਾ ਆਕਾਰ ਛੋਟਾ ਹੁੰਦਾ ਹੈ। ਇਹ ਨਦੀਨ ਜ਼ਮੀਨ ਉੱਪਰ ਲੇਟਵਾਂ ਹੁੰਦਾ ਹੈ ਅਤੇ ਇਸ ਦੇ ਬੀਜ ਫ਼ਲੀ ਵਿੱਚ ਹੁੰਦੇ ਹਨ ਜੋ ਕਿ ਹਰੇ ਮਟਰਾਂ ਦੀ ਫ਼ਲੀ ਨਾਲੋਂ ਛੋਟੀ ਹੁੰਦੀ ਹੈ। ਕਣਕ ਕੱਟਣ ਤੋਂ ਪਹਿਲਾਂ ਫ਼ਲੀ ਫੁੱਟ ਕੇ ਇਸ ਦੇ ਬੀਜ ਜ਼ਮੀਨ ਤੇ ਖਿੱਲਰ ਜਾਂਦੇ ਹਨ।

17. **ਲੇਹ** : ਇਹ ਨਦੀਨ ਆਮ ਤੌਰ ਤੇ ਦਰਮਿਆਨੀਆਂ ਤੋਂ ਭਾਰੀਆਂ ਅਤੇ ਸਿੱਲੀਆਂ ਜ਼ਮੀਨਾਂ ਵਿੱਚ ਪਾਇਆ ਜਾਂਦਾ ਹੈ। ਇਹ ਕਣਕ ਦਾ ਬਹੁ-ਰੁੱਤਾ ਨਦੀਨ ਹੈ, ਜਿਸ ਦਾ ਵਾਧਾ ਸਰਦੀਆਂ ਵਿੱਚ ਜ਼ਿਆਦਾ ਹੁੰਦਾ ਹੈ। ਇਸ ਦਾ ਬੂਟਾ ਗਾੜ੍ਹੇ ਹਰੇ ਰੰਗ ਦਾ ਕੰਡਿਆ ਵਾਲਾ ਹੁੰਦਾ ਹੈ ਅਤੇ 2-3 ਫੁੱਟ ਤੱਕ ਵੱਧ ਜਾਂਦਾ ਹੈ। ਇਸ ਦੇ ਫੁੱਲ ਰੂੰ ਵਰਗੇ ਹਲਕੇ ਹੁੰਦੇ ਹਨ ਅਤੇ ਇਸ ਦੀਆਂ ਜੜ੍ਹਾਂ ਜ਼ਮੀਨ ਵਿੱਚ ਕਾਫ਼ੀ ਡੂੰਘੀਆਂ ਚਲੀਆਂ ਜਾਂਦੀਆਂ ਹਨ। ਜਿੰਨ੍ਹਾਂ ਖੇਤਾਂ ਵਿੱਚ ਲੇਹ ਹੁੰਦੀ ਹੈ, ਉਥੇ ਕਣਕ ਦੀ ਵਾਢੀ ਬਹੁਤ ਮੁਸ਼ਕਲ ਹੋ ਜਾਂਦੀ ਹੈ।

18. **ਲੇਹਲੀ ਜਾਂ ਹਿਰਨਖੁਰੀ ਜਾਂ ਬੱਕਰਵੇਲ** : ਇਹ ਵੀ ਕਣਕ ਦਾ ਬਹੁ ਰੁੱਤਾ ਨਦੀਨ ਹੈ। ਇਸ ਦਾ ਤਣਾ ਕਾਫ਼ੀ ਕਮਜ਼ੋਰ ਹੋਣ ਕਰਕੇ ਕਣਕ ਦੀ ਫ਼ਸਲ ਦਾ ਸਹਾਰਾ ਲੈ ਕੇ ਉਸ ਦੇ ਬੂਟਿਆਂ ਦੇ ਦੁਆਲੇ ਲਿਪਟ ਜਾਂਦਾ ਹੈ। ਇਸ ਦੇ ਫੁੱਲ ਚਿੱਟੇ ਅਤੇ ਗੁਲਾਬੀ ਰੰਗ ਦੇ ਹੁੰਦੇ ਹਨ। ਉਨ੍ਹਾਂ ਦੀ ਸ਼ਕਲ ਟੱਲੀ ਜਾਂ ਕੀਪ ਵਰਗੀ ਹੁੰਦੀ ਹੈ। ਇਸ ਨਦੀਨ ਦਾ ਬੀਜ ਤਕਰੀਬਨ ਕਣਕ ਦੇ ਬੀਜ ਦੇ ਆਕਾਰ ਦਾ ਹੁੰਦਾ ਹੈ, ਜਿਸ ਨੂੰ ਛਾਣ ਕੇ ਅਲੱਗ ਨਹੀਂ ਕੀਤਾ ਜਾ ਸਕਦਾ। ਲੇਹਲੀ ਦੀਆਂ ਜੜ੍ਹਾਂ ਤਕਰੀਬਨ 20-25 ਫੁੱਟ ਤੱਕ ਡੂੰਘੀਆਂ ਚਲੀਆਂ ਜਾਂਦੀਆਂ ਹਨ। ਇਸ ਦਾ ਬੂਟਾ ਕਣਕ ਦੁਆਲੇ ਲਿਪਟਿਆ ਹੋਣ ਕਰਕੇ ਕਟਾਈ ਦੀ ਰਫ਼ਤਾਰ ਨੂੰ ਬਹੁਤ ਮੱਧਮ ਕਰ ਦਿੰਦਾ ਹੈ।

19. **ਬਟਨ ਵੀਡ** : ਇਹ ਚੌੜੀ ਪੱਤੀ ਵਾਲਾ ਨਦੀਨ ਬਹੁਤ ਸਾਲ ਪਹਿਲਾਂ ਗੋਹੇ ਤੇ ਉੱਗਦਾ ਸੀ ਜੋ ਪਿਛਲੇ 4-5 ਸਾਲਾਂ ਦੇ ਅੰਦਰ ਹਾੜ੍ਹੀ ਦੀਆਂ ਫ਼ਸਲਾਂ ਖ਼ਾਸ ਕਰਕੇ ਕਣਕ ਦਾ ਸਮੱਸਿਆ ਜਨਕ ਨਦੀਨ ਬਣ ਰਿਹਾ ਹੈ। ਅੱਜਕੱਲ੍ਹ ਇਹ ਨਦੀਨ ਪਿੰਡ ਦੇ ਨਿਆਈਂ ਵਾਲੇ ਖੇਤਾਂ ਵਿੱਚ ਜਿੰਨ੍ਹਾਂ ਵਿੱਚ ਮੱਲੜ੍ਹ ਜ਼ਿਆਦਾ ਹੁੰਦਾ ਹੈ, ਉਨ੍ਹਾਂ ਵਿੱਚ ਵਧ ਰਿਹਾ ਹੈ। ਇਸ ਨਦੀਨ ਦਾ ਪੱਤਾ ਬਹੁਤ ਚੌੜਾ ਅਤੇ ਜ਼ਿਆਦਾ ਖੇਤਰਫ਼ਲ ਵਾਲਾ ਹੁੰਦਾ ਹੈ ਜੋ ਕਿ ਕਣਕ ਦੇ ਬੂਟਿਆਂ ਨੂੰ ਪੂਰੀ ਤਰ੍ਹਾਂ ਢੱਕ ਲੈਂਦਾ ਹੈ। ਇਸ ਦਾ

ਤਣਾ ਬਹੁਤ ਮਜ਼ਬੂਤ ਹੁੰਦਾ ਹੈ ਅਤੇ ਇਹ ਨਦੀਨ 4-5 ਫੁੱਟ ਤੱਕ ਵੱਧ ਜਾਂਦਾ ਹੈ । ਇਸ ਦੀਆਂ ਜੜ੍ਹਾਂ ਗਾਜਰ ਘਾਹ ਵਾਂਗ ਮਜ਼ਬੂਤ ਅਤੇ ਬਹੁਤ ਡੂੰਘਾਈ ਤੱਕ ਜਾਂਦੀਆਂ ਹਨ । ਇਸ ਦੇ ਫੁੱਲ ਹਲਕੇ ਗੁਲਾਬੀ ਰੰਗ ਦੇ ਹੁੰਦੇ ਹਨ ਅਤੇ ਇਸ ਦੇ ਬੀਜਾਂ ਦਾ ਸਮੂਹ ਬਟਨ ਦੇ ਆਕਾਰ ਦੀ ਸ਼ਕਲ ਬਣਾ ਲੈਂਦਾ ਹੈ । ਇਸ ਕਰਕੇ ਇਸ ਨਦੀਨ ਨੂੰ ਬਟਨ ਬੂਟੀ ਕਿਹਾ ਜਾਂਦਾ ਹੈ । ਇਹ ਨਦੀਨ ਕਣਕ ਨਾਲ ਖੁਰਾਕੀ ਤੱਤ ਅਤੇ ਪਾਣੀ ਵਾਸਤੇ ਬਹੁਤ ਜ਼ਿਆਦਾ ਮੁਕਾਬਲਾ ਕਰਦਾ ਹੈ ਅਤੇ ਇਸ ਨਦੀਨ ਕਾਰਨ ਕਣਕ ਦਾ 40-50 ਪ੍ਰਤੀਸ਼ਤ ਝਾੜ ਘੱਟ ਜਾਂਦਾ ਹੈ ।

## ਅ) ਸਾਉਣੀ ਦੇ ਨਦੀਨ

ਸਾਉਣੀ ਦੀਆਂ ਫ਼ਸਲਾਂ ਵਿੱਚ ਬਹੁਤ ਸਾਰੇ ਨਦੀਨ ਹੁੰਦੇ ਹਨ ਜਿਵੇਂ ਕਿ ਇੱਟਸਿੱਟ ਜਾਂ ਚੁਪੱਤੀ, ਮੱਕੜਾ, ਤੱਕੜੀ ਘਾਹ, ਅਰੈਕਨੀ ਘਾਹ, ਤਾਂਦਲਾ, ਚੁਲਾਈ, ਸਲਾਰਾ, ਚਿੜੀਆਂ ਦਾ ਦਾਣਾ, ਹੁਲ ਹੁਲ, ਬੜੀ ਸਵਾਂਕ, ਛੋਟੀ ਸਵਾਂਕ, ਕਣਕੀ, ਧਾਨ ਦੇ ਮੋਥੇ, ਛਣਕਨ ਮੋਲੀ, ਮਕੋਹ, ਚੂੜੀ ਸਲੋਟ, ਗੁੱਤ ਪੁੱਟਣਾ, ਦਰਿਆਈ ਬੂਟੀ, ਜੰਗਲੀ ਗੋਭੀ, ਪਤਾਸਾ ਬੇਲ, ਲੂਣਕ, ਵੇਲ, ਚਿੱਬੜ, ਭੰਗ, ਧਤੂਰਾ, ਪੁੱਠ ਕੰਡਾ, ਭੱਖੜਾ, ਦੋਧਕ, ਊਠਚਰਾ, ਕਾਂ ਮੱਕੀ, ਕੁੱਤਾ ਘਾਹ ਜਾਂ ਲੇਧੜਾ, ਧੋਲਫੁੱਲੀ, ਕਾਂਗਰਸ ਘਾਹ ਜਾਂ ਸਫੈਦ ਟੋਪੀ ਜਾਂ ਗਾਜਰ ਘਾਹ ਆਦਿ । ਇਨ੍ਹਾਂ ਤੋਂ ਇਲਾਵਾ ਬਹੁ-ਰੁੱਤੇ ਨਦੀਨ ਜਿਸ ਤਰ੍ਹਾਂ ਕਿ ਡੀਲ੍ਹਾ ਜਾਂ ਮੋਥਾ, ਬਰੂ, ਖੱਬਲ, ਕਾਹੀ, ਸੜਕ ਵਾਲੀ ਚੁਪੱਤੀ, ਦੱਭ, ਅੱਕ ਆਦਿ ਵੀ ਕਾਫ਼ੀ ਸਮੱਸਿਆਜਨਕ ਨਦੀਨ ਹਨ । ਇਨ੍ਹਾਂ ਵਿੱਚੋਂ ਜ਼ਿਆਦਾ ਨੁਕਸਾਨਦੇਹ ਨਦੀਨਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ :

1. **ਇੱਟਸਿੱਟ ਜਾਂ ਚੁਪੱਤੀ** : ਇਹ ਸਾਉਣੀ ਦੀਆਂ ਫ਼ਸਲਾਂ ਦਾ ਸਭ ਤੋਂ ਖ਼ਤਰਨਾਕ ਨਦੀਨ ਹੈ । ਇਹ ਨਦੀਨ ਝੋਨੇ ਤੋਂ ਇਲਾਵਾ ਬਾਕੀ ਸਾਰੀਆਂ ਸਾਉਣੀ ਦੀਆਂ ਫ਼ਸਲਾਂ ਵਿੱਚ ਹੁੰਦਾ ਹੈ । ਇਹ ਨਦੀਨ ਆਮ ਤੌਰ ਤੇ ਦਰਮਿਆਨੀਆਂ ਭਾਰੀਆਂ ਜ਼ਮੀਨਾਂ ਜਿਨ੍ਹਾਂ ਵਿੱਚ ਮੱਲ੍ਹੜ ਦੀ ਮਾਤਰਾ ਜ਼ਿਆਦਾ ਹੋਵੇ, ਹੁੰਦਾ ਹੈ । ਇਸ ਨਦੀਨ ਦੀ ਸਮੱਸਿਆ ਦਿਨ-ਬ-ਦਿਨ ਹੇਠਾਂ ਲਿਖੇ ਕਾਰਨਾਂ ਕਰਕੇ ਵੱਧ ਰਹੀ ਹੈ:

- ਇਸ ਦਾ ਬੂਟਾ ਬਹੁਤ ਛੇਤੀ ਹੀ ਬੀਜ ਬਣਾਉਣਾ ਸ਼ੁਰੂ ਕਰ ਦਿੰਦਾ ਹੈ । ਆਮ ਤੌਰ ਤੇ ਵੇਖਿਆ ਗਿਆ ਹੈ ਕਿ ਉੱਗਣ ਤੋਂ ਤਕਰੀਬਨ 15-20 ਦਿਨ ਬਾਅਦ ਹੀ ਫੁੱਲ ਆ ਜਾਂਦੇ ਹਨ ਤੇ ਬੀਜ ਬਣ ਜਾਂਦੇ ਹਨ । ਹੈਰਾਨੀ ਦੀ ਗੱਲ ਇਹ ਹੈ ਕਿ ਬੂਟੇ ਦੇ ਵੱਧਣ ਨਾਲ ਹੀ ਬੀਜ ਬਣਦੇ ਰਹਿੰਦੇ ਹਨ, ਜੋ ਕਿ ਦੂਸਰੇ ਨਦੀਨਾਂ ਵਿੱਚ ਵੇਖਣ ਵਿੱਚ ਨਹੀਂ ਆਉਂਦਾ ।
- ਇਹ ਨਦੀਨ ਇੱਕ ਹੀ ਫ਼ਸਲ ਵਿੱਚ ਕਈ ਲੌਆਂ ਵਿੱਚ ਉੱਗਦਾ ਹੈ । ਜਿਸ ਕਰਕੇ ਇਸ ਨੂੰ ਗੋਡੀ ਨਾਲ ਕਾਬੂ ਕਰਨਾ ਬਹੁਤ ਮੁਸ਼ਕਲ ਹੁੰਦਾ ਹੈ ।
- ਇਸ ਨਦੀਨ ਦੇ ਬੀਜ ਜਿਸ ਮੌਸਮ ਵਿੱਚ ਬਣਦੇ ਹਨ, ਉਸ ਮੌਸਮ ਵਿੱਚ ਹੀ ਉੱਗਣ ਦੀ ਸਮਰਥਾ ਰੱਖਦੇ ਹਨ । ਇਹ ਪ੍ਰਕਿਰਿਆ ਕਿਸੇ ਹੋਰ ਨਦੀਨ ਵਿੱਚ ਨਹੀਂ ਪਾਈ ਜਾਂਦੀ ।

- ਚੁਪੱਤੀ ਦੇ ਬੂਟੇ ਦੀ ਬੀਜ ਬਨਾਉਣ ਦੀ ਸ਼ਕਤੀ ਬਹੁਤ ਜ਼ਿਆਦਾ ਹੈ। ਇੱਕ ਬੂਟਾ ਤਕਰੀਬਨ 20,000 ਬੀਜ ਬਣਾ ਲੈਂਦਾ ਹੈ।

ਇਸ ਨਦੀਨ ਨੂੰ ਆਮ ਤੌਰ ਤੇ ਪਿੰਡਾਂ ਵਿੱਚ ਹਰੇ ਚਾਰੇ ਦੇ ਤੌਰ ਤੇ ਵਰਤਿਆ ਜਾਂਦਾ ਹੈ। ਇਸ ਨਦੀਨ ਦੇ ਬੀਜ ਜਾਨਵਰਾਂ ਦੇ ਮਿਹਦੇ ਵਿੱਚ ਵੀ ਨਹੀਂ ਮਰਦੇ ਅਤੇ ਗੋਹੇ ਰਾਹੀਂ ਰੂੜੀ ਦੇ ਢੇਰ ਵਿੱਚ ਇਕੱਠੇ ਹੋਈ ਜਾਂਦੇ ਹਨ। ਜਦੋਂ ਕੱਚੀ ਖਾਦ (ਬਿਨਾਂ ਗਲ਼ੀ ਤੋਂ) ਖੇਤਾਂ ਵਿੱਚ ਪਾਈ ਜਾਂਦੀ ਹੈ ਤਾਂ ਉੱਥੇ ਇਸ ਨਦੀਨ ਦਾ ਹਮਲਾ ਇੱਕ ਦਮ ਵੱਧ ਜਾਂਦਾ ਹੈ।

ਇਸ ਨਦੀਨ ਦਾ ਬੂਟਾ ਜ਼ਮੀਨ ਉੱਪਰ ਵਿਛਵਾਂ ਹੁੰਦਾ ਹੈ। ਇਸ ਦੇ ਪੱਤੇ ਕਾਫ਼ੀ ਮੋਟੇ ਅਤੇ ਨਰਮ ਹੁੰਦੇ ਹਨ। ਇਸ ਦੇ ਤਣਿਆਂ ਤੋਂ ਬੈਂਗਣੀ ਰੰਗ ਦੀ ਭਾਅ ਮਾਰਦੀ ਹੈ। ਚੁਪੱਤੀ ਦੇ ਬੀਜ ਕਾਲੇ ਰੰਗ ਦੇ ਹੁੰਦੇ ਹਨ ਜੋ ਕਿ 5-7 ਦੀ ਗਿਣਤੀ ਵਿੱਚ ਇੱਕ ਕੈਪਸੂਲ ਵਿੱਚ ਬੰਦ ਹੁੰਦੇ ਹਨ। ਇਹ ਕੈਪਸੂਲ ਪੱਤੇ ਜਾਂ ਟਾਹਣੀ ਦੀ ਜੜ੍ਹ ਵਿੱਚ ਹੁੰਦਾ ਹੈ। ਇਹ ਨਦੀਨ ਮਾਰਚ ਤੋਂ ਅਕਤੂਬਰ ਤੱਕ ਬੀਜੀਆਂ ਗਈਆਂ ਸਾਰੀਆਂ ਫ਼ਸਲਾਂ ਵਿੱਚ ਪਾਇਆ ਜਾਂਦਾ ਹੈ।

2. **ਵੱਡੀ ਸਵਾਂਕ** : ਇਹ ਝੋਨੇ ਦਾ ਇੱਕ ਨੰਬਰ ਦਰਜੇ ਦਾ ਨਦੀਨ ਹੈ। ਇਸ ਦੇ ਬੂਟੇ ਦਾ ਰੰਗ ਝੋਨੇ ਦੇ ਬੂਟੇ ਨਾਲੋਂ ਹਲਕਾ ਹੁੰਦਾ ਹੈ ਅਤੇ ਇਸ ਦਾ ਪੱਤਾ ਵੀ ਫ਼ਸਲ ਦੇ ਪੱਤਿਆਂ ਨਾਲੋਂ ਨਰਮ ਅਤੇ ਲੰਬਾ ਹੁੰਦਾ ਹੈ। ਇਹ ਨਦੀਨ ਕਾਫ਼ੀ ਬੂਝਾ ਮਾਰ ਲੈਂਦਾ ਹੈ ਤੇ ਇਸ ਦੇ ਬੀਜ ਬਹੁ-ਗਿਣਤੀ ਵਿੱਚ ਹੁੰਦੇ ਹਨ ਅਤੇ ਇੱਕ ਬੂਟਾ ਤਕਰੀਬਨ 2500-3000 ਬੀਜ ਬਣਾ ਲੈਂਦਾ ਹੈ। ਫ਼ਸਲ ਕੱਟਣ ਤੋਂ ਪਹਿਲਾਂ ਇਸ ਨਦੀਨ ਦੇ ਬੀਜ ਜ਼ਮੀਨ ਉੱਪਰ ਡਿੱਗ ਪੈਂਦੇ ਹਨ।

3. **ਛੋਟੀ ਸਵਾਂਕ** : ਇਹ ਆਮ ਕਰਕੇ ਝੋਨੇ ਦੀ ਪਨੀਰੀ ਦਾ ਸਮੱਸਿਆ ਜਨਕ ਨਦੀਨ ਹੈ। ਇਸ ਦਾ ਬੂਟਾ ਜ਼ਮੀਨ ਤੇ ਲੇਟਵਾਂ ਅਤੇ ਛੋਟੇ ਕੱਦ ਦਾ ਹੁੰਦਾ ਹੈ। ਇਸ ਨਦੀਨ ਦਾ ਤਣਾ ਬਹੁਤ ਸਖ਼ਤ ਅਤੇ ਗੰਢਾਂ ਵਾਲਾ ਹੁੰਦਾ ਹੈ। ਕਈ ਵਾਰੀ ਇਸ ਦੇ ਬੂਟੇ ਝੋਨੇ ਦੀ ਪਨੀਰੀ ਦੇ ਨਾਲ ਹੀ ਫ਼ਸਲ ਵਿੱਚ ਲੱਗ ਜਾਂਦੇ ਹਨ।

4. **ਝੋਨੇ ਦੇ ਮੋਥੇ** : ਝੋਨੇ ਦੀ ਫ਼ਸਲ ਵਿੱਚ ਕਈ ਕਿਸਮ ਦੇ ਮੋਥੇ ਹੁੰਦੇ ਹਨ ਜਿਵੇਂ ਕਿ ਛਤਰੀ ਵਾਲਾ ਮੋਥਾ, ਗੰਢਾਂ ਵਾਲਾ ਮੋਥਾ ਆਦਿ। ਇਹ ਇੱਕ ਰੁੱਤੇ ਨਦੀਨ ਹਨ ਅਤੇ ਸਿੱਧੇ ਵੱਧਦੇ ਹਨ। ਇਨ੍ਹਾਂ ਦੀ ਸਮੱਸਿਆ ਖਾਸ-ਖਾਸ ਥਾਵਾਂ ਤੇ ਹੀ ਹੁੰਦੀ ਹੈ।

5. **ਰਿੰਕਲ ਗਰਾਸ/ਕਣਕੀ** : ਇਹ ਝੋਨੇ ਦਾ ਨਵਾਂ ਵਧ ਰਿਹਾ ਨਦੀਨ ਹੈ। ਇਸ ਦੀ ਸਮੱਸਿਆ ਉਨ੍ਹਾਂ ਖੇਤਾਂ ਵਿੱਚ ਜ਼ਿਆਦਾ ਹੁੰਦੀ ਹੈ ਜਿੱਥੇ ਪਾਣੀ ਬਹੁਤੀ ਦੇਰ ਨਹੀਂ ਖੜ੍ਹਦਾ। ਇਸ ਦਾ ਬੂਟਾ ਵੱਡੀ ਸਵਾਂਕ ਵਰਗਾ ਹੁੰਦਾ ਹੈ। ਪ੍ਰੰਤੂ ਇਸ ਦੀਆਂ ਸ਼ਾਖਾਵਾਂ ਜ਼ਿਆਦਾ ਹੁੰਦੀਆਂ ਹਨ ਅਤੇ ਅਖ਼ੀਰ ਤੇ ਬੂਟੇ ਦਾ ਆਕਾਰ ਛਤਰੀ ਵਰਗਾ ਬਣ ਜਾਂਦਾ ਹੈ ਜੋ ਕਿ ਫ਼ਸਲ ਨੂੰ ਡੇਗ ਦਿੰਦਾ ਹੈ।

6. **ਮਧਾਣਾ ਅਤੇ ਮੱਕੜਾ** : ਮੱਕੜੇ ਦਾ ਬੂਟਾ ਸਿੱਧਾ ਵਧਣ ਵਾਲਾ ਹੁੰਦਾ ਹੈ । ਪ੍ਰੰਤੂ ਮਧਾਣੇ ਦਾ ਬੂਟਾ ਜ਼ਮੀਨ ਉੱਪਰ ਵਿਛਿਆ ਹੁੰਦਾ ਹੈ ਅਤੇ ਇਸ ਦੇ ਤਣੇ ਦੀਆਂ ਗੰਢਾਂ ਤੋਂ ਜੜ੍ਹਾਂ ਫੁੱਟਦੀਆਂ ਹਨ । ਇਨ੍ਹਾਂ ਨਦੀਨਾਂ ਦੇ ਫੁੱਲ ਮਧਾਣੀ ਦੀ ਸ਼ਕਲ ਵਰਗੇ ਹੁੰਦੇ ਹਨ । ਇਨ੍ਹਾਂ ਦੀਆਂ ਜੜ੍ਹਾਂ ਬਰੀਕ ਹੁੰਦੀਆਂ ਹਨ ਜੋ ਕਿ ਜ਼ਮੀਨ ਦੀ ਉੱਪਰਲੀ ਸਤਹਿ ਤੱਕ ਹੀ ਸੀਮਤ ਰਹਿੰਦੀਆਂ ਹਨ ।

7. **ਤੱਕੜੀ ਘਾਹ** : ਇਹ ਵੀ ਸਾਉਣੀ ਦੀਆਂ ਫ਼ਸਲਾਂ ਦਾ ਘਾਹ ਨਦੀਨ ਹੈ । ਇਸ ਦੀ ਸ਼ਕਲ ਮਧਾਣੇ ਤੇ ਮੱਕੜੇ ਨਾਲ ਮਿਲਦੀ ਹੈ । ਪ੍ਰੰਤੂ ਇਸ ਦੇ ਪੱਤੇ ਲੰਬੇ ਅਤੇ ਪਤਲੇ ਹੁੰਦੇ ਹਨ । ਇਸ ਦਾ ਫੁੱਲ ਤੱਕੜੀ ਦੀਆਂ ਤਣੀਆਂ ਵਾਂਗੂੰ ਹੁੰਦਾ ਹੈ । ਇਹ ਨਦੀਨ ਸਿੱਧਾ ਵਧਦਾ ਹੈ ਤੇ ਤਕਰੀਬਨ 1-2 ਫੁੱਟ ਤੱਕ ਚਲਾ ਜਾਂਦਾ ਹੈ ।

8. **ਚਿੜੀਆਂ ਦਾ ਦਾਣਾ** : ਪੰਜਾਬ ਸੂਬੇ ਵਿੱਚ ਇਸ ਦੀਆਂ ਦੋ ਕਿਸਮਾਂ ਹੁੰਦੀਆਂ ਹਨ । ਇੱਕ ਜ਼ਿਆਦਾ ਵਧਣ ਵਾਲੀ ਅਤੇ ਦੂਜੀ ਘੱਟ ਵਧਣ ਵਾਲੀ । ਇਹ ਨਦੀਨ ਖ਼ਾਸ ਕਰਕੇ ਵਧੀਆਂ ਹੋਈਆਂ ਫ਼ਸਲਾਂ ਦੇ ਪਰਛਾਵੇਂ ਹੇਠ ਜ਼ਿਆਦਾ ਪਾਇਆ ਜਾਂਦਾ ਹੈ । ਇਸ ਤੋਂ ਇਲਾਵਾ ਇਹ ਖੁੱਲ੍ਹੀਆਂ ਥਾਵਾਂ ਵਿੱਚ ਵੀ ਹੋ ਜਾਂਦਾ ਹੈ । ਇਸ ਦੇ ਬੂਟੇ ਦਾ ਤਣਾ ਸਖ਼ਤ ਅਤੇ ਗੰਢਾਂ ਵਾਲਾ ਹੁੰਦਾ ਹੈ । ਇਸ ਦਾ ਫੁੱਲ ਕਾਫ਼ੀ ਖਿੱਲਰਵਾਂ ਹੁੰਦਾ ਹੈ । ਇਸ ਦੇ ਬੂਟੇ ਨੂੰ ਬਾਰੀਕ ਬੀਜ ਲੱਗਦੇ ਹਨ ਜਿੰਨ੍ਹਾਂ ਨੂੰ ਚਿੜੀਆਂ ਬਹੁਤ ਖੁਸ਼ ਹੋ ਕੇ ਖਾਂਦੀਆਂ ਹਨ ।

9. **ਐਰੇਕਨੀ ਘਾਹ** : ਇਹ ਨਦੀਨ ਪਿਛਲੇ ਕੁਝ ਸਾਲਾਂ ਤੋਂ ਹੀ ਵੇਖਣ ਵਿੱਚ ਆਇਆ ਹੈ । ਇਹ ਵੀ ਸਿੱਧਾ ਵਧਣ ਵਾਲਾ ਨਦੀਨ ਹੈ ਅਤੇ ਕਾਫ਼ੀ ਵੱਡਾ ਬੂਝਾ ਮਾਰ ਲੈਂਦਾ ਹੈ । ਇਸ ਦੇ ਪੱਤਿਆਂ ਦਾ ਰੰਗ ਫਿੱਕਾ ਹਰਾ ਹੁੰਦਾ ਹੈ । ਇਹ ਆਮ ਕਰਕੇ ਮੱਕੀ ਵਾਲੇ ਖੇਤਾਂ ਵਿੱਚ ਪਾਇਆ ਜਾਂਦਾ ਹੈ ਕਿਉਂਕਿ ਮੱਕੀ ਵਿੱਚ ਵਰਤੀਆਂ ਜਾਣ ਵਾਲੀਆਂ ਦਵਾਈਆਂ ਜਿਵੇਂ ਕਿ ਐਟਰਾਜ਼ੀਨ ਜਾਂ ਸਿਮਾਜ਼ੀਨ ਨੂੰ ਸਹਾਰ ਲੈਂਦਾ ਹੈ ।

10. **ਭੱਖੜਾ** : ਇਹ ਨਦੀਨ ਆਮ ਕਰਕੇ ਹਲਕੀਆਂ ਜ਼ਮੀਨਾਂ ਵਿੱਚ ਬੀਜੀਆਂ ਗਈਆਂ ਫ਼ਸਲਾਂ ਅਤੇ ਖ਼ਾਲੀ ਜ਼ਮੀਨਾਂ ਵਿੱਚ ਪਾਇਆ ਜਾਂਦਾ ਹੈ । ਇਸ ਦਾ ਬੂਟਾ ਜ਼ਮੀਨ ਉੱਤੇ ਵਿਛਿਆ ਹੁੰਦਾ ਹੈ ਅਤੇ ਇਸ ਦੀਆਂ ਸ਼ਾਖਾਵਾਂ ਕਾਫ਼ੀ ਲੰਬੀਆਂ ਹੋ ਜਾਂਦੀਆਂ ਹਨ । ਇਸ ਦਾ ਤਣਾ ਗੋਲ ਹੁੰਦਾ ਹੈ ਅਤੇ ਉੱਪਰ ਛੋਟੇ-ਛੋਟੇ ਵਾਲ ਹੁੰਦੇ ਹਨ । ਇਸ ਦੇ ਪੱਤੇ ਚੀਰਵੇਂ ਅਤੇ ਇੱਕ ਦੂਜੇ ਦੇ ਉੱਲਟ ਹੁੰਦੇ ਹਨ । ਇਸ ਬੂਟੇ ਦਾ ਚਾਰ ਤਿੱਖੇ ਕੰਢਿਆਂ ਵਾਲਾ ਫ਼ਲ ਹੁੰਦਾ ਹੈ । ਇਸ ਦੇ ਅੰਦਰ ਬੀਜ ਹੁੰਦੇ ਹਨ । ਇਹ ਨਦੀਨ ਖੁਸ਼ਕ ਇਲਾਕਿਆਂ ਵਿੱਚ ਬਹੁਤ ਜ਼ਿਆਦਾ ਹੁੰਦਾ ਹੈ ।

11. **ਤਾਂਦਲਾ** : ਇਸ ਦਾ ਬੂਟਾ 1-2 ਫੁੱਟ ਤੱਕ ਉੱਚਾ ਵੱਧਦਾ ਹੈ । ਇਸ ਦੀਆਂ ਸ਼ਾਖਾਵਾਂ ਕਾਫ਼ੀ ਹੁੰਦੀਆਂ ਹਨ । ਇਸ ਦਾ ਫੁੱਲ ਛੋਟਾ ਅਤੇ ਗੁਲਾਬੀ ਤੇ ਲਾਲ ਰੰਗ ਦਾ ਹੁੰਦਾ ਹੈ ।

12. **ਚੁਲਾਈ** : ਇਸ ਦੀਆਂ ਸ਼ਾਖਾਵਾਂ ਕਾਫ਼ੀ ਨਿਕਲਦੀਆਂ ਹਨ । ਇਸ ਦਾ ਤਣਾ ਗੋਲ ਨਹੀਂ ਹੁੰਦਾ ਜਿਸ ਉੱਪਰ ਬੈਂਗਣੀ ਜਿਹੀਆਂ ਧਾਰੀਆਂ ਹੁੰਦੀਆਂ ਹਨ । ਇਸ ਦੇ ਬੂਟੇ ਦਾ ਰੰਗ ਗੂੜ੍ਹਾ ਹਰਾ ਹੁੰਦਾ ਹੈ । ਇਸ ਬੂਟੇ ਦੇ ਕਾਲੇ ਰੰਗ ਦੇ ਬੀਜ ਹੁੰਦੇ ਹਨ ਜਿਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਹੈ ।

13. **ਦੋਧਕ** : ਇਹ ਨਦੀਨ ਫ਼ਸਲਾਂ ਵਿੱਚ ਘੱਟ ਹੁੰਦਾ ਹੈ ਪ੍ਰੰਤੂ ਖੇਡ ਦੇ ਮੈਦਾਨਾਂ ਵਿੱਚ ਇਸ ਦੀ ਕਾਫ਼ੀ ਸਮੱਸਿਆ ਹੈ । ਦੋਧਕ ਦੋ ਕਿਸਮ ਦੀ ਹੁੰਦੀ ਹੈ, ਵੱਡੀ ਅਤੇ ਛੋਟੀ ਦੋਧਕ । ਇਸ ਦੇ ਬੂਟਿਆਂ ਨੂੰ ਤੋੜਨ ਤੇ ਦੁੱਧ ਜਿਹਾ ਨਿਕਲਦਾ ਹੈ । ਵੱਡੀ ਦੋਧਕ 1-1.5 ਫੁੱਟ ਵੱਧ ਜਾਦੀ ਹੈ ਅਤੇ ਇਸ ਦੇ ਤਣੇ ਉੱਪਰ ਵਾਲ ਹੁੰਦੇ ਹਨ । ਇਸ ਦੇ ਪੱਤਿਆਂ ਦੇ ਉੱਪਰਲੇ ਪਾਸੇ ਦਾ ਰੰਗ ਗੂੜ੍ਹਾ ਹਰਾ ਅਤੇ ਥੱਲੇ ਵਾਲੇ ਪਾਸੇ ਦਾ ਫਿੱਕਾ ਹਰਾ ਹੁੰਦਾ ਹੈ । ਇਸ ਦੇ ਬੀਜ ਭੂਰੇ ਹਰੇ ਰੰਗ ਦੇ ਹੁੰਦੇ ਹਨ ਜੋ ਕਿ ਇੱਕ ਸਮੂਹ ਵਿੱਚ ਪੱਤੇ ਜਾ ਟਾਹਣੀ ਦੀ ਜੜ੍ਹ ਵਿੱਚੋਂ ਨਿਕਲਦੇ ਹਨ । ਛੋਟੀ ਦੋਧਕ ਦਾ ਬੂਟਾ ਜ਼ਮੀਨ ਉੱਪਰ ਲੇਟਵਾਂ ਹੁੰਦਾ ਹੈ । ਇਸ ਦੇ ਪੱਤੇ ਲੂਣਕ ਵਰਗੇ ਛੋਟੇ-ਛੋਟੇ ਹੁੰਦੇ ਹਨ ।

14. **ਸਲਾਰਾ** : ਇਹ ਨਦੀਨ ਹਲਕੀਆਂ ਜ਼ਮੀਨਾਂ ਵਿੱਚ ਬੀਜੀਆਂ ਗਈਆਂ ਫ਼ਸਲਾਂ ਜਿਵੇਂ ਕਿ ਮੂੰਗਫ਼ਲੀ, ਗੁਆਰਾ, ਬਾਜਰਾ ਆਦਿ ਵਿੱਚ ਹੁੰਦਾ ਹੈ । ਇਸ ਦੇ ਬੂਟੇ 4-5 ਫੁੱਟ ਤੱਕ ਵੱਧ ਜਾਂਦੇ ਹਨ । ਇਸ ਦੇ ਪੱਤੇ ਕਾਫ਼ੀ ਚੌੜੇ ਅਤੇ ਫੁੱਲ ਦੁੱਧ ਵਰਗਾ ਚਿੱਟਾ ਹੁੰਦਾ ਹੈ ਜੋ ਕਿ ਵੇਖਣ ਨੂੰ ਸੋਹਣਾ ਲੱਗਦਾ ਹੈ । ਇਸ ਨਦੀਨ ਦੇ ਬੀਜ ਕਾਲੇ ਰੰਗ ਦੇ ਹੁੰਦੇ ਹਨ ਜੋ ਕਿ ਸਰ੍ਹੋਂ ਨਾਲ ਮਿਲਦੇ-ਜੁਲਦੇ ਹੁੰਦੇ ਹਨ ।

15. **ਚਿੱਬੜ** : ਇਹ ਨਦੀਨ ਵੀ ਰੇਤਲੀਆਂ ਜ਼ਮੀਨਾਂ ਵਿੱਚ ਵੇਲ ਵਾਂਗੂੰ ਜ਼ਮੀਨ ਉੱਪਰ ਵਿਛਿਆ ਹੁੰਦਾ ਹੈ । ਇਸ ਦੇ ਤਣੇ ਉੱਪਰ ਵਾਲ ਹੁੰਦੇ ਹਨ ਅਤੇ ਪੱਤੇ ਕਾਫ਼ੀ ਗੂੜ੍ਹੇ ਖ਼ਰਬੂਜਿਆਂ ਦੀ ਵੇਲ ਵਰਗੇ ਹੁੰਦੇ ਹਨ । ਇਸ ਦਾ ਫ਼ਲ ਆਂਡੇ ਦੀ ਸ਼ਕਲ ਵਰਗਾ ਹੁੰਦਾ ਹੈ ਜਿਸ ਉੱਪਰ ਧਾਰੀਆਂ ਹੁੰਦੀਆਂ ਹਨ । ਇਸ ਦੇ ਫ਼ਲਾਂ ਨੂੰ ਬੱਚੇ ਬਹੁਤ ਸ਼ੌਕ ਨਾਲ ਖਾਂਦੇ ਹਨ ।

16. **ਧੌਲਫੁੱਲੀ** (ਸਟਰਾਈਗਾ) : ਇਹ ਗੰਨੇ ਦਾ ਰਸ ਚੂਸਣ ਵਾਲਾ ਨਦੀਨ ਹੈ। ਇਸ ਨਦੀਨ ਨੂੰ 1982-83 ਵਿਖੇ ਮੋਰਿੰਡਾ ਮਿੱਲ ਏਰੀਏ ਵਿੱਚ ਵੇਖਿਆ ਗਿਆ ਸੀ । ਇਸ ਦਾ ਬੂਟਾ ਕਮਾਦ ਦੀ ਜੜ੍ਹ ਵਿੱਚ ਉੱਗਦਾ ਹੈ ਅਤੇ ਇਸ ਦੀਆਂ ਜੜ੍ਹਾਂ ਕਮਾਦ ਦੀਆਂ ਜੜ੍ਹਾਂ ਨਾਲ ਸੰਪਰਕ ਪੈਦਾ ਕਰਦੀਆਂ ਹਨ । ਇਸ ਨਦੀਨ ਦੇ ਛੋਟੇ ਅਤੇ ਚਿੱਟੇ ਰੰਗ ਦੇ ਫੁੱਲ ਆਉਂਦੇ ਹਨ । ਇਹ ਨਦੀਨ ਬਰਸਾਤਾਂ ਦੇ ਸ਼ੁਰੂ ਹੋਣ ਨਾਲ ਉੱਗਦਾ ਹੈ । ਇਹ ਨਦੀਨ ਵਧੇ ਹੋਏ ਗੰਨੇ ਦਾ ਰਸ ਚੂਸਦਾ ਹੈ, ਇਸ ਦਾ ਕੱਦ ਬਿਲਕੁਲ ਘਟਾ ਦਿੰਦਾ ਹੈ ਅਤੇ ਗੰਨੇ ਦੀਆਂ ਪੋਰੀਆਂ ਸੁੰਗੜ ਜਾਂਦੀਆਂ ਹਨ । ਜਿਸ ਖੇਤ ਵਿੱਚ ਇਹ ਨਦੀਨ ਹੋਵੇ ਉਸ ਫ਼ਸਲ ਦਾ ਮੋਢਾ ਵੀ ਨਹੀਂ ਰਹਿੰਦਾ ।

17. **ਡੀਲ੍ਹਾ ਜਾਂ ਮੋਥਾ** : ਇਹ ਸਾਉਣੀ ਦੀਆਂ ਫ਼ਸਲਾਂ ਦਾ ਬਹੁ-ਰੁੱਤਾ ਨਦੀਨ ਹੈ । ਇਸ ਦਾ ਵਾਧਾ ਗੰਢੀਆਂ ਰਾਹੀਂ ਹੁੰਦਾ ਹੈ ਜਿਨ੍ਹਾਂ ਦੀ ਸ਼ਕਲ ਆਂਡੇ ਵਰਗੀ ਹੁੰਦੀ ਹੈ । ਇਹ ਗੰਢੀਆਂ ਜ਼ਮੀਨ ਵਿੱਚ ਬਹੁਤ ਡੂੰਘੀਆਂ ਹੁੰਦੀਆਂ ਹਨ ਜੋ ਕਿ ਬੂਟੇ ਦੀ ਖ਼ੁਰਾਕ ਦੇ ਭੰਡਾਰ ਹਨ । ਇਹ ਹੀ ਕਾਰਨ ਹੈ ਕਿ ਬੂਟਾ ਗੋਡੀ ਤੋਂ ਬਾਅਦ ਫਿਰ

ਦੁਬਾਰਾ ਫੁੱਟ ਪੈਂਦਾ ਹੈ । ਇਸ ਬੂਟੇ ਦਾ ਰੰਗ ਫਿੱਕਾ ਹਰਾ ਹੁੰਦਾ ਹੈ । ਇਸ ਦੇ ਪੱਤੇ ਧਾਰੀਆਂ ਵਾਲੇ ਅਤੇ ਚਮਕੀਲੇ ਹੁੰਦੇ ਹਨ । ਇਸ ਖ਼ਤਰਨਾਕ ਨਦੀਨ ਤੋਂ ਛੁਟਕਾਰਾ ਪਾਉਣ ਲਈ ਮਈ-ਜੂਨ ਦੇ ਮਹੀਨੇ ਵਿੱਚ ਖੇਤ ਨੂੰ ਕਈ ਵਾਰੀ ਵਾਹ ਕੇ ਖੁੱਲ੍ਹਾ ਛੱਡ ਦੇਣਾ ਚਾਹੀਦਾ ਹੈ ਤਾਂ ਕਿ ਇਸ ਦੀਆਂ ਗੰਢੀਆਂ ਧੁੱਪ ਨਾਲ ਮਰ ਜਾਣ ।

18. **ਬਰੂ** : ਇਹ ਕਾਫ਼ੀ ਉੱਚਾ ਵੱਧਣ ਵਾਲਾ ਸਾਉਣੀ ਦਾ ਬਹੁ-ਰੁੱਤਾ ਨਦੀਨ ਹੈ । ਇਹ ਜ਼ਿਆਦਾਤਰ ਕਮਾਦ, ਜਵਾਰ ਆਦਿ ਵਿੱਚ ਹੁੰਦਾ ਹੈ । ਇਹ ਨਦੀਨ ਖ਼ਾਸ ਕਰਕੇ ਜਦੋਂ ਮਈ-ਜੂਨ ਦੇ ਮਹੀਨੇ ਵਿੱਚ ਡੰਗਰਾਂ ਨੂੰ ਪਾਇਆ ਜਾਂਦਾ ਹੈ ਤਾਂ ਉਨ੍ਹਾਂ ਨੂੰ ਅਫਾਰੇ ਦਾ ਰੋਗ ਹੋ ਜਾਂਦਾ ਹੈ ਕਿਉਂਕਿ ਇਸ ਵਿੱਚ ਜ਼ਹਿਰੀ ਮਾਦਾ (ਹਾਈਡਰੋਸਾਇਨਿਕ ਐਸਿਡ) ਹੁੰਦਾ ਹੈ । ਬਰਸਾਤਾਂ ਸ਼ੁਰੂ ਹੋਣ ਤੋਂ ਬਾਅਦ ਜ਼ਹਿਰੀਲੇ ਮਾਦੇ ਦੀ ਮਾਤਰਾ ਘਟਣੀ ਸ਼ੁਰੂ ਹੋ ਜਾਂਦੀ ਹੈ ਜੋ ਕਿ ਪਸ਼ੂਆਂ ਨੂੰ ਨੁਕਸਾਨਦੇਹ ਨਹੀਂ ਹੁੰਦੀ । ਇਸ ਬੂਟੇ ਦਾ ਵਾਧਾ ਜੜ੍ਹਾਂ ਰਾਹੀਂ ਹੁੰਦਾ ਹੈ ਜੋ ਕਿ ਮੋਟੀਆਂ ਅਤੇ ਗੰਢਾਂ ਵਾਲੀਆਂ (ਗੰਨੇ ਵਾਂਗੂੰ) ਹੁੰਦੀਆਂ ਹਨ । ਹਰੇਕ ਗੰਢ ਤੇ ਇਕ ਅੱਖ ਹੁੰਦੀ ਹੈ ਜਿਹੜੀ ਕਿ ਇੱਕ ਨਵਾਂ ਬੂਟਾ ਪੈਦਾ ਕਰਨ ਦੀ ਸਮਰਥਾ ਰੱਖਦੀ ਹੈ । ਇਸ ਬੂਟੇ ਦਾ ਤਣਾ ਜਵਾਰ ਵਰਗਾ ਮੋਟਾ ਅਤੇ ਸਖ਼ਤ ਹੁੰਦਾ ਹੈ ਜੋ ਕਿ ਵਧ ਕੇ 8-10 ਫੁੱਟ ਤੱਕ ਚਲਾ ਜਾਂਦਾ ਹੈ । ਇਸ ਦਾ ਪੱਤਾ ਆਸੇ-ਪਾਸੇ ਤੋਂ ਕਾਫ਼ੀ ਤਿੱਖਾ ਹੁੰਦਾ ਹੈ ।

19. **ਖੱਬਲ ਘਾਹ** : ਇਹ ਜ਼ਮੀਨ ਉੱਪਰ ਲੇਟਵਾਂ ਸਾਉਣੀ ਦਾ ਬਹੁ-ਰੁੱਤਾ ਨਦੀਨ ਹੈ । ਇਸ ਦਾ ਤਣਾ ਗੋਲ ਅਤੇ ਗੰਢਾਂ ਵਾਲਾ ਹੁੰਦਾ ਹੈ । ਹਰੇਕ ਗੰਢ ਤੋਂ ਜੜ੍ਹਾਂ ਫੁੱਟਦੀਆਂ ਹਨ । ਇਸ ਦਾ ਵਾਧਾ ਤਣੇ ਰਾਹੀਂ ਹੁੰਦਾ ਹੈ । ਇਸ ਦੇ ਪੱਤੇ ਗੂੜ੍ਹੇ ਹਰੇ ਰੰਗ ਦੇ ਅਤੇ ਤਿੱਖੇ ਹੁੰਦੇ ਹਨ । ਇਸ ਦਾ ਫੁੱਲ ਮਧਾਣੀ ਦੀ ਸ਼ਕਲ ਵਰਗਾ ਹੁੰਦਾ ਹੈ। ਖੱਬਲ ਦੀਆਂ ਜੜ੍ਹਾਂ ਜ਼ਿਆਦਾ ਡੂੰਘੀਆਂ ਨਹੀਂ ਹੁੰਦੀਆਂ ਬਲਕਿ ਜ਼ਮੀਨ ਦੀ ਉੱਪਰਲੀ ਸਤਹਿ ਤੱਕ ਹੀ ਸੀਮਿਤ ਰਹਿੰਦੀਆਂ ਹਨ ।

20. **ਕਾਹੀ** : ਇਹ ਰੇਤਲੀਆਂ ਬਰਾਨੀ ਜ਼ਮੀਨਾਂ ਵਿੱਚ ਉੱਗਣ ਵਾਲਾ ਬਹੁ-ਰੁੱਤਾ ਨਦੀਨ ਹੈ ਜਿਸ ਨੂੰ ਬਹੁਤ ਘੱਟ ਪਾਣੀ ਦੀ ਜ਼ਰੂਰਤ ਹੈ । ਇਸ ਦੇ ਬੂਟੇ ਦੀਆਂ ਜੜ੍ਹਾਂ ਬਰੂ ਦੀਆਂ ਜੜ੍ਹਾਂ ਨਾਲ ਮਿਲਦੀਆਂ ਹਨ ਪ੍ਰੰਤੂ ਇਨ੍ਹਾਂ ਦੀ ਮੋਟਾਈ ਘੱਟ ਹੁੰਦੀ ਹੈ । ਇਸ ਨਦੀਨ ਦੇ ਪੱਤੇ ਮੋਟੇ ਅਤੇ ਤਿੱਖੇ ਹੁੰਦੇ ਹਨ । ਇਸ ਦਾ ਤਣਾ ਬਹੁਤ ਸਖ਼ਤ ਅਤੇ ਗੰਢਾਂ ਵਾਲਾ ਹੁੰਦਾ ਹੈ । ਇਸ ਨਦੀਨ ਦਾ ਫੁੱਲ ਲੰਬਾ ਅਤੇ ਦੁੱਧ ਵਰਗਾ ਚਿੱਟਾ ਹੁੰਦਾ ਹੈ ਜੋ ਕਿ ਵੇਖਣ ਨੂੰ ਸੋਹਣਾ ਲੱਗਦਾ ਹੈ ।

21. **ਦੱਭ** : ਇਹ ਨਦੀਨ ਬੇਟ ਦੀਆਂ ਉਨ੍ਹਾਂ ਜ਼ਮੀਨਾਂ ਵਿੱਚ ਹੁੰਦਾ ਹੈ, ਜਿੱਥੇ ਪਾਣੀ ਖੜ੍ਹਾ ਰਹਿੰਦਾ ਹੈ । ਇਹ ਨਦੀਨ ਵੀ ਕਾਫ਼ੀ ਉੱਚਾ (8-10 ਫੁੱਟ) ਵਧਣ ਵਾਲਾ, ਗੂੜ੍ਹੇ ਹਰੇ ਰੰਗ ਦਾ ਹੁੰਦਾ ਹੈ । ਇਸ ਦੇ ਪੱਤੇ ਬਹੁਤ ਲੰਬੇ ਹੁੰਦੇ ਹਨ ਜਿੰਨ੍ਹਾਂ ਦੀਆਂ ਬੇੜਾਂ (ਰੱਸੀਆਂ) ਬਣਾਈਆਂ ਜਾਂਦੀਆਂ ਹਨ ਜੋ ਕਿ ਕਣਕ ਦੀਆਂ ਭਰੀਆਂ ਬੰਨ੍ਹਣ ਲਈ ਵਰਤੀਆਂ ਜਾਦੀਆਂ ਹਨ । ਇਸ ਦੇ ਪੱਤਿਆਂ ਤੋਂ ਮੂੜ੍ਹੇ ਅਤੇ ਚਟਾਈਆਂ ਬਣਦੀਆਂ ਹਨ ।

22. **ਗਾਜਰ ਘਾਹ ਜਾਂ ਕਾਂਗਰਸ ਗਰਾਸ ਜਾਂ ਸਫ਼ੈਦ ਟੋਪੀ** : ਇਹ ਨਦੀਨ ਸੜਕਾਂ ਦੇ ਕਿਨਾਰੇ, ਘਰਾਂ ਦੁਆਲੇ ਅਤੇ ਹੋਰ ਖ਼ਾਲੀ ਪਈਆਂ ਜ਼ਮੀਨਾਂ ਵਿੱਚ ਬਹੁਤ ਜ਼ਿਆਦਾ ਹੁੰਦਾ ਹੈ। ਇਸ ਦੇ ਪੱਤੇ ਗਾਜਰ ਦੇ ਪੱਤਿਆਂ ਨਾਲ ਮਿਲਦੇ ਹਨ ਅਤੇ ਇਸ ਨੂੰ ਚਿੱਟੇ ਰੰਗ ਦੇ ਫੁੱਲ ਲੱਗਦੇ ਹਨ। ਇਹ ਨਦੀਨ ਵਧ ਕੇ 3-4 ਫੁੱਟ ਦੀ ਉਚਾਈ ਤਕ ਚਲਾ ਜਾਂਦਾ ਹੈ। ਇਹ ਨਦੀਨ ਸਾਲ ਵਿੱਚ ਕਈ ਵਾਰੀ ਉੱਗਦਾ ਹੈ। ਇਸ ਨਦੀਨ ਦੇ ਨਾਲ ਕਈ ਭਿਆਨਕ ਬੀਮਾਰੀਆਂ ਜਿਵੇਂ ਕਿ ਚਮੜੀ ਦੇ ਰੋਗ, ਦਮਾ ਅਤੇ ਅਲਰਜ਼ੀ ਆਦਿ ਹੋ ਜਾਂਦੇ ਹਨ। ਇਸ ਕਰਕੇ ਆਮ ਲੋਕਾਂ ਨੂੰ ਚੌਕਸ ਰਹਿਣਾ ਚਾਹੀਦਾ ਹੈ ਕਿ ਉਹ ਆਪਣੇ ਚੌਗਿਰਦੇ ਨੂੰ ਇਸ ਬੂਟੇ ਤੋਂ ਰਹਿਤ ਰੱਖਣ।

23. **ਘਰਿੱਲਾ** : ਇਹ ਝੋਨੇ ਦਾ ਨਵਾਂ ਉੱਭਰਦਾ ਨਦੀਨ ਹੈ। ਇਹ ਨਦੀਨ ਸਭ ਤੋਂ ਪਹਿਲਾਂ ਉਨ੍ਹਾਂ ਖੇਤਾਂ ਵਿੱਚ ਵੇਖਿਆ ਗਿਆ ਜਿੱਥੇ ਝੋਨੇ ਨੂੰ ਨਹਿਰ ਦਾ ਪਾਣੀ ਲੱਗਦਾ ਸੀ। ਇਹ ਨਦੀਨ ਪਿਛਲੇ ਕਈ ਸਾਲਾਂ ਤੋਂ ਬਹੁਤ ਵੱਧ ਗਿਆ ਹੈ ਅਤੇ ਹੁਣ ਪੰਜਾਬ ਦੇ ਤਕਰੀਬਨ ਸਾਰੇ ਜ਼ਿਲ੍ਹਿਆਂ ਵਿੱਚ ਹੋਣ ਲੱਗ ਪਿਆ ਹੈ। ਜਿੰਨ੍ਹਾਂ ਖੇਤਾਂ ਵਿੱਚ ਕੱਦੂ ਕਰਨ ਤੋਂ ਬਾਅਦ ਪਾਣੀ ਘੱਟ ਖਲੋਂਦਾ ਹੈ ਜਾਂ ਬਿਲਕੁਲ ਨਹੀਂ ਖਲੋਂਦਾ, ਉਨ੍ਹਾਂ ਖੇਤਾਂ ਵਿੱਚ ਇਸ ਦੀ ਸਮੱਸਿਆ ਜ਼ਿਆਦਾ ਵਧ ਰਹੀ ਹੈ। ਇਹ ਚੌੜੀ ਪੱਤੀ ਵਾਲਾ ਨਦੀਨ ਕਈ ਲੌਆਂ ਵਿੱਚ ਉੱਗਦਾ ਹੈ ਅਤੇ ਇਸ ਦਾ ਮੁੱਢਲਾ ਵਾਧਾ ਬਹੁਤ ਤੇਜ਼ੀ ਨਾਲ ਹੁੰਦਾ ਹੈ ਜੋ ਕਿ ਝੋਨੇ ਦੀ ਫ਼ਸਲ ਦੇ ਉੱਪਰ ਦੀ ਹੋ ਜਾਂਦਾ ਹੈ। ਇਹ ਨਦੀਨ ਹਲਕੇ ਹਰੇ ਰੰਗ ਦਾ ਅਤੇ ਸ਼ਾਖਾਵਾਂ ਵਾਲਾ ਹੁੰਦਾ ਹੈ। ਇਹ ਨਦੀਨ ਬਹੁਤ ਮਾਤਰਾ ਵਿੱਚ ਬੀਜ ਬਣਾਉਂਦਾ ਹੈ ਜੋ ਕਿ ਆਉਣ ਵਾਲੇ ਸਾਲਾਂ ਵਿੱਚ ਝੋਨੇ ਦੀ ਫ਼ਸਲ ਲਈ ਸਮੱਸਿਆ ਪੈਦਾ ਕਰਦਾ ਹੈ।

24. **ਸਣੀ** : ਇਹ ਵੀ ਝੋਨੇ ਦੀ ਚੌੜੀ ਪੱਤੀ ਵਾਲਾ ਨਵਾਂ ਉੱਭਰਦਾ ਨਦੀਨ ਹੈ। ਇਹ ਨਦੀਨ ਤਕਰੀਬਨ ਸਿੱਧਾ ਵੱਧਦਾ ਹੈ ਅਤੇ ਇਸ ਦਾ ਤਣਾ ਵਿਚਕਾਰੋਂ ਖਾਲੀ ਹੁੰਦਾ ਹੈ। ਇਸ ਨਦੀਨ ਦਾ ਰੰਗ ਗੂੜ੍ਹਾ ਹਰਾ ਹੁੰਦਾ ਹੈ ਅਤੇ ਇਸ ਦੇ ਪੱਤੇ ਸਣ (ਸਣੀ) ਨਾਲ ਮਿਲਦੇ-ਜੁਲਦੇ ਹਨ। ਇਸ ਨਦੀਨ ਦਾ ਵਾਧਾ ਬਹੁਤ ਤੇਜ਼ੀ ਨਾਲ ਹੁੰਦਾ ਹੈ ਅਤੇ ਇਹ ਨਦੀਨ ਦੋ ਤੋਂ ਢਾਈ ਮਹੀਨੇ ਵਿੱਚ ਬੀਜ ਬਣਾ ਲੈਂਦਾ ਹੈ। ਇਹ ਨਦੀਨ ਵੀ ਘਰਿੱਲੇ ਵਾਂਗੂੰ ਨਹਿਰ ਦੇ ਪਾਣੀ ਨਾਲ ਆਉਣਾ ਸ਼ੁਰੂ ਹੋਇਆ ਹੈ।

25. **ਬਾਂਸ ਪੱਤਾ** : ਇਹ ਮੱਕੀ ਅਤੇ ਕਮਾਦ ਦੇ ਇਲਾਕੇ ਦਾ ਇੱਕ ਨਵਾਂ ਉੱਭਰਦਾ ਨਦੀਨ ਹੈ। ਇਹ ਨਦੀਨ ਇਨ੍ਹਾਂ ਫ਼ਸਲਾਂ ਵਿੱਚ ਐਟਰਾਜ਼ੀਨ ਦੇ ਛਿੜਕਾਅ ਨਾਲ ਵੀ ਨਹੀਂ ਮਰਦਾ। ਇਸ ਨਦੀਨ ਦੇ ਪੱਤੇ ਬਹੁਤ ਸਖ਼ਤ ਅਤੇ ਬਾਂਸ ਦੇ ਪੱਤਿਆਂ ਦੇ ਆਕਾਰ ਦੇ ਹੁੰਦੇ ਹਨ। ਇਹ ਨਦੀਨ ਜ਼ਮੀਨ ਉੱਪਰ ਵਿਛਿਆ ਹੁੰਦਾ ਹੈ ਜਿਸ ਦਾ ਤਣਾ ਬਹੁਤ ਸਖ਼ਤ ਅਤੇ ਗੰਢਾਂ ਵਾਲਾ ਹੁੰਦਾ ਹੈ। ਇਸ ਦੀਆਂ ਜੜ੍ਹਾਂ ਬਾਰੀਕ ਅਤੇ ਜ਼ਮੀਨ ਦੀ ਉੱਪਰਲੀ ਤਹਿ ਤੱਕ ਸੀਮਤ ਹੁੰਦੀਆਂ ਹਨ। ਇਸ ਦੇ ਬੀਜ ਬਹੁ-ਗਿਣਤੀ ਵਿੱਚ ਅਤੇ ਛੋਟੇ ਆਕਾਰ ਦੇ ਹੁੰਦੇ ਹਨ ਜੋ ਕਿ ਫ਼ਸਲ ਪੱਕਣ ਤੋਂ ਪਹਿਲਾਂ ਹੀ ਜ਼ਮੀਨ ਵਿੱਚ ਝੜ ਜਾਂਦੇ ਹਨ।

# ਨਵੇਂ ਉੱਭਰਦੇ ਨਦੀਨ

ਨਦੀਨਨਾਸ਼ਕ ਦਵਾਈਆਂ ਤੋਂ ਵੱਧ ਤੋਂ ਵੱਧ ਫ਼ਾਇਦਾ ਤਦ ਹੀ ਹੋ ਸਕਦਾ ਹੈ, ਜਦੋਂ ਉਨ੍ਹਾਂ ਦੀ ਵਰਤੋਂ ਸੁਚੱਜੇ ਢੰਗ ਨਾਲ ਕੀਤੀ ਜਾਵੇ । ਇਨ੍ਹਾਂ ਦੀ ਵਰਤੋਂ ਸਮੇਂ ਬੜੀ ਸਾਵਧਾਨੀ ਦੀ ਲੋੜ ਹੈ ਕਿਉਂਕਿ ਕਈ ਵਾਰੀ ਫ਼ਾਇਦਾ ਕਰਦੇ-ਕਰਦੇ ਨੁਕਸਾਨ ਹੋ ਜਾਂਦਾ ਹੈ । ਦਵਾਈਆਂ ਦੀ ਲਗਾਤਾਰ ਵਰਤੋਂ ਨਾਲ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ । ਪਿਛਲੇ ਕੁਝ ਸਾਲਾਂ ਤੋਂ ਕਈ ਫ਼ਸਲਾਂ ਵਿੱਚ ਕੁਝ ਨਵੇਂ ਨਦੀਨ ਵੇਖਣ ਵਿੱਚ ਆਏ ਹਨ । ਇਸ ਸਮੱਸਿਆ ਦਾ ਕਾਰਨ ਨਦੀਨਨਾਸ਼ਕ ਦਵਾਈਆਂ ਦੀ ਵਰਤੋਂ ਵਿੱਚ ਅਣਗਹਿਲੀ ਕਰਨਾ ਹੈ । ਉਦਾਹਰਣ ਦੇ ਤੌਰ ਤੇ ਝੋਨੇ ਵਿੱਚ ਕਣਕੀ (ਰਿੰਕਲ ਗਰਾਸ), ਕਮਾਦ ਵਿੱਚ ਸਟਰਾਈਗਾ (ਧੌਲ ਫੁੱਲੀ) ਅਤੇ ਬਾਂਸ ਪੱਤਾ ਮੱਕੀ ਵਿੱਚ ਅਰੈਕਨੀ ਘਾਹ ਅਤੇ ਬਾਂਸ ਪੱਤਾ, ਕਣਕ ਵਿੱਚ ਕੰਡਿਆਲੀ ਪਾਲਕ ਅਤੇ ਬਟਨ-ਬੂਟੀ ਨਵੇਂ ਉੱਭਰਦੇ ਨਦੀਨ ਹਨ । ਇਨ੍ਹਾਂ ਨਦੀਨਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ ।

**ਝੋਨੇ ਦੇ ਨਵੇਂ ਨਦੀਨ** : ਝੋਨੇ ਦਾ ਮੁੱਖ ਨਦੀਨ ਸਵਾਂਕ ਹੁੰਦਾ ਹੈ । ਇਸ ਨਦੀਨ ਨੂੰ ਮਾਰਨ ਲਈ ਬੂਟਾਕਲੋਰ ਗਰੁੱਪ ਦੀਆਂ ਦਵਾਈਆਂ ਕਾਫ਼ੀ ਅਸਰਦਾਇਕ ਹਨ। ਕਿਸਾਨ ਵੀਰਾਂ ਨੇ ਇਸ ਨਦੀਨ ਨੂੰ ਮਚੈਟੀ ਵਗੈਰਾ ਦਵਾਈਆਂ ਦੇ ਨਾਲ ਕਾਬੂ ਕਰ ਲਿਆ ਹੈ ਕਿਉਂਕਿ ਇਸ ਗਰੁੱਪ ਦੀਆਂ ਦਵਾਈਆਂ ਦੀ ਵਰਤੋਂ ਪਿਛਲੇ ਕਈ ਸਾਲਾਂ ਤੋਂ ਚਲੀ ਆ ਰਹੀ ਹੈ । ਇਸ ਕਰਕੇ ਇਸ ਫ਼ਸਲ ਵਿੱਚੋਂ ਸਵਾਂਕ ਦਾ ਹੱਲਾ ਕਾਫ਼ੀ ਘੱਟ ਗਿਆ ਹੈ ਅਤੇ ਝੋਨੇ ਵਿੱਚ ਕਈ ਨਵੇਂ ਨਦੀਨ ਆ ਰਹੇ ਹਨ, ਜਿਵੇਂ ਕਿ ਕਣਕੀ (ਰਿੰਕਲ ਗਰਾਸ), ਜਪਾਨੀ ਘਾਹ, ਝੋਨੇ ਦੇ ਮੋਥੇ/ਡੀਲੇ, ਨਾੜ, ਜੰਤਰੀ, ਘਰਿੱਲਾ ਆਦਿ । ਇਨ੍ਹਾਂ ਨਵੇਂ-ਨਵੇਂ ਨਦੀਨਾਂ ਦੀ ਸਮੱਸਿਆ ਦਿਨ-ਬ-ਦਿਨ ਵਧਦੀ ਜਾ ਰਹੀ ਹੈ । ਕਿਉਂਕਿ ਬੂਟਾਕਲੋਰ ਗਰੁੱਪ ਦੀਆਂ ਦਵਾਈਆਂ ਦਾ ਇਨ੍ਹਾਂ ਤੇ ਬਹੁਤ ਘੱਟ ਅਸਰ ਹੈ ਪ੍ਰੰਤੂ ਸਵਾਂਕ ਚੰਗੀ ਤਰ੍ਹਾਂ ਮਰ ਜਾਂਦਾ ਹੈ । ਇਸ ਦੇ ਫਲਸਰੂਪ ਨਵੇਂ ਨਦੀਨਾਂ ਦੇ ਟਾਂਵੇਂ-ਟਾਂਵੇਂ ਰਹੇ ਹੋਏ ਬੂਟਿਆਂ ਦਾ ਵਾਧਾ ਕਾਫ਼ੀ ਤੇਜ਼ ਰਫ਼ਤਾਰ ਨਾਲ ਹੁੰਦਾ ਹੈ। ਇਹ ਨਦੀਨ ਕਾਫ਼ੀ ਮਾਤਰਾ ਵਿੱਚ ਆਉਣ ਵਾਲੇ ਸਾਲਾਂ ਲਈ ਬੀਜ ਬਣਾ ਲੈਂਦੇ ਹਨ। ਰਿੰਕਲ ਗਰਾਸ ਦਾ ਬੂਟਾ ਸਵਾਂਕ ਵਰਗਾ ਹੁੰਦਾ ਹੈ ਪ੍ਰੰਤੂ ਇਸ ਦੀਆਂ ਸ਼ਾਖਾਵਾਂ ਪਤਲੀਆਂ ਅਤੇ ਗੰਢਾਂ ਵਾਲੀਆਂ ਹੁੰਦੀਆਂ ਹਨ । ਹਰੇਕ ਗੰਢ ਤੋਂ ਨਵੀਆਂ ਸ਼ਾਖਾਵਾਂ ਫੁੱਟਦੀਆਂ ਹਨ ਜੋ ਕਿ ਬੀਜ ਬਨਾਉਂਦੀਆਂ ਹਨ । ਫ਼ਸਲ ਪੱਕਣ ਸਮੇਂ ਇਸ ਨਦੀਨ ਦਾ ਬੂਟਾ ਛਤਰੀ ਵਰਗਾ ਹੋ ਜਾਂਦਾ ਹੈ ਅਤੇ ਫ਼ਸਲ ਡਿੱਗ ਪੈਂਦੀ ਹੈ । ਇਸ ਦੇ ਬੀਜ ਫ਼ਸਲ ਕੱਟਣ ਤੋਂ ਪਹਿਲਾਂ ਹੀ ਜ਼ਮੀਨ ਤੇ ਡਿੱਗ ਪੈਂਦੇ ਹਨ । ਆਮ ਤੌਰ ਤੇ

ਦੇਖਿਆ ਗਿਆ ਹੈ ਕਿ ਇਹ ਨਦੀਨ ਉਨ੍ਹਾਂ ਖੇਤਾਂ ਵਿੱਚ ਜ਼ਿਆਦਾ ਹੁੰਦਾ ਹੈ ਜਿਨ੍ਹਾਂ ਵਿੱਚ ਕੱਦੂ ਕਰਨ ਤੋਂ ਬਾਅਦ ਪਾਣੀ ਘੱਟ ਸਮੇਂ ਲਈ ਖਲੋਂਦਾ ਹੈ । ਜ਼ਿਆਦਾ ਪਾਣੀ ਲੰਬੇ ਅਰਸੇ ਵਾਸਤੇ ਖਲੋਣ ਨਾਲ ਇਸ ਨਦੀਨ ਦਾ ਹੱਲਾ ਘੱਟ ਜਾਂਦਾ ਹੈ । ਜਿਹੜੀ ਫ਼ਸਲ ਨੂੰ ਨਹਿਰ ਦਾ ਪਾਣੀ ਲੱਗਦਾ ਹੈ ਉਸ ਵਿੱਚ ਕਈ ਚੌੜੀ ਪੱਤੀ ਵਾਲੇ ਨਦੀਨ ਜਿਵੇਂ ਕਿ ਜੰਤਰੀ, ਘਰਿੱਲਾ ਆਦਿ ਦੀ ਸਮੱਸਿਆ ਬਣ ਜਾਂਦੀ ਹੈ । ਇਹ ਚੌੜੀ ਪੱਤੀ ਵਾਲੇ ਨਦੀਨਾਂ ਦਾ ਵਾਧਾ ਮੁੱਢਲੀਆਂ ਹਾਲਤਾਂ ਵਿੱਚ ਬਹੁਤ ਤੇਜ਼ੀ ਨਾਲ ਹੁੰਦਾ ਹੈ ਅਤੇ ਜਦੋਂ ਫ਼ਸਲ ਛੋਟੀ ਉਮਰ ਦੀ ਹੁੰਦੀ ਹੈ (ਇੱਕ ਤੋਂ ਡੇਢ ਮਹੀਨੇ ਤੱਕ) ਤਾਂ ਇਹ ਨਦੀਨ ਪੂਰੇ ਵਧ ਜਾਂਦੇ ਹਨ ਅਤੇ ਕਈ ਵਾਰੀ ਫ਼ਸਲ ਨੂੰ ਢੱਕ ਲੈਂਦੇ ਹਨ ।

ਇਨ੍ਹਾਂ ਸਾਰੇ ਨਵੇਂ ਨਦੀਨਾਂ ਨੂੰ ਮਾਰਨ ਵਾਸਤੇ ਦਵਾਈਆਂ ਦਾ ਹੇਰ-ਫੇਰ ਬਹੁਤ ਜ਼ਰੂਰੀ ਹੈ । ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਇੱਕੋ ਹੀ ਗਰੁੱਪ ਦੀ ਦਵਾਈ ਹਰੇਕ ਸਾਲ ਨਾ ਵਰਤਣ ਪ੍ਰੰਤੂ ਹਰ ਸਾਲ ਵੱਖਰੇ-ਵੱਖਰੇ ਗਰੁੱਪ ਦੀ ਦਵਾਈ ਦਾ ਇਸਤੇਮਾਲ ਕਰਨ । ਕਣਕੀ (ਰਿੰਕਲ ਗਰਾਸ) ਅਨਿਲੋਫਾਸ ਗਰੁੱਪ ਦੀਆਂ ਦਵਾਈਆਂ ਦੀ ਵਰਤੋਂ ਨਾਲ ਬੜੀ ਚੰਗੀ ਤਰ੍ਹਾਂ ਕਾਬੂ ਕੀਤਾ ਜਾ ਸਕਦਾ ਹੈ । ਅਗਰ ਕਿਸੇ ਕਾਰਨ ਇਹ ਦਵਾਈਆਂ ਨਾ ਮਿਲਣ ਤਾਂ 'ਰੀਫ਼ਿਟ' ਦੀ ਵਰਤੋਂ ਕੀਤੀ ਜਾ ਸਕਦੀ ਹੈ ।

**ਕਣਕ ਦੇ ਨਵੇਂ ਨਦੀਨ** : ਕਣਕ ਦੀ ਫ਼ਸਲ ਵਿੱਚ ਗੁੱਲੀ ਡੰਡਾ/ਸਿੱਟੀ ਅਤੇ ਜੌਂਧਰ/ਬਿਗੜ ਹੀ ਮੁੱਖ ਨਦੀਨ ਹਨ । ਪ੍ਰੰਤੂ ਇਨ੍ਹਾਂ ਤੋਂ ਇਲਾਵਾ ਕਈ ਨਵੇਂ ਨਦੀਨ ਜਿਵੇਂ ਕਿ ਰਾਈ ਗਰਾਸ (ਕਣਕੀ), ਪੋਆ, ਲੂੰਬੜ ਘਾਹ, ਕੰਡਿਆਂ ਵਾਲੀ ਪਾਲਕ, ਬਟਨ ਬੂਟੀ ਆਦਿ ਵੀ ਦੇਖਣ ਵਿੱਚ ਆਏ ਹਨ । ਰਾਈ ਗਰਾਸ ਗੁੱਲੀ ਡੰਡੇ ਵਾਂਗੂੰ ਵੱਧਦਾ ਹੈ ਪ੍ਰੰਤੂ ਇਸ ਦੇ ਪੱਤੇ ਬੜੇ ਚਮਕੀਲੇ ਹੁੰਦੇ ਹਨ । ਇਸ ਨਦੀਨ ਦੇ ਬੀਜ ਕਣਕ ਦੇ ਬਾਰੀਕ ਦਾਣਿਆਂ ਵਾਂਗੂੰ ਹੁੰਦੇ ਹਨ ਜਿਹੜੇ ਕਿ ਖੇਤ ਵਿੱਚ ਨਹੀਂ ਡਿੱਗਦੇ । ਸੋ ਇਹ ਨਦੀਨ ਤਕਰੀਬਨ ਕਣਕ ਦੇ ਬੀਜ ਰਾਹੀਂ ਹੀ ਖੇਤ ਵਿੱਚ ਆਉਂਦਾ ਹੈ । ਕਣਕ ਦਾ ਨਦੀਨ ਰਹਿਤ ਬੀਜ ਬੀਜਣ ਨਾਲ ਇਸ ਤੇ ਕਾਬੂ ਪਾਇਆ ਜਾ ਸਕਦਾ ਹੈ । ਪੋਆ ਘਾਹ (ਬੂੰਈਂ) ਕਣਕ ਦਾ ਬਹੁਤ ਘੱਟ ਵਧਣ ਵਾਲਾ ਨਦੀਨ ਹੈ । ਇਹ ਸਿੱਲ੍ਹੀਆਂ ਜ਼ਮੀਨਾਂ ਵਿੱਚ ਜ਼ਿਆਦਾ ਹੁੰਦਾ ਹੈ । ਕੰਡਿਆਲੀ ਪਾਲਕ, ਜੋ ਕਿ ਝੋਨੇ ਤੋਂ ਇਲਾਵਾ ਹੋਰ ਫ਼ਸਲੀ ਚੱਕਰਾਂ ਵਿੱਚ ਬੀਜੀ ਗਈ ਕਣਕ ਦਾ ਬਹੁਤ ਤੇਜ਼ੀ ਨਾਲ ਵੱਧ ਰਿਹਾ ਨਦੀਨ ਹੈ । ਇਹ ਨਦੀਨ ਸ਼ੁਰੂ ਵਿੱਚ ਬਹੁਤ ਨਰਮ ਹੁੰਦਾ ਹੈ ਪ੍ਰੰਤੂ ਤਾਪਮਾਨ ਵੱਧਣ ਨਾਲ ਇਹ ਬਹੁਤ ਸਖ਼ਤ ਅਤੇ ਕੰਡਿਆਂ ਵਾਲਾ ਨਦੀਨ ਬਣ ਜਾਂਦਾ ਹੈ । ਇਸ ਦੇ ਬੀਜ ਕਣਕ ਦੇ ਦਾਣਿਆਂ ਦੇ ਆਕਾਰ ਦੇ ਕੰਡਿਆਂ ਵਾਲੇ ਹੁੰਦੇ ਹਨ ਜਿਨ੍ਹਾਂ ਕਰਕੇ ਫ਼ਸਲਾਂ ਦਾ ਮੰਡੀ ਵਿੱਚ ਘੱਟ ਭਾਅ ਮਿਲਦਾ ਹੈ । ਕੰਡਿਆਲੀ ਪਾਲਕ ਤੋਂ ਇਲਾਵਾ ਇੱਕ ਹੋਰ ਚੌੜੀ ਪੱਤੀ ਵਾਲਾ ਨਦੀਨ, ਜਿਸ ਨੂੰ ਬਟਨ ਬੂਟੀ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ, ਵੀ ਕਾਫ਼ੀ ਵੱਧ ਰਿਹਾ ਹੈ ਖ਼ਾਸ ਕਰਕੇ ਨਿਆਈਂ ਵਾਲੀਆਂ ਜ਼ਮੀਨਾਂ ਵਿੱਚ। ਇਸ ਨਦੀਨ ਦੇ ਪੱਤੇ ਬਹੁਤ ਚੌੜੇ ਹੁੰਦੇ ਹਨ ਅਤੇ ਤਣਾ ਬਹੁਤ ਸਖ਼ਤ ਕਿਸਮ ਦਾ ਹੁੰਦਾ ਹੈ ।

**ਕਮਾਦ ਦੇ ਨਵੇਂ ਨਦੀਨ** : ਕਮਾਦ ਦਾ ਇੱਕ ਬੜਾ ਹੀ ਖ਼ਤਰਨਾਕ ਨਦੀਨ (ਧੌਲਫੁੱਲੀ) ਮੋਰਿੰਡਾ ਮਿੱਲ ਏਰੀਏ ਵਿੱਚ ਕਈ ਸਾਲਾਂ ਤੋਂ ਦੇਖਣ ਵਿੱਚ ਆ ਰਿਹਾ ਹੈ । ਇਹ ਨਦੀਨ ਚੌੜੀ ਪੱਤੀ ਵਾਲਾ ਅਤੇ ਰਸ ਚੂਸਣ ਵਾਲਾ ਨਦੀਨ ਹੈ ਜੋ ਕਿ ਕਮਾਦ ਦੀਆਂ ਜੜ੍ਹਾਂ ਵਿੱਚ ਉੱਗਦਾ ਹੈ । ਇਹ ਨਦੀਨ ਬਰਸਾਤਾਂ ਸ਼ੁਰੂ ਹੋਣ ਦੇ ਨਾਲ ਆਉਂਦਾ ਹੈ ਅਤੇ ਪੂਰੇ ਵਧੇ ਹੋਏ ਕਮਾਦ ਤੇ ਹਮਲਾ ਕਰਕੇ ਉਸ ਦਾ ਕੱਦ ਘਟਾ ਦੇਂਦਾ ਹੈ । ਇਸ ਤੋਂ ਇਲਾਵਾ ਫ਼ਸਲ ਦੀ ਦੂਜੇ ਸਾਲ ਵਾਸਤੇ ਪੁੰਗਰਨ ਦੀ ਸ਼ਕਤੀ ਤਕਰੀਬਨ ਖ਼ਤਮ ਹੋ ਜਾਂਦੀ ਹੈ । ਇਸ ਨਦੀਨ ਤੋਂ ਇਲਾਵਾ ਕਮਾਦ ਵਿੱਚ ਬਾਂਸ ਪੱਤਾ ਨਾਂ ਦਾ ਨਦੀਨ ਬਹੁਤ ਵਧ ਰਿਹਾ ਹੈ, ਖਾਸ ਕਰਕੇ ਉਨ੍ਹਾਂ ਖੇਤਾਂ ਵਿੱਚ ਜਿੱਥੇ ਜ਼ਿਮੀਂਦਾਰ ਲਗਾਤਾਰ ਐਟਰਾਜ਼ੀਨ ਦਾ ਛਿੜਕਾਅ ਕਰਦੇ ਹਨ ।

**ਮੱਕੀ ਦੇ ਨਵੇਂ ਨਦੀਨ** : ਮੱਕੀ ਦੀ ਫ਼ਸਲ ਵਿੱਚੋਂ ਨਦੀਨ ਮਾਰਨ ਵਾਸਤੇ ਸਿਮਾਜ਼ੀਨ/ ਐਟਰਾਜ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ । ਇਨ੍ਹਾਂ ਦਵਾਈਆਂ ਨਾਲ ਸਾਰੇ ਬਰਸਾਤੀ ਨਦੀਨ (ਘਾਹ ਵਰਗੇ ਅਤੇ ਚੌੜੀ ਪੱਤੀ ਵਾਲੇ) ਮਰ ਜਾਂਦੇ ਹਨ । ਪ੍ਰੰਤੂ ਇਨ੍ਹਾਂ ਦੀ ਵਰਤੋਂ ਨਾਲ ਅਰੈਕਨੀ ਘਾਹ ਘੱਟ ਮਰਦਾ ਹੈ । ਇਹ ਨਦੀਨ ਹਲਕੇ ਪੀਲੇ ਰੰਗ ਦਾ ਹੁੰਦਾ ਹੈ । ਇਸ ਦੇ ਪੱਤੇ ਲੰਬੇ ਅਤੇ ਘੱਟ ਚੌੜੇ ਹੁੰਦੇ ਹਨ । ਇਹ ਤਕਰੀਬਨ ਇੱਕ ਤੋਂ ਡੇਢ ਫੁੱਟ ਤੱਕ ਵਧ ਜਾਂਦਾ ਹੈ । ਇਸ ਤੋਂ ਇਲਾਵਾ ਬਾਂਸ ਪੱਤਾ ਨਦੀਨ ਵੀ ਐਟਰਾਜ਼ੀਨ ਨਾਲ ਨਹੀਂ ਮਰਦਾ ਅਤੇ ਇਸ ਦੀ ਸਮੱਸਿਆ ਮੱਕੀ ਵਾਲੇ ਖੇਤਾਂ ਵਿੱਚ ਬਹੁਤ ਵੱਧ ਰਹੀ ਹੈ ।

**ਖੁੱਲ੍ਹੇ ਥਾਵਾਂ ਦੇ ਨਦੀਨ** : ਖੁਲ੍ਹੀਆਂ ਥਾਵਾਂ ਜਿਵੇਂ ਕਿ ਸੜਕ ਦੇ ਆਲੇ-ਦੁਆਲੇ, ਮਕਾਨਾਂ ਦੇ ਆਸੇ-ਪਾਸੇ ਅਤੇ ਹੋਰ ਖ਼ਾਲੀ ਪਈਆਂ ਜ਼ਮੀਨਾਂ ਵਿੱਚ ਇੱਕ ਨਵੀਂ ਕਿਸਮ ਦਾ ਬੂਟਾ ਜਿਸ ਨੂੰ ਗਾਜਰ ਘਾਹ (ਪਾਰਥੀਨੀਅਮ) ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਵੇਖਣ ਵਿੱਚ ਆਇਆ ਹੈ । ਇਸ ਬੂਟੇ ਦੇ ਪੱਤੇ ਕਟਾਵੇਂ ਗਾਜਰ ਦੇ ਪੱਤਿਆਂ ਵਰਗੇ ਹੁੰਦੇ ਹਨ । ਇਸ ਨੂੰ ਕਾਫ਼ੀ ਗਿਣਤੀ ਵਿੱਚ ਚਿੱਟੇ ਰੰਗ ਦੇ ਫੁੱਲ ਲੱਗਦੇ ਹਨ । ਇਹ ਨਦੀਨ ਬੜੇ ਸਖ਼ਤ ਕਿਸਮ ਦਾ ਹੁੰਦਾ ਹੈ ਅਤੇ ਸਾਲ ਵਿੱਚ ਕਈ ਵਾਰੀ ਉੱਗਦਾ ਹੈ। ਇਸ ਬੂਟੇ ਨਾਲ ਬੰਦਿਆਂ ਅਤੇ ਪਸ਼ੂਆਂ ਦੀਆਂ ਬੀਮਾਰੀਆਂ ਫ਼ੈਲਦੀਆਂ ਹਨ । ਇਸ ਨਦੀਨ ਨੂੰ ਫੁੱਲ ਆਉਣ ਤੋਂ ਪਹਿਲਾਂ ਹੀ ਕੱਟ ਕੇ ਦੱਬ ਜਾਂ ਸਾੜ ਦੇਣਾ ਚਾਹੀਦਾ ਹੈ ।

# ਨਦੀਨਨਾਸ਼ਕ ਦਵਾਈਆਂ ਦਾ ਛਿੜਕਾਅ

ਨਦੀਨਨਾਸ਼ਕ ਦਵਾਈਆਂ ਦਾ ਅਸਰ ਉਨ੍ਹਾਂ ਦੀ ਕੁਆਲਿਟੀ (ਸ਼ੁੱਧਤਾ) ਅਤੇ ਛਿੜਕਾਅ ਕਰਨ ਦੇ ਤਰੀਕੇ 'ਤੇ ਨਿਰਭਰ ਕਰਦਾ ਹੈ । ਫ਼ਸਲਾਂ ਉੱਪਰ ਵਰਤੀਆਂ ਜਾਣ ਵਾਲੀਆਂ ਜ਼ਹਿਰਾਂ, ਜਿਸ ਤਰ੍ਹਾਂ ਕਿ ਕੀੜੇਮਾਰ, ਉੱਲੀਨਾਸ਼ਕ ਅਤੇ ਨਦੀਨਨਾਸ਼ਕਾਂ, ਵਿੱਚੋਂ ਸਭ ਤੋਂ ਜ਼ਿਆਦਾ ਸਾਵਧਾਨੀ ਨਦੀਨਨਾਸ਼ਕ ਦਵਾਈਆਂ ਦੇ ਛਿੜਕਾਅ ਲਈ ਵਰਤਣੀ ਪੈਂਦੀ ਹੈ । ਜਦੋਂ ਤੱਕ ਨਦੀਨਾਂ ਉੱਪਰ ਪੂਰੀ ਦਵਾਈ ਛਿੜਕਾਅ ਨਹੀਂ ਹੁੰਦੀ ਉਦੋਂ ਤੱਕ ਉਹ ਨਹੀਂ ਮਰਦੇ ਅਤੇ ਇਸ ਕਰਕੇ ਖੇਤ ਵਿੱਚ ਖੜ੍ਹੇ ਸਾਰੇ ਨਦੀਨਾਂ ਉੱਪਰ ਠੀਕ ਤਰੀਕੇ ਨਾਲ ਛਿੜਕਾਅ ਹੋਣਾ ਜ਼ਰੂਰੀ ਹੈ ਤਾਂ ਜੋ ਚੰਗੇ ਨਤੀਜੇ ਮਿਲ ਸਕਣ । ਜਿਹੜੇ ਨਦੀਨਾਂ ਦੇ ਬੂਟਿਆਂ ਉੱਪਰ ਛਿੜਕਾਅ ਨਹੀਂ ਹੁੰਦਾ ਜਾਂ ਘੱਟ ਮਾਤਰਾ ਵਿੱਚ ਹੁੰਦਾ ਹੈ, ਉਹ ਬੂਟੇ ਦਵਾਈ ਦੀ ਮਾਰ ਤੋਂ ਬਚ ਜਾਂਦੇ ਹਨ ਅਤੇ ਕਾਫ਼ੀ ਮਾਤਰਾ ਵਿੱਚ ਬੀਜ ਬਣਾ ਦਿੰਦੇ ਹਨ । ਜਿਸ ਨਾਲ ਆਉਣ ਵਾਲੇ ਸਾਲਾਂ ਵਿੱਚ ਨਦੀਨਾਂ ਦੀ ਸਮੱਸਿਆ ਹੋਰ ਗੰਭੀਰ ਹੋ ਜਾਂਦੀ ਹੈ । ਸੋ ਨਦੀਨਨਾਸ਼ਕ ਦਵਾਈਆਂ ਦਾ ਪੂਰਾ-ਪੂਰਾ ਫ਼ਾਇਦਾ ਲੈਣ ਲਈ, ਉਨ੍ਹਾਂ ਦੀ ਇੱਕਸਾਰ ਵਰਤੋਂ ਬਹੁਤ ਜ਼ਰੂਰੀ ਹੈ । ਨਦੀਨਨਾਸ਼ਕ ਦਵਾਈਆਂ ਦੇ ਚੰਗੇ ਨਤੀਜੇ ਲੈਣ ਲਈ ਤੇ ਇਨ੍ਹਾਂ ਦੇ ਸਹੀ ਛਿੜਕਾਅ ਲਈ ਹੇਠ ਲਿਖੇ ਨੁਕਤੇ ਧਿਆਨ ਵਿੱਚ ਰੱਖਣੇ ਚਾਹੀਦੇ ਹਨ :

1. ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀ ਨਦੀਨਨਾਸ਼ਕ ਦਵਾਈ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ ।
2. ਨਦੀਨ ਨਾਸ਼ਕ ਦਵਾਈਆਂ ਦੀ ਮਾਤਰਾ ਅਤੇ ਵਰਤੋਂ ਦਾ ਸਮਾਂ ਵੀ ਸਿਫ਼ਾਰਸ਼ ਅਨੁਸਾਰ ਹੋਣਾ ਚਾਹੀਦਾ ਹੈ ।
3. ਫ਼ਸਲਾਂ ਵਿੱਚ ਨਦੀਨ ਦੀ ਕਿਸਮ ਦੇ ਆਧਾਰ 'ਤੇ ਦਵਾਈ ਦੀ ਚੋਣ ਕਰਨੀ ਚਾਹੀਦੀ ਹੈ ।
4. ਨਦੀਨਨਾਸ਼ਕ ਦਵਾਈਆਂ ਦਾ ਛਿੜਕਾਅ ਇੱਕਸਾਰ ਕਰਨਾ ਬਹੁਤ ਜ਼ਰੂਰੀ ਹੈ।
5. ਫਲੈਟ ਫੈਨ/ਫਲੱਡ ਜੈੱਟ ਨੋਜ਼ਲ ਦਾ ਇਸਤੇਮਾਲ ਕਰਨਾ ਚਾਹੀਦਾ ਹੈ । ਕਦੇ ਵੀ ਕੋਨ ਟਾਈਪ ਨੋਜ਼ਲ ਦੀ ਵਰਤੋਂ ਨਾ ਕਰੋ ।

**ਸਪਰੇਅ ਪੰਪਾਂ ਦੀਆਂ ਕਿਸਮਾਂ** : ਬਾਜ਼ਾਰ ਵਿੱਚ ਬਹੁਤ ਕਿਸਮ ਦੇ ਸਪਰੇਅ ਪੰਪ ਮਿਲਦੇ ਹਨ ਅਤੇ ਇਨ੍ਹਾਂ ਦੀ ਚੋਣ, ਨਦੀਨਨਾਸ਼ਕ ਦਵਾਈ ਦੀ ਕਿਸਮ ਅਤੇ ਵਰਤੋਂ ਦੇ ਸਮੇਂ ਅਨੁਸਾਰ ਕਰਨੀ ਚਾਹੀਦੀ ਹੈ । ਨਦੀਨਨਾਸ਼ਕ ਦਵਾਈਆਂ ਦੇ ਛਿੜਕਾਅ ਲਈ ਕੁਝ ਹੇਠਾਂ ਦੱਸੇ ਗਏ ਪੰਪ ਵਰਤੇ ਜਾ ਸਕਦੇ ਹਨ :

1. **ਹੱਥ ਨਾਲ ਚੱਲਣ ਵਾਲੇ ਪੰਪ** : ਇਨ੍ਹਾਂ ਪੰਪਾਂ ਵਿੱਚ ਪ੍ਰੈਸ਼ਰ ਹੱਥ ਵਾਲੇ ਹੈਂਡਲ ਨਾਲ ਬਣਾਇਆ ਜਾਂਦਾ ਹੈ । ਹੱਥ ਨਾਲ ਚੱਲਣ ਵਾਲੇ ਬਹੁਤ ਕਿਸਮ ਦੇ ਪੰਪ ਹਨ ਪਰ ਇਨ੍ਹਾਂ ਵਿੱਚੋਂ 'ਨੈਪ ਸੈਕ ਸਪਰੇਅਰ' ਬਹੁਤ ਪ੍ਰਚੱਲਿਤ ਹੈ । ਪੰਜਾਬ ਵਿੱਚ ਬਹੁਤ ਸਾਰੇ ਜ਼ਿਮੀਦਾਰ (90% ਤੋਂ ਜ਼ਿਆਦਾ) ਨਦੀਨਨਾਸ਼ਕ ਦਵਾਈਆਂ ਦੇ ਛਿੜਕਾਅ ਲਈ ਨੈਪ ਸੈਕ ਸਪਰੇਅ ਪੰਪ ਦਾ ਇਸਤੇਮਾਲ ਕਰਦੇ ਹਨ, ਜਿਸ ਨਾਲ ਇੱਕ ਦਿਨ ਵਿੱਚ ਇੱਕ ਆਦਮੀ 2-3 ਏਕੜ 'ਤੇ ਛਿੜਕਾਅ ਕਰ ਸਕਦਾ ਹੈ ।

**ਨੈਪ ਸੈਕ ਸਪਰੇਅ ਪੰਪ ਦੇ ਹਿੱਸੇ** : ਨੈਪ ਸੈਕ ਸਪਰੇਅ ਪੰਪ ਦੇ ਵੱਖੋ-ਵੱਖ ਹਿੱਸਿਆਂ ਬਾਰੇ ਜਾਣਕਾਰੀ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਬਾਰੇ ਗਿਆਨ ਬਹੁਤ ਜ਼ਰੂਰੀ ਹੈ ਤਾਂ ਜੋ ਥੋੜ੍ਹਾ ਬਹੁਤ ਨੁਕਸ ਕਿਸਾਨ ਆਪ ਹੀ ਖੇਤ ਵਿੱਚ ਦੂਰ ਕਰ ਸਕਣ। ਨੈਪ ਸੈਕ ਪੰਪ ਦੇ ਹਿੱਸੇ ਇਸ ਤਰ੍ਹਾਂ ਹਨ :

**ੳ) ਢੋਲਕੀ** : ਇਸ ਪੰਪ ਦੀ ਢੋਲਕੀ ਵਿੱਚ 15 ਲਿਟਰ ਪਾਣੀ ਪੈਂਦਾ ਹੈ ਅਤੇ ਇਹ ਪਲਾਸਟਿਕ ਜਾਂ ਪਿੱਤਲ ਦੀ ਬਣੀ ਹੁੰਦੀ ਹੈ ।

**ਅ) ਪਰੈਸ਼ਰ ਪੰਪ** : ਪਰੈਸ਼ਰ ਪੰਪ ਵਿੱਚ ਪਰੈਸ਼ਰ, ਹੈਂਡਲ ਨੂੰ ਉੱਪਰ-ਥੱਲੇ ਮਾਰ ਕੇ ਬਣਾਇਆ ਜਾਂਦਾ ਹੈ ਅਤੇ ਇਸ ਪਰੈਸ਼ਰ ਨਾਲ ਦਵਾਈ ਵਾਲਾ ਪਾਣੀ ਬਹੁਤ ਬਾਰੀਕ ਤੁਪਕਿਆਂ ਵਿੱਚ ਬਦਲ ਜਾਂਦਾ ਹੈ ਜੋ ਕਿ ਇੱਕ ਫ਼ੁਹਾਰੇ ਦੀ ਸ਼ਕਲ ਵਿੱਚ ਬੂਟਿਆਂ ਉੱਤੇ ਡਿੱਗਦਾ ਹੈ । ਹੱਥ ਨਾਲ ਪਰੈਸ਼ਰ ਕਈ ਵਾਰ ਇੱਕਸਾਰ ਨਹੀਂ ਬਣਦਾ ਅਤੇ ਜੇਕਰ ਇਸ ਪੰਪ ਨਾਲ ਪਰੈਸ਼ਰ ਰੈਗੂਲੇਟਰ ਲਗਾ ਦਿੱਤਾ ਜਾਵੇ ਤਾਂ ਨਦੀਨਨਾਸ਼ਕ ਦਵਾਈ ਦਾ ਘੋਲ ਇੱਕੋ ਜਿਹੇ ਪਰੈਸ਼ਰ ਨਾਲ ਜ਼ਮੀਨ 'ਤੇ ਡਿੱਗੇਗਾ ।

**ੲ) ਨਿਕਾਸ ਨਾਲੀ** : ਇਹ ਨਾਲੀ ਢੋਲਕੀ ਨੂੰ ਨੋਜ਼ਲ ਨਾਲ ਜੋੜਦੀ ਹੈ ਅਤੇ ਇਹ ਵੀ ਕਈ ਹਿੱਸਿਆਂ ਵਿੱਚ ਵੰਡੀ ਜਾ ਸਕਦੀ ਹੈ ਜਿਵੇਂ ਕਿ ਰਬੜ ਦੀ ਪਾਈਪ, ਧਾਤ ਦੀ ਪਾਈਪ, ਕਲੱਚ ਅਤੇ ਨੋਜ਼ਲ । ਨਦੀਨਨਾਸ਼ਕ ਦਵਾਈਆਂ ਦੇ ਛਿੜਕਾਅ ਲਈ ਫਲੈਟ ਫੈਨ ਜਾਂ ਫਲੱਡ ਜੈੱਟ ਨੋਜ਼ਲ ਦੀ ਹੀ ਵਰਤੋਂ ਕਰੋ ਕਿਉਂਕਿ ਇਨ੍ਹਾਂ ਨੋਜ਼ਲਾਂ ਨਾਲ ਛਿੜਕਾਅ ਇੱਕਸਾਰ ਹੁੰਦਾ ਹੈ । ਕੋਨ ਵਾਲੀ ਨੋਜ਼ਲ ਨਾਲ ਛਿੜਕਾਅ ਇਕਸਾਰ ਨਹੀਂ ਹੁੰਦਾ ਇਸ ਕਰਕੇ ਇਸ ਨੋਜ਼ਲ ਨੂੰ ਨਦੀਨ ਨਾਸ਼ਕ ਦਵਾਈਆਂ ਦੇ ਛਿੜਕਾਅ ਲਈ ਨਾ ਵਰਤੋ ਪਰ ਇਹ ਨੋਜ਼ਲ ਕੀੜੇਮਾਰ ਜਾਂ ਉੱਲੀਨਾਸ਼ਕ ਦਵਾਈਆਂ ਦੀ ਵਰਤੋਂ ਲਈ ਵਰਤੀ ਜਾ ਸਕਦੀ ਹੈ । ਫਲੈਟ ਫੈਨ ਨੋਜ਼ਲ ਦੇ ਵੀ ਕਈ ਹਿੱਸੇ ਹੁੰਦੇ ਹਨ ਜਿਨ੍ਹਾਂ ਵਿੱਚੋਂ ਜਾਲੀ ਅਤੇ ਸਪਰੇਅ ਟਿੱਪ, ਜਿਸ ਵਿੱਚ ਸੁਰਾਖ਼ ਹੁੰਦਾ ਹੈ, ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ । ਛਿੜਕਾਅ ਸ਼ੁਰੂ ਕਰਨ ਤੋਂ ਪਹਿਲਾਂ ਧਿਆਨ ਨਾਲ ਦੇਖ ਲਵੋ ਕਿ ਨੋਜ਼ਲ ਅੰਦਰ ਦੀ ਜਾਂਲੀ ਫਟੀ ਨਾ ਹੋਵੇ ਅਤੇ ਨੋਜ਼ਲ ਵਿਚਲਾ ਸੁਰਾਖ਼ ਖ਼ਰਾਬ ਨਾ ਹੋਵੇ । ਪਾਣੀ ਦਾ ਛਿੜਕਾਅ ਫ਼ਰਸ਼ ਤੇ ਕਰੋ ਅਤੇ ਜੇਕਰ ਫ਼ਰਸ਼ ਇੱਕਸਾਰ ਗਿੱਲਾ ਹੁੰਦਾ ਹੈ ਤਾਂ ਸਮਝੋ ਕਿ ਨੋਜ਼ਲ ਠੀਕ ਹੈ । ਜੇਕਰ ਫ਼ਰਸ਼ ਇੱਕਸਾਰ ਗਿੱਲਾ ਨਾ ਹੋਵੇ ਤਾਂ ਸਪਰੇਅ ਟਿੱਪ ਜਾਂ ਪੂਰੀ ਨੋਜ਼ਲ ਬਦਲ ਦਿਉ ।

ਨੈਪ ਸੈਕ ਪੰਪ ਇਨ੍ਹਾਂ ਹਿੱਸਿਆਂ ਤੋਂ ਇਲਾਵਾ ਕੁਝ ਹੋਰ ਹਿੱਸੇ ਜਿਵੇਂ ਕਿ ਪਾਣੀ ਪੁਣਨ ਵਾਲੀ ਜਾਲੀ (ਫਿਲਟਰ), ਹੈਂਡਲ, ਪਾਣੀ ਹਿਲਾਉਣ ਵਾਲਾ ਜੰਤਰ, ਵਾਸ਼ਲਾਂ ਅਤੇ ਪੰਪ ਨੂੰ ਪਿੱਠ ਨਾਲ ਲਗਾਉਣ ਵਾਲੇ ਪਟੇ ਵੀ ਹੁੰਦੇ ਹਨ ।

2. **ਪਾਵਰ ਸਪਰੇਅਰ** : ਇਨ੍ਹਾਂ ਪੰਪਾਂ ਵਿੱਚ ਹੱਥ ਨਾਲ ਹੈਂਡਲ ਮਾਰ ਕੇ ਪ੍ਰੈਸ਼ਰ ਬਨਾਉਣ ਦੀ ਜ਼ਰੂਰਤ ਨਹੀਂ ਹੁੰਦੀ ਪਰ ਪ੍ਰੈਸ਼ਰ ਬਨਾਉਣ ਲਈ ਘੱਟ ਹਾਰਸ ਪਾਵਰ ਦਾ ਇੰਜਣ ਲੱਗਿਆ ਹੁੰਦਾ ਹੈ । ਇਨ੍ਹਾਂ ਪੰਪਾਂ ਵਿੱਚ ਹਵਾ ਦੇ ਦਬਾਅ ਨਾਲ ਪਾਣੀ ਨੂੰ ਬਰੀਕ ਤੁਪਕਿਆਂ ਵਿੱਚ ਬਦਲਿਆ ਜਾਂਦਾ ਹੈ । ਪਿੱਠ ਵਾਲਾ ਪਾਵਰ ਸਪਰੇਅਰ, ਜਿਸ ਵਿੱਚ 15 ਲਿਟਰ ਦਵਾਈ ਦਾ ਘੋਲ ਪੈਂਦਾ ਹੈ ਉਸ ਨੂੰ ਵੀ ਕਈ ਕਿਸਾਨਾਂ ਦੁਆਰਾ ਵਰਤਿਆ ਜਾਂਦਾ ਹੈ । ਇਸ ਪੰਪ ਨਾਲ ਬਹੁਤ ਬਰੀਕ ਤੁਪਕੇ ਬਣਦੇ ਹਨ ਜੋ ਕਿ ਹਵਾ ਨਾਲ ਦੂਰ ਤੱਕ ਉੱਡ ਕੇ ਜਾ ਸਕਦੇ ਹਨ ਅਤੇ ਇਸ ਪੰਪ ਨਾਲ ਬਹੁਤ ਥੋੜ੍ਹੇ ਪਾਣੀ ਨਾਲ (50-60 ਲਿਟਰ ਪ੍ਰਤੀ ਏਕੜ) ਛਿੜਕਾਅ ਹੋ ਸਕਦਾ ਹੈ । ਇਹ ਪੰਪ ਉੱਗੇ ਹੋਏ ਨਦੀਨਾਂ ਤੇ ਨਦੀਨਨਾਸ਼ਕ ਦਵਾਈਆਂ ਦੇ ਛਿੜਕਾਅ, ਜੋ ਕਿ ਪੱਤਿਆਂ ਰਾਹੀਂ ਬੂਟੇ ਅੰਦਰ ਪ੍ਰਵੇਸ਼ ਕਰਦੀਆਂ ਹਨ, ਲਈ ਬਹੁਤ ਲਾਭਦਾਇਕ ਹੈ ।

3. **ਟਰੈਕਟਰ ਨਾਲ ਚੱਲਣ ਵਾਲੇ ਪੰਪ** : ਜਿਹੜੀਆਂ ਨਦੀਨਨਾਸ਼ਕ ਦਵਾਈਆਂ ਨਦੀਨ/ਫ਼ਸਲ ਉੱਗਣ ਤੋਂ ਪਹਿਲਾਂ ਜਾ ਪਹਿਲੇ ਪਾਣੀ ਤੋਂ ਪਹਿਲਾਂ ਵਰਤੀਆਂ ਜਾਂਦੀਆਂ ਹਨ, ਉਨ੍ਹਾਂ ਲਈ ਟਰੈਕਟਰ ਵਾਲੇ ਪੰਪ ਦੀ ਵਰਤੋਂ ਕਰਨ ਨਾਲ ਨਾ ਕੇਵਲ ਨਦੀਨਨਾਸ਼ਕ ਦਵਾਈਆਂ ਦਾ ਛਿੜਕਾਅ ਇੱਕਸਾਰ ਹੁੰਦਾ ਹੈ ਸਗੋਂ ਕੰਮ ਵੀ ਵੱਡੇ ਪੱਧਰ ਤੇ ਖ਼ਤਮ ਕੀਤਾ ਜਾ ਸਕਦਾ ਹੈ । ਇਸ ਪੰਪ ਨਾਲ 15-20 ਫੁੱਟ ਜਾਂ ਇਸ ਤੋਂ ਵੀ ਜ਼ਿਆਦਾ ਚੌੜੀ ਪੱਟੀ ਇੱਕੋ ਵਾਰ ਛਿੜਕਾਅ ਹੋ ਜਾਂਦੀ ਹੈ ਅਤੇ ਦਵਾਈ ਦੀ ਇੱਕਸਾਰ ਵਰਤੋਂ ਦੀ ਸੰਭਾਵਨਾ ਵੀ ਬਹੁਤ ਜ਼ਿਆਦਾ ਹੁੰਦੀ ਹੈ । ਵੱਡੇ ਫ਼ਾਰਮਾਂ ਲਈ ਇਸ ਪੰਪ ਦੀ ਵਰਤੋਂ ਨਾਲ ਨਦੀਨਨਾਸ਼ਕ ਦਵਾਈ ਦਾ ਛਿੜਕਾਅ ਸਮੇਂ ਸਿਰ ਹੋ ਜਾਂਦਾ ਹੈ ।

**ਸਹੀ ਛਿੜਕਾਅ ਦੀ ਵਿਧੀ** : ਨਦੀਨਨਾਸ਼ਕ ਦਵਾਈਆਂ ਦੀ ਵਰਤੋਂ ਕੀੜੇਮਾਰ/ਉੱਲੀਨਾਸ਼ਕ ਦਵਾਈਆਂ ਨਾਲੋਂ ਔਖੀ ਹੈ ਕਿਉਂਕਿ ਇਨ੍ਹਾਂ ਦਵਾਈਆਂ ਦਾ ਪੂਰਾ-ਪੂਰਾ ਅਸਰ ਤਾਂ ਹੀ ਮਿਲਦਾ ਹੈ ਜੇਕਰ ਛਿੜਕਾਅ ਇੱਕਸਾਰ ਹੋਵੇ ਅਤੇ ਖੇਤ ਦਾ ਕੋਈ ਵੀ ਹਿੱਸਾ ਘੱਟ ਛਿੜਕਾਅ ਜਾਂ ਛਿੜਕਾਅ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਨਦੀਨ ਨਾਸ਼ਕ ਜ਼ਹਿਰਾਂ ਦਾ ਗਲਤ ਤਰੀਕੇ ਨਾਲ ਛਿੜਕਾਅ ਕਰਨ ਨਾਲ ਨਾ ਕੇਵਲ ਨਦੀਨ ਘੱਟ ਮਰਦੇ ਹਨ ਪ੍ਰੰਤੂ ਫ਼ਸਲ ਦਾ ਵੀ ਨੁਕਸਾਨ ਹੋ ਸਕਦਾ ਹੈ । ਨਦੀਨ ਨਾਸ਼ਕ ਦਵਾਈਆਂ ਦਾ ਵਧੀਆ ਅਸਰ ਲੈਣ ਲਈ ਹੇਠ ਲਿਖੇ ਕੁਝ ਨੁਕਤਿਆਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ ।

**ਦਵਾਈ ਦੀ ਚੋਣ** : ਇੱਕ ਫ਼ਸਲ ਦੇ ਵਿੱਚ ਕਈ ਤਰ੍ਹਾਂ ਦੇ ਨਦੀਨ ਹੁੰਦੇ ਹਨ ਅਤੇ ਵੱਖੋ-ਵੱਖ ਨਦੀਨਾਂ ਵਾਸਤੇ ਵੱਖ-ਵੱਖ ਨਦੀਨ ਨਾਸ਼ਕ ਦਵਾਈਆਂ ਕੰਮ ਕਰਦੀਆਂ

ਹਨ। ਦਵਾਈ ਖ਼ਰੀਦਣ ਤੋਂ ਪਹਿਲਾਂ ਖੇਤ ਦੇ ਨਦੀਨਾਂ ਦੀ ਪਛਾਣ ਕਰਨੀ ਬਹੁਤ ਜ਼ਰੂਰੀ ਹੈ । ਮੁੱਖ ਨਦੀਨਾਂ ਦੇ ਆਧਾਰ ਤੇ ਦਵਾਈ ਦੀ ਚੋਣ ਕਰਕੇ ਇਹ ਨਦੀਨ ਨਾਸ਼ਕ ਦਵਾਈ ਚੰਗੇ ਭਰੋਸੇਯੋਗ ਦੁਕਾਨਦਾਰ ਤੋਂ ਲੈਣੀ ਚਾਹੀਦੀ ਹੈ । ਨਦੀਨ ਨਾਸ਼ਕ ਦਵਾਈ ਉਹੀ ਵਰਤਣੀ ਚਾਹੀਦੀ ਹੈ ਜਿਸ ਦੀ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਸਿਫ਼ਾਰਸ਼ ਕੀਤੀ ਹੋਵੇ । ਪੁਰਾਣੀ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਨਾ ਕੀਤੀ ਗਈ ਦਵਾਈ ਨਹੀਂ ਖ਼ਰੀਦਣੀ ਚਾਹੀਦੀ ।

**ਪਾਣੀ ਦਾ ਅੰਦਾਜ਼ਾ ਲਗਾਉਣਾ** : ਨਦੀਨ ਨਾਸ਼ਕ ਦਵਾਈ ਦਾ ਘੋਲ ਬਨਾਉਣ ਤੋਂ ਪਹਿਲਾ ਇੱਕ ਏਕੜ ਦੇ ਸਪਰੇਅ ਵਾਸਤੇ ਲੋੜੀਂਦੇ ਪਾਣੀ ਦੀ ਮਾਤਰਾ ਦਾ ਅੰਦਾਜ਼ਾ ਲਗਾਉਣਾ ਬਹੁਤ ਜ਼ਰੂਰੀ ਹੈ ਤਾਂ ਜੋ ਬਣਾਏ ਗਏ ਇੱਕ ਏਕੜ ਦੇ ਘੋਲ ਨਾਲ ਉਸ ਦਾ ਪੂਰਾ-ਪੂਰਾ ਸਪਰੇਅ ਹੋ ਜਾਵੇ । ਪਾਣੀ ਦਾ ਅੰਦਾਜ਼ਾ ਲਾਉਣ ਲਈ ਇੱਕ ਛੋਟੇ ਕਿਆਰੇ ਨੂੰ (5-6 ਮਰਲੇ) ਨਾਪ ਲਵੋ । ਪੰਪ ਦੀ ਢੋਲੀ ਵਿੱਚ ਪਾਣੀ ਮਿਣ ਕੇ ਪਾਉ ਅਤੇ ਜਿਹੜੇ ਵਿਅਕਤੀ ਨੇ ਦਵਾਈ ਦਾ ਸਪਰੇਅ ਕਰਨਾ ਹੋਵੇ ਉਸ ਨੂੰ ਇਸ ਮਿਣੇ ਹੋਏ ਕਿਆਰੇ ਤੇ ਪਾਣੀ ਦੀ ਸਪਰੇਅ ਕਰਨ ਲਈ ਕਹੋ । ਇਸ ਤੋਂ ਬਾਅਦ ਜੋ ਪਾਣੀ ਸਪਰੇਅ ਵਾਸਤੇ ਲੱਗਿਆ ਹੈ ਉਸ ਦਾ ਠੀਕ ਮਾਪ ਲੈ ਕੇ ਇੱਕ ਏਕੜ ਲਈ ਲੋੜੀਂਦੇ ਪਾਣੀ ਦੀ ਮਾਤਰਾ ਕੱਢੀ ਜਾ ਸਕਦੀ ਹੈ । ਪਾਣੀ ਮਾਪਣ ਤੋਂ ਬਾਅਦ ਸਪਰੇਅ ਕਰਨ ਸਮੇਂ ਪੰਪ, ਨੋਜ਼ਲ ਅਤੇ ਸਪਰੇਅ ਕਰਨ ਵਾਲੇ ਵਿਅਕਤੀ ਦੀ ਰਫ਼ਤਾਰ ਅਤੇ ਨੋਜ਼ਲ ਦੀ ਜ਼ਮੀਨ ਤੋਂ ਉਚਾਈ ਵਿੱਚ ਕੋਈ ਤਬਦੀਲੀ ਨਹੀਂ ਕਰਨੀ ਚਾਹੀਦੀ ।

**ਘੋਲ ਬਨਾਉਣਾ** : ਘੋਲ ਬਨਾਉਣ ਦੇ ਦੋ ਤਰੀਕੇ ਹਨ । ਪਹਿਲਾ ਤਰੀਕਾ ਇਹ ਹੈ ਕਿ ਜਿੰਨੇ ਪਾਣੀ ਦੀ ਸਪਰੇਅ ਵਾਸਤੇ ਲੋੜ ਹੈ ਉਸ ਵਿੱਚ ਦਵਾਈ ਘੋਲ ਲਵੋ । ਇਸ ਵਾਸਤੇ ਵੱਡੇ ਡਰੰਮ ਦੀ ਜ਼ਰੂਰਤ ਪੈਂਦੀ ਹੈ । ਦੂਸਰੇ ਤਰੀਕੇ ਮੁਤਾਬਿਕ ਜਿੰਨੀਆਂ ਢੋਲੀਆਂ ਨਾਲ ਇੱਕ ਏਕੜ ਵਿੱਚ ਸਪਰੇਅ ਹੁੰਦਾ ਹੋਵੇ ਓਨੇ ਹੀ ਲਿਟਰ ਪਾਣੀ ਵਿੱਚ ਇੱਕ ਵੱਖਰੇ ਬਰਤਨ ਵਿੱਚ ਇੱਕ ਏਕੜ ਦੀ ਦਵਾਈ ਦਾ ਘੋਲ ਬਣਾ ਲਵੋ ਅਤੇ ਇਸ ਘੋਲ ਵਿੱਚ ਇੱਕ ਲਿਟਰ ਦਵਾਈ ਦੇ ਘੋਲ ਨੂੰ ਸਪਰੇਅ ਪੰਪ ਦੀ ਢੋਲੀ ਵਿੱਚ ਪਾਉ ਅਤੇ ਬਾਅਦ ਵਿੱਚ ਪਾਣੀ ਪਾ ਕੇ ਉਸ ਨੂੰ ਭਰ ਲਵੋ । ਦਵਾਈ ਦੇ ਘੋਲ ਨੂੰ ਪੰਪ ਵਿੱਚ ਪਾਉਣ ਤੋਂ ਪਹਿਲਾਂ ਚੰਗੀ ਤਰ੍ਹਾਂ ਡੰਡੇ ਨਾਲ ਹਿਲਾ ਲੈਣਾ ਚਾਹੀਦਾ ਹੈ ਕਿਉਂਕਿ ਪਾਊਡਰ ਵਾਲੀ ਨਦੀਨ ਨਾਸ਼ਕ ਦਵਾਈ ਟੱਬ/ਬਰਤਨ ਦੇ ਥੱਲੇ ਬੈਠ ਜਾਂਦੀ ਹੈ । ਇਹ ਸਾਰਾ ਕੰਮ ਕਰਨ ਤੋਂ ਪਹਿਲਾਂ ਹੱਥਾਂ ਉੱਪਰ ਦਸਤਾਨੇ ਪਾਉਣੇ ਅਤਿ ਜ਼ਰੂਰੀ ਹਨ। ਸਪਰੇਅ ਕਰਨ ਸਮੇਂ ਸਾਰੇ ਸਰੀਰ ਨੂੰ ਚੰਗੀ ਤਰ੍ਹਾਂ ਕੱਪੜੇ ਪਾ ਕੇ ਢੱਕ ਲਵੋ ਅਤੇ ਮੂੰਹ ਉੱਪਰ ਮਾਸਕ ਦੀ ਵਰਤੋਂ ਬਹੁਤ ਜ਼ਰੂਰੀ ਹੈ ਤਾਂ ਜੋ ਦਵਾਈ ਸਰੀਰ ਦੇ ਕਿਸੇ ਵੀ ਅੰਗ ਦੇ ਸੰਪਰਕ ਵਿੱਚ ਨਾ ਆਵੇ ਅਤੇ ਸਾਹ ਦੀ ਹਵਾ ਰਾਹੀਂ ਮੂੰਹ ਜਾਂ ਸਰੀਰ ਵਿੱਚ ਨਾ ਜਾਵੇ ।

**ਛਿੜਕਾਅ ਲਈ ਲੋੜੀਂਦਾ ਪਾਣੀ** : ਵੱਖ-ਵੱਖ ਨਦੀਨਨਾਸ਼ਕ ਦਵਾਈਆਂ ਦੇ ਛਿੜਕਾਉ ਲਈ ਵੱਖ-ਵੱਖ ਪਾਣੀ ਦੀ ਮਾਤਰਾ ਦੀ ਜ਼ਰੂਰਤ ਹੈ । ਜਿਹੜੀਆਂ ਨਦੀਨ

ਨਾਸ਼ਕ ਦਵਾਈਆਂ ਪੱਤਿਆਂ ਰਾਹੀਂ ਨਦੀਨ ਦੇ ਬੂਟੇ ਦੇ ਅੰਦਰ ਜਾ ਕੇ ਅਸਰ ਕਰਦੀਆਂ ਹਨ ਉਨ੍ਹਾਂ ਲਈ ਘੱਟ ਪਾਣੀ 100-120 ਲਿਟਰ ਪ੍ਰਤੀ ਏਕੜ ਦੀ ਜ਼ਰੂਰਤ ਹੈ ਕਿਉਂਕਿ ਵੱਧ ਮਾਤਰਾ ਵਿੱਚ ਵਰਤਿਆ ਗਿਆ ਪਾਣੀ ਪੱਤੇ ਉੱਪਰ ਨਹੀਂ ਟਿਕੇਗਾ ਅਤੇ ਉਹ ਤੁਪਕਿਆਂ ਦੀ ਸ਼ਕਲ ਵਿੱਚ ਜ਼ਮੀਨ ਤੇ ਡਿੱਗ ਪਵੇਗਾ । ਇਸ ਲਈ ਇਸ ਤਰ੍ਹਾਂ ਦੀਆਂ ਦਵਾਈਆਂ ਵਾਸਤੇ ਜ਼ਿਆਦਾ ਵਰਤਿਆ ਪਾਣੀ ਲਾਭਦਾਇਕ ਨਹੀਂ ਹੈ ਸਗੋਂ ਦਵਾਈ ਦਾ ਅਸਰ ਘਟਾਉਂਦਾ ਹੈ । ਉਦਾਹਰਣ ਵੱਜੋਂ ਕਣਕ ਵਿੱਚ ਵਰਤੀਆਂ ਜਾਣ ਵਾਲੀਆਂ ਦਵਾਈਆਂ ਜਿਵੇਂ ਕਿ ਟੋਪਿਕ, ਪਿਊਮਾ ਪਾਵਰ, ਲੀਡਰ, 2, 4-ਡੀ, ਐਲਗਰਿਪ ਆਦਿ ਨਦੀਨ ਅੰਦਰ ਪੱਤਿਆਂ ਰਾਹੀਂ ਪ੍ਰਵੇਸ਼ ਕਰਦੀਆਂ ਹਨ।

ਨਦੀਨ ਅਤੇ ਫ਼ਸਲ ਉੱਗਣ ਤੋਂ ਪਹਿਲਾਂ ਵਰਤੀ ਜਾਣ ਵਾਲੀ ਦਵਾਈ ਦੀ ਵਰਤੋਂ ਲਈ ਵੱਧ ਤੋਂ ਵੱਧ ਪਾਣੀ (150-200 ਲਿਟਰ ਪ੍ਰਤੀ ਏਕੜ) ਦੀ ਜ਼ਰੂਰਤ ਹੈ ਤਾਂ ਜੋ ਇਨ੍ਹਾਂ ਦਾ ਅਸਰ ਵਧੀਆ ਹੋ ਸਕੇ । ਇਸ ਗਰੁੱਪ ਦੀਆਂ ਦਵਾਈਆਂ ਉੱਗ ਰਹੇ ਨਦੀਨਾਂ ਦੇ ਬੂਟਿਆਂ ਨੂੰ ਮਾਰਦੀਆਂ ਹਨ । ਇਹ ਬੂਟੇ ਦੇ ਪਹਿਲੇ ਪੱਤੇ ਜਾਂ ਜੜ੍ਹਾਂ ਰਾਹੀਂ ਪ੍ਰਵੇਸ਼ ਕਰ ਕੇ ਉੱਗ ਰਹੇ ਬੂਟੇ ਨੂੰ ਖ਼ਤਮ ਕਰਦੀਆਂ ਹਨ । ਇਸ ਲਈ ਇਨ੍ਹਾਂ ਨੂੰ ਵੱਧ ਪਾਣੀ ਦੀ ਜ਼ਰੂਰਤ ਹੈ । ਜ਼ਮੀਨ ਵਿੱਚ ਜਿੰਨੀ ਨਮੀ ਹੋਵੇਗੀ, ਇਹ ਦਵਾਈਆਂ ਓਨੀਆਂ ਹੀ ਅਸਰਦਾਇਕ ਹੋਣਗੀਆਂ । ਇਨ੍ਹਾਂ ਗਰੁੱਪਾਂ ਤੋਂ ਇਲਾਵਾ ਕਈ ਕਿਸਮ ਦੀਆਂ ਦਵਾਈਆਂ ਜਿਵੇਂ ਕਿ ਆਈਸੋਪ੍ਰੋਟਯੂਰਾਨ ਜੜ੍ਹਾਂ ਅਤੇ ਪੱਤਿਆਂ ਰਾਹੀਂ ਬੂਟਿਆਂ ਅੰਦਰ ਜਾਂਦੀਆਂ ਹਨ ਅਤੇ ਇਨ੍ਹਾਂ ਦਾ ਪੂਰਾ-ਪੂਰਾ ਅਸਰ ਲੈਣ ਲਈ ਵੀ ਇਨ੍ਹਾਂ ਦੇ ਸਪਰੇਅ ਵਾਸਤੇ ਵੱਧ ਪਾਣੀ ਦੀ ਜ਼ਰੂਰਤ ਹੈ । ਸਪਰੇਅ ਕਰਨ ਲਈ ਫਲੈਟ ਫੈਨ ਅਤੇ ਫਲੱਡ ਜੈੱਟ ਨੋਜ਼ਲਾਂ ਬਾਜ਼ਾਰ ਵਿੱਚ ਵੱਖਰੇ-ਵੱਖਰੇ ਸੁਰਾਖ਼ਾਂ ਵਾਲੀਆਂ ਮਿਲਦੀਆਂ ਹਨ । ਜੇਕਰ ਨਦੀਨਨਾਸ਼ਕ ਦਵਾਈਆਂ ਦੇ ਛਿੜਕਾਅ ਵਾਸਤੇ ਪਾਣੀ ਘੱਟ ਵਰਤਣਾ ਹੋਵੇ ਤਾਂ ਬਰੀਕ ਸੁਰਾਖ਼ ਵਾਲੀ ਨੋਜ਼ਲ ਲਵੋ ਅਤੇ ਜੇਕਰ ਜ਼ਿਆਦਾ ਪਾਣੀ ਦੀ ਜ਼ਰੂਰਤ ਹੋਵੇ ਤਾਂ ਮੋਟੇ ਸੁਰਾਖ਼ ਵਾਲੀ ਨੋਜ਼ਲ ਦੀ ਵਰਤੋਂ ਕਰੋ ।

**ਪੰਪ ਅਤੇ ਨੋਜ਼ਲ ਦੀ ਚੋਣ :** ਆਮ ਤੌਰ ਤੇ ਜ਼ਿਮੀਦਾਰ ਪਿੱਠ ਤੇ ਲਾਉਣ ਵਾਲੇ ਨੈਪ ਸੈਕ ਸਪਰੇਅਰ ਦੀ ਹੀ ਵਰਤੋਂ ਕਰਦੇ ਹਨ ਜੋ ਕਿ ਨਦੀਨਨਾਸ਼ਕ ਦਵਾਈਆਂ ਦੀ ਵਰਤੋਂ ਲਈ ਠੀਕ ਹੈ । ਇਸ ਪੰਪ ਤੋਂ ਇਲਾਵਾ ਇੰਜਣ ਵਾਲਾ ਸਪਰੇਅਰ ਜਾਂ ਟਰੈਕਟਰ ਵਾਲੇ ਸਪਰੇਅਰ ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ । ਪ੍ਰੰਤੂ ਇਨ੍ਹਾਂ ਦੀ ਵਰਤੋਂ ਤੇ ਪਹਿਲਾਂ ਹਰੇਕ ਕਿਸਮ ਦੇ ਪੰਪ ਨਾਲ ਵਰਤੇ ਜਾਣ ਵਾਲੇ ਪਾਣੀ ਦਾ ਅੰਦਾਜ਼ਾ ਲਾਉਣਾ ਬਹੁਤ ਜ਼ਰੂਰੀ ਹੈ । ਨਦੀਨਨਾਸ਼ਕ ਦਵਾਈਆਂ ਦਾ ਅਸਰ ਆਮ ਤੌਰ ਤੇ ਸਪਰੇਅ ਕਰਨ ਲਈ ਵਰਤੀ ਜਾਣ ਵਾਲੀ ਨੋਜ਼ਲ ਉੱਪਰ ਨਿਰਭਰ ਕਰਦਾ ਹੈ । ਨਦੀਨਨਾਸ਼ਕ ਦਵਾਈਆਂ ਦੀ ਸਪਰੇਅ ਸਦਾ ਹੀ ਫਲੈਟ ਫੈਨ ਜਾਂ ਫਲੱਡ ਨੋਜ਼ਲ ਨਾਲ ਕਰਨੀ ਚਾਹੀਦੀ ਹੈ ਕਿਉਂਕਿ ਇਨ੍ਹਾਂ ਨੋਜ਼ਲਾਂ ਨਾਲ ਪਾਣੀ ਇੱਕਸਾਰ ਲੱਗਦਾ ਹੈ । ਉੱਗੀ ਹੋਈ ਫ਼ਸਲ ਅਤੇ ਨਦੀਨ ਲਈ ਸਪਰੇਅ ਸਮੇਂ ਸਿਰਫ਼ ਫਲੈਟ ਫੈਨ ਨੋਜ਼ਲ ਜਿਸ ਦਾ ਸੁਰਾਖ਼ ਤੰਗ ਹੋਵੇ ਅਤੇ 100-120 ਲਿਟਰ ਪ੍ਰਤੀ ਏਕੜ ਪਾਣੀ ਦੀ ਹੀ

ਵਰਤੋਂ ਕਰਨੀ ਚਾਹੀਦੀ ਹੈ । ਨਦੀਨ ਨਾਸ਼ਕ ਜ਼ਹਿਰਾਂ ਦੀ ਵਰਤੋਂ ਲਈ ਕੋਨ ਟਾਈਪ ਨੋਜ਼ਲ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ ਕਿਉਂਕਿ ਇਸ ਨੋਜ਼ਲ ਨਾਲ ਸਪਰੇਅ ਇੱਕਸਾਰ ਨਹੀਂ ਹੁੰਦਾ ਅਤੇ ਪਾਣੀ ਵੀ ਬਹੁਤ ਘੱਟ ਲੱਗਦਾ ਹੈ ।

**ਛਿੜਕਾਅ ਦਾ ਤਰੀਕਾ** : ਨਦੀਨ ਨਾਸ਼ਕ ਜ਼ਹਿਰਾਂ ਦਾ ਸਪਰੇਅ ਇੱਕ ਪੱਟੀ ਵਿੱਚ ਕਰਨਾ ਬਹੁਤ ਜ਼ਰੂਰੀ ਹੈ ਅਤੇ ਨੋਜ਼ਲ ਬਿਲਕੁਲ ਸਿੱਧੀ ਹੋਣੀ ਚਾਹੀਦੀ ਹੈ । ਖੇਤ ਦੇ ਅਖ਼ੀਰ ਵਿੱਚ ਪਹੁੰਚਣ ਤੇ ਸਪਰੇਅ ਬੰਦ ਕਰੋ ਅਤੇ ਦੂਸਰੀ ਪੱਟੀ ਤੇ ਛਿੜਕਾਅ ਕਰੋ ਜਿਹੜੀ ਕਿ ਪਹਿਲੇ ਸਪਰੇਅ ਕੀਤੀ ਗਈ ਪੱਟੀ ਦੇ ਸਮਾਨੰਤਰ ਹੋਣੀ ਚਾਹੀਦੀ ਹੈ । ਸਪਰੇਅ ਕਰਦੇ ਸਮੇਂ ਏਨਾ ਧਿਆਨ ਰੱਖੋ ਕਿ ਨਾ ਤਾਂ ਦੂਹਰਾ ਸਪਰੇਅ ਹੋਵੇ ਅਤੇ ਨਾ ਹੀ ਫਾਂਟਾਂ ਛੱਡੀਆਂ ਜਾਣ । ਹੋ ਸਕੇ ਤਾਂ ਸਪਰੇਅ ਰਹਿਲਾਂ ਬਣਾ ਕੇ ਕਰੋ । ਪੂਰੇ ਖੇਤ ਦੇ ਸਪਰੇਅ ਤੋਂ ਬਾਅਦ ਜੇਕਰ ਦਵਾਈ ਦਾ ਘੋਲ ਵੱਧ ਜਾਵੇ ਤਾਂ ਉਸ ਦਾ ਦੂਹਰਾ ਸਪਰੇਅ ਨਹੀਂ ਕਰਨਾ ਚਾਹੀਦਾ । ਇਸ ਦੀ ਵਰਤੋਂ ਦੂਜੇ ਖੇਤ ਦੀ ਉਸੇ ਫ਼ਸਲ ਵਿੱਚ ਕਰ ਲਵੋ ਜਾ ਇਸ ਨੂੰ ਕਿਸੇ ਬੰਜਰ ਜ਼ਮੀਨ ਤੇ ਡੋਲ੍ਹ ਦਿਉ । ਵਾਧੂ ਘੋਲ ਕਦੇ ਵੀ ਫ਼ਸਲੀ ਖੇਤ ਵਿੱਚ ਨਾ ਡੋਲ੍ਹੋ ।

ਸਪਰੇਅ ਕਰਦੇ ਸਮੇਂ ਨੋਜ਼ਲ ਦੀ ਉਚਾਈ ਜ਼ਮੀਨ ਜਾਂ ਬੂਟਿਆਂ ਤੋਂ ਡੇਢ ਫੁੱਟ ਹੋਣੀ ਚਾਹੀਦੀ ਹੈ । ਆਮ ਦੇਖਣ ਵਿੱਚ ਆਇਆ ਹੈ ਕਿ ਨਦੀਨ ਨਾਸ਼ਕ ਦਵਾਈ ਦੇ ਸਪਰੇਅ ਸਮੇਂ ਨੋਜ਼ਲ ਨੂੰ ਜ਼ਮੀਨ ਤੋਂ 3-4 ਫੁੱਟ ਰੱਖਿਆ ਜਾਂਦਾ ਹੈ ਅਤੇ ਸਪਰੇਅ ਵਾਲੀ ਨਾਲੀ ਨੂੰ ਇੱਧਰ-ਉੱਧਰ ਘੁੰਮਾ ਕੇ ਸਪਰੇਅ ਕੀਤਾ ਜਾਂਦਾ ਹੈ ਤਾਂ ਜੋ 8-10 ਫੁੱਟ ਦੀ ਫਾਂਟ ਇੱਕੋ ਵਾਰੀ ਸਪਰੇਅ ਹੋ ਜਾਵੇ ਅਤੇ ਕੰਮ ਜਲਦੀ ਖ਼ਤਮ ਹੋ ਜਾਵੇ । ਇਸ ਤਰ੍ਹਾਂ ਸਪਰੇਅ ਕਰਨਾ ਬਹੁਤ ਗਲਤ ਹੈ ਅਤੇ ਇਹ ਇੱਕ ਗਲਤ ਢੰਗ ਹੈ ਜਿਸ ਕਰਕੇ ਆਮ ਤੌਰ ਤੇ ਨਦੀਨਾਂ ਦੀ ਰੋਕਥਾਮ ਪੂਰੀ ਤਰ੍ਹਾਂ ਨਹੀਂ ਹੁੰਦੀ । ਇੱਕ ਅੰਦਾਜ਼ੇ ਮੁਤਾਬਿਕ ਖੇਤ ਦਾ ਤਕਰੀਬਨ ਤੀਜਾ ਹਿੱਸਾ ਸਪਰੇਅ ਤੋਂ ਵਾਂਝਿਆਂ ਰਹਿ ਜਾਂਦਾ ਹੈ। ਜਿਸ ਵਿੱਚ ਨਦੀਨ ਬਿਲਕੁਲ ਨਹੀਂ ਮਰਦੇ ਅਤੇ ਉਹ ਨਾ ਸਿਰਫ਼ ਫ਼ਸਲਾਂ ਦਾ ਝਾੜ ਹੀ ਘਟਾਉਂਦੇ ਹਨ ਸਗੋਂ ਕਰੋੜਾਂ ਦੀ ਗਿਣਤੀ ਵਿੱਚ ਬੀਜ ਬਣਾਉਂਦੇ ਹਨ ਜੋ ਕਿ ਆਉਣ ਵਾਲੇ ਸਾਲਾਂ ਲਈ ਸਮੱਸਿਆ ਬਣ ਜਾਂਦੇ ਹਨ ।

ਨਦੀਨ ਨਾਸ਼ਕ ਜ਼ਹਿਰਾਂ ਤੋਂ ਸਹੀ ਅਤੇ ਜ਼ਿਆਦਾ ਫ਼ਾਇਦਾ ਉਠਾਉਣ ਲਈ ਉਨ੍ਹਾਂ ਦੀ ਠੀਕ ਢੰਗ ਨਾਲ ਵਰਤੋਂ ਬਹੁਤ ਹੀ ਜ਼ਰੂਰੀ ਹੈ । ਸਪਰੇਅ ਵਾਲੀ ਨਾਲੀ ਨੂੰ ਕਦੇ ਵੀ ਇੱਧਰ-ਉੱਧਰ ਨਹੀਂ ਘੁਮਾਉਣਾ ਚਾਹੀਦਾ ਅਤੇ ਸਪਰੇਅ ਲਈ ਲਾਇਆ ਵੱਧ ਸਮਾਂ ਨਾ ਕੇਵਲ ਮੌਜੂਦਾ ਫ਼ਸਲ ਵਾਸਤੇ ਲਾਭਦਾਇਕ ਹੈ ਸਗੋਂ ਆਉਣ ਵਾਲੇ ਸਾਲਾਂ ਵਿੱਚ ਵੀ ਨਦੀਨਾਂ ਦੀ ਸਮੱਸਿਆ ਨੂੰ ਘਟਾਉਣ ਵਿੱਚ ਸਹਾਈ ਹੁੰਦਾ ਹੈ ।

**ਸਾਵਧਾਨੀਆਂ**

- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀਆਂ ਨਦੀਨ ਨਾਸ਼ਕ ਜ਼ਹਿਰਾਂ ਦੀ ਹੀ ਵਰਤੋਂ ਕਰੋ ਅਤੇ ਕਦੇ ਵੀ ਦੁਕਾਨਦਾਰ ਦੀ ਸਲਾਹ ਤੇ ਨਦੀਨ ਨਾਸ਼ਕ ਜ਼ਹਿਰਾਂ ਨਾ ਖਰੀਦੋ ।

- ਨਦੀਨ ਨਾਸ਼ਕ ਦਵਾਈ ਖ਼ਰੀਦਣ ਸਮੇਂ ਦੁਕਾਨਦਾਰ ਪਾਸੋਂ ਰਸੀਦ ਜ਼ਰੂਰ ਲਵੋ ।
- ਨਦੀਨ ਨਾਸ਼ਕ ਦਵਾਈ ਦੀ ਚੋਣ ਫ਼ਸਲਾਂ ਵਿੱਚ ਨਦੀਨ ਦੇ ਅਨੁਸਾਰ ਕਰੋ ।
- ਨਦੀਨ ਨਾਸ਼ਕ ਦਵਾਈ ਦਾ ਸਪਰੇਅ ਕਰਨ ਤੋਂ ਪਹਿਲਾਂ ਅਤੇ ਸਪਰੇਅ ਕਰਨ ਤੋਂ ਬਾਅਦ ਪੰਪ ਨੂੰ ਸੋਢਾ/ਸਰਫ਼ ਨਾਲ ਚੰਗੀ ਤਰ੍ਹਾਂ ਧੋ ਲੈਣਾ ਚਾਹੀਦਾ ਹੈ ।
- ਸਪਰੇਅ ਵਾਲੇ ਦਿਨ ਹਵਾ ਦੀ ਰਫ਼ਤਾਰ ਤੇਜ਼ ਨਹੀਂ ਹੋਣੀ ਚਾਹੀਦੀ । ਵੱਧ ਹਵਾ ਵਾਲੇ ਦਿਨ ਸਪਰੇਅ ਨਹੀਂ ਕਰਨਾ ਚਾਹੀਦਾ । ਹਵਾ ਦੇ ਉਲਟ ਕਦੇ ਵੀ ਸਪਰੇਅ ਨਾ ਕਰੋ । ਇਸ ਤਰ੍ਹਾਂ ਕਰਨ ਨਾਲ ਦਵਾਈ ਉੱਡ ਕੇ ਮੂੰਹ ਤੇ ਪੈਂਦੀ ਹੈ ਜਿਸ ਨਾਲ ਸਿਹਤ ਦਾ ਨੁਕਸਾਨ ਹੋ ਸਕਦਾ ਹੈ ।
- ਘੋਲ ਨੂੰ ਢੋਲੀ ਵਿੱਚ ਪਾਉਣ ਤੋਂ ਪਹਿਲਾਂ ਚੰਗੀ ਤਰ੍ਹਾਂ ਹਿਲਾ ਲਉ ।
- ਸਪਰੇਅ ਕਰਨ ਸਮੇਂ ਸਪਰੇਅ ਕਰਨ ਵਾਲੇ ਦਾ ਪੇਟ ਖਾਲੀ ਨਹੀਂ ਹੋਣਾ ਚਾਹੀਦਾ।
- ਘੋਲ ਬਨਾਉਣ ਅਤੇ ਸਪਰੇਅ ਕਰਨ ਸਮੇਂ ਦਸਤਾਨਿਆਂ ਦਾ ਇਸਤੇਮਾਲ ਅਤਿ ਜ਼ਰੂਰੀ ਹੈ ।
- ਟਰੈਕਟਰ ਵਾਲੇ ਸਪਰੇਅਰ ਦੀ ਵਰਤੋਂ ਉਨ੍ਹਾਂ ਨਦੀਨਨਾਸ਼ਕ ਜ਼ਹਿਰਾਂ ਵਾਸਤੇ ਕੀਤੀ ਜਾ ਸਕਦੀ ਹੈ ਜਿਨ੍ਹਾਂ ਦੀ ਵਰਤੋਂ ਦਾ ਸਮਾਂ ਜਾਂ ਤਾਂ ਫ਼ਸਲ ਉੱਗਣ ਤੋਂ ਪਹਿਲਾਂ ਜਾਂ ਫ਼ਸਲ ਨੂੰ ਪਹਿਲਾ ਪਾਣੀ ਲਾਉਣ ਤੋਂ ਪਹਿਲਾਂ ਹੈ ।
- ਜਿੰਨ੍ਹਾਂ ਟਿਊਬਵੈੱਲਾਂ ਦਾ ਪਾਣੀ ਖ਼ਾਰਾ ਹੈ ਉਸ ਦੇ ਪਾਣੀ ਦੀ ਵਰਤੋਂ ਸਪਰੇਅ ਵਾਸਤੇ ਨਾ ਕਰੋ ਅਤੇ ਢੋਲੀ ਵਿੱਚ ਪਾਣੀ ਪੁਣ ਕੇ ਪਾਉ ।
- ਜਿਹੜੀਆਂ ਨਦੀਨ ਨਾਸ਼ਕ ਦਵਾਈਆਂ ਛਿੜਕਾਅ ਕਰਨ ਤੋਂ ਬਾਅਦ ਬਚ ਜਾਂਦੀਆਂ ਹਨ ਉਨ੍ਹਾਂ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਲੇਬਲ ਲਗਾ ਕੇ ਕਿਸੇ ਉੱਚੀ ਸ਼ੈਲਫ਼ ਤੇ ਸੰਭਾਲ ਕੇ ਰੱਖ ਦੇਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੇ ਸਾਲਾਂ ਵਿੱਚ ਇਨ੍ਹਾਂ ਨੂੰ ਵਰਤਿਆ ਜਾ ਸਕੇ ।

**ਪੰਪ ਅਤੇ ਨੋਜ਼ਲ ਦੀ ਸਾਂਭ-ਸੰਭਾਲ**

- ਖੇਤ ਵਿੱਚ ਛਿੜਕਾਅ ਕਰਨ ਤੋਂ ਪਹਿਲਾ ਪੱਕੇ ਫ਼ਰਸ਼ ਤੇ ਪਾਣੀ ਦਾ ਛਿੜਕਾਅ ਕਰਕੇ ਦੇਖੋ ਕਿ ਨੋਜ਼ਲ ਪਾਣੀ ਇੱਕਸਾਰ ਸੁੱਟ ਰਹੀ ਹੈ ਜਾਂ ਘੱਟ ਵੱਧ । ਜੇ ਛਿੜਕਾਅ ਇੱਕਸਾਰ ਨਹੀਂ ਹੋ ਰਿਹਾ ਤਾਂ ਨੋਜ਼ਲ ਬਦਲੋ ।
- ਸਪਰੇਅ ਦਾ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਪੰਪ ਨੂੰ ਚੰਗੀ ਤਰ੍ਹਾਂ ਗਰੀਸ ਕਰੋ ਅਤੇ ਬੋਕੀ ਚੈੱਕ ਕਰੋ ਤਾਂ ਜੋ ਪੰਪ ਚੱਲਣ ਵਿੱਚ ਹਲਕਾ ਹੋਵੇ ।

- ਛਿੜਕਾਅ ਸ਼ੁਰੂ ਕਰਨ ਤੋਂ ਪਹਿਲਾਂ ਪੰਪ ਨੂੰ ਪਾਣੀ ਨਾਲ ਚੰਗੀ ਤਰ੍ਹਾਂ ਸਾਫ਼ ਕਰੋ । ਦਵਾਈ ਦਾ ਘੋਲ ਸਾਫ਼ ਪਾਣੀ ਵਿੱਚ ਬਣਾਉ । ਜਦੋਂ ਇਸ ਘੋਲ ਨੂੰ ਢੋਲਕੀ ਵਿੱਚ ਪਾਉਣਾ ਹੋਵੇ ਤਾਂ ਉਸ ਸਮੇਂ ਵੀ ਇਸ ਨੂੰ ਪੰਪ ਉੱਤੇ ਜਾਲੀ ਰੱਖ ਕੇ ਪਾਉ ।
- ਜੇਕਰ ਛਿੜਕਾਅ ਕਰਦੇ ਸਮੇਂ ਨੋਜ਼ਲ ਬੰਦ ਹੋ ਜਾਂਦੀ ਹੈ ਤਾਂ ਉਸ ਵਿੱਚ ਕੋਈ ਤਿੱਖੀ ਚੀਜ਼ ਨਾ ਮਾਰੋ ਪ੍ਰੰਤੂ ਨੋਜ਼ਲ ਨੂੰ ਖੋਲ੍ਹ ਕੇ ਉਸ ਨੂੰ ਪਾਣੀ ਵਿੱਚ ਹਿਲਾ ਕੇ ਫਸਿਆ ਹੋਇਆ ਕਚਰਾ ਕੱਢ ਦਿਉ ।
- ਹਰੇਕ ਸਾਲ ਪੁਰਾਣੀ ਨੋਜ਼ਲ ਨਾ ਵਰਤੋ । ਨੋਜ਼ਲ ਖ਼ਰਾਬ ਹੋਣ ਤੇ ਨਵੀਂ ਨੋਜ਼ਲ ਜਾਂ ਨਵੇਂ ਨੋਜ਼ਲ ਟਿੱਪ ਦੀ ਵਰਤੋਂ ਕਰੋ ।
- ਛਿੜਕਾਅ ਖ਼ਤਮ ਹੋਣ ਤੇ ਸਪਰੇਅ ਪੰਪ ਨੂੰ ਸਰਫ਼ ਜਾਂ ਸੋਢੇ ਨਾਲ ਚੰਗੀ ਤਰ੍ਹਾਂ ਧੋ ਲਵੋ ਅਤੇ ਇਸ ਨੂੰ ਧੁੱਪ ਵਿੱਚ ਸੁਕਾ ਕੇ ਸਟੋਰ ਵਿੱਚ ਰੱਖੋ ।

ਨਦੀਨ ਨਾਸ਼ਕ ਜ਼ਹਿਰਾਂ ਦਾ ਛਿੜਕਾਅ ਤੇਜ਼ ਹਵਾ ਵਾਲੇ ਦਿਨ ਨਾ ਕਰੋ ਤਾਂ ਜੋ ਦਵਾਈ ਉੱਡ ਕੇ ਛਿੜਕਾਅ ਕਰ ਰਹੇ ਵਿਅਕਤੀ ਤੇ ਨਾ ਪਵੇ ਅਤੇ ਨਾ ਹੀ ਉੱਡ ਕੇ ਨਾਲ ਦੀ ਫ਼ਸਲ ਉੱਪਰ ਪਵੇ । ਨਦੀਨ ਨਾਸ਼ਕ ਜ਼ਹਿਰਾਂ ਦਾ ਛਿੜਕਾਅ ਕਦੇ ਵੀ ਹਵਾ ਦੇ ਉਲਟ ਦਿਸ਼ਾ ਵੱਲ ਨਾ ਕਰੋ ਅਤੇ ਇਸ ਨੂੰ 90 ਡਿਗਰੀ ਦੇ ਕੋਣ ਤੇ ਕਰੋ। ਛਿੜਕਾਅ ਕਦੇ ਵੀ ਖਾਲੀ ਪੇਟ ਨਾ ਕਰੋ । ਛਿੜਕਾਅ ਕਰਨ ਵਾਲੇ ਵਿਅਕਤੀ ਨੇ ਪੂਰੀਆਂ ਬਾਹਵਾਂ ਵਾਲੀ ਕਮੀਜ਼, ਪਜ਼ਾਮਾ ਅਤੇ ਬੂਟ ਪਾਏ ਹੋਣੇ ਚਾਹੀਦੇ ਹਨ ਤਾਂ ਜੋ ਨਦੀਨ ਨਾਸ਼ਕ ਜ਼ਹਿਰ ਸਰੀਰ ਦੇ ਕਿਸੇ ਵੀ ਹਿੱਸੇ ਤੇ ਨਾ ਪਵੇ। ਇਸ ਤੋਂ ਇਲਾਵਾ ਹੱਥਾਂ ਉੱਪਰ ਦਸਤਾਨੇ ਅਤੇ ਮੂੰਹ ਉੱਪਰ ਗੈਸ-ਮਾਸਕ ਲਗਾ ਕੇ ਛਿੜਕਾਅ ਕਰਨਾ ਚਾਹੀਦਾ ਹੈ । ਛਿੜਕਾਅ ਕਰਦੇ ਸਮੇਂ ਕੁੱਝ ਖਾਣਾ ਨਹੀਂ ਚਾਹੀਦਾ। ਛਿੜਕਾਅ ਖ਼ਤਮ ਹੋਣ ਤੇ ਚੰਗੀ ਤਰ੍ਹਾਂ ਸਾਬਣ ਲਾ ਕੇ ਇਸ਼ਨਾਨ ਕਰਨਾ ਜ਼ਰੂਰੀ ਹੈ ਤਾਂ ਜੋ ਦਵਾਈ ਦੇ ਕਿਸੇ ਵੀ ਮਾੜੇ ਅਸਰ ਤੋਂ ਬਚਿਆ ਜਾ ਸਕੇ ।

# ਹਾੜ੍ਹੀ ਦੇ ਨਦੀਨਾਂ ਦੀ ਰੋਕਥਾਮ

## ਹਾੜ੍ਹੀ ਦੀਆਂ ਫ਼ਸਲਾਂ

### ਕਣਕ

ਕਣਕ ਪੰਜਾਬ ਵਿੱਚ ਹਾੜ੍ਹੀ ਦੀ ਮੁੱਖ ਫ਼ਸਲ ਹੈ । ਨਵੀਆਂ ਕਿਸਮਾਂ, ਖਾਦਾਂ ਅਤੇ ਪਾਣੀ ਦੀ ਸਮੇਂ ਸਿਰ ਵਰਤੋਂ ਜਿੱਥੇ ਕਣਕ ਦਾ ਝਾੜ ਵਧਾਉਣ ਵਿੱਚ ਸਹਾਈ ਹੋਈਆਂ ਹਨ ਉੱਥੇ ਨਦੀਨ ਦੀ ਸਮੱਸਿਆ ਵੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ । ਝੋਨੇ ਅਤੇ ਕਣਕ ਦਾ ਫ਼ਸਲ ਚੱਕਰ ਅਪਨਾਉਣ ਨਾਲ ਪੰਜਾਬ ਵਿੱਚ ਤਕਰੀਬਨ 60 ਤੋਂ 70 ਪ੍ਰਤੀਸ਼ਤ ਰਕਬੇ ਵਿੱਚ ਘਾਹ ਵਾਲੇ ਨਦੀਨ (ਗੁੱਲੀ ਡੰਡਾ ਅਤੇ ਘੂੰਈਂ) ਬਹੁਤ ਵੱਡੀ ਸਮੱਸਿਆ ਬਣ ਗਏ ਹਨ । ਜੌਂਧਰ/ਬਿਗੜ ਦੀ ਸਮੱਸਿਆ ਉਸ ਕਣਕ ਦੀ ਫ਼ਸਲ ਵਿੱਚ ਬਹੁਤ ਹੁੰਦੀ ਹੈ ਜੋ ਕਿ ਮੱਕੀ ਜਾਂ ਮੂੰਗਫ਼ਲੀ ਵਾਲੇ ਖੇਤਾਂ ਵਿੱਚ ਬੀਜੀ ਗਈ ਹੋਵੇ। ਜੇਕਰ ਕਣਕ ਦੀ ਫ਼ਸਲ ਵਿੱਚ ਨਦੀਨ ਉੱਪਰ ਸਮੇਂ ਸਿਰ ਕਾਬੂ ਨਾ ਪਾਇਆ ਜਾ ਸਕੇ ਤਾਂ ਕਣਕ ਦਾ ਝਾੜ 15 ਤੋਂ 50 ਪ੍ਰਤੀਸ਼ਤ ਤੱਕ ਘਟ ਜਾਂਦਾ ਹੈ ਜਿਸ ਦੇ ਹੇਠ ਲਿਖੇ ਕਾਰਨ ਹਨ :

- ਕਣਕ ਵਿੱਚ ਪਾਈ ਹੋਈ ਖਾਦ ਦਾ ਅੱਧੇ ਤੋਂ ਜ਼ਿਆਦਾ ਹਿੱਸਾ ਨਦੀਨ ਖਪਤ ਕਰ ਜਾਂਦੇ ਹਨ ਅਤੇ ਮੁਢਲੀਆਂ ਹਾਲਤਾਂ ਤੋਂ ਹੀ ਕਣਕ ਦੀ ਫ਼ਸਲ ਨੂੰ ਕਮਜ਼ੋਰ ਕਰ ਦਿੰਦੇ ਹਨ । ਨਦੀਨ ਨਾ ਸਿਰਫ਼ ਖਾਦ ਪ੍ਰੰਤੂ ਪਾਣੀ ਦਾ ਬਹੁਤ ਹਿੱਸਾ ਵੀ ਆਪਣੇ ਵਧਣ-ਫੁੱਲਣ ਲਈ ਵਰਤ ਲੈਂਦੇ ਹਨ ਅਤੇ ਕਣਕ ਦੇ ਹਿੱਸੇ ਘੱਟ ਪਾਣੀ ਰਹਿ ਜਾਂਦਾ ਹੈ ਅਤੇ ਕਣਕ ਦਾ ਝਾੜ ਘਟ ਜਾਂਦਾ ਹੈ ।
- ਕਈ ਵਾਰ ਨਦੀਨ ਕਣਕ ਤੋਂ ਪਹਿਲਾਂ ਉੱਗ ਪੈਂਦੇ ਹਨ ਅਤੇ ਕਣਕ ਦੇ ਬੂਟਿਆਂ ਨੂੰ ਢੱਕ ਲੈਂਦੇ ਹਨ ਅਤੇ ਕਣਕ ਨੂੰ ਸੂਰਜ ਦੀ ਰੋਸ਼ਨੀ ਤੋਂ ਵਾਂਝਿਆਂ ਕਰ ਦਿੰਦੇ ਹਨ ਜੋ ਕਿ ਬੂਟੇ ਦੀ ਖ਼ੁਰਾਕ ਬਣਨ ਵਿੱਚ ਬਹੁਤ ਸਹਾਈ ਹੁੰਦੀ ਹੈ ।

ਇਸ ਲਈ ਇਹ ਅਤਿ ਜ਼ਰੂਰੀ ਹੈ ਕਿ ਕਣਕ ਦੀ ਫ਼ਸਲ ਦਾ ਵੱਧ ਝਾੜ ਪ੍ਰਾਪਤ ਕਰਨ ਲਈ ਇਸ ਫ਼ਸਲ ਦੇ ਨਦੀਨਾਂ ਉੱਤੇ ਸਮੇਂ ਸਿਰ ਅਤੇ ਯੋਗ ਢੰਗ ਨਾਲ ਕਾਬੂ ਪਾਇਆ ਜਾ ਸਕੇ ।

#### ਨਦੀਨ

ਇਸ ਫ਼ਸਲ ਵਿੱਚ ਆਮ ਤੌਰ ਤੇ ਹੇਠ ਲਿਖੇ ਨਦੀਨ ਹੁੰਦੇ ਹਨ :

1. **ਘਾਹ ਵਾਲੇ ਨਦੀਨ :** ਗੁੱਲੀ ਡੰਡਾ ਜਾਂ ਸਿੱਟੀ, ਜੌਂਧਰ ਜਾਂ ਬਿਗੜ ਜਾਂ ਜੰਗਲੀ ਜਵੀ, ਘੂੰਈਂ ਜਾਂ ਬੂੰਈ, ਲੂੰਬੜ ਘਾਹ, ਰਾਈ ਘਾਹ ਆਦਿ ।

2. **ਚੌੜੀ ਪੱਤੀ ਵਾਲੇ ਨਦੀਨ** : ਬਾਥੂ, ਮੈਣਾ, ਮੈਣੀ, ਬਿੱਲੀ ਬੂਟੀ, ਖੰਡੀ, ਪਿੱਤ ਪਾਪੜਾ, ਤੱਕਲਾ, ਚਟਰੀ-ਮਟਰੀ, ਪਿਆਜ਼ੀ, ਰਾੜ੍ਹੀ, ਜੰਗਲੀ ਪਾਲਕ, ਕੰਡਿਆਲੀ ਪਾਲਕ, ਜੰਗਲੀ ਹਾਲੋਂ, ਬਟਨ ਬੀਡ ਆਦਿ ।

3. **ਬਹੁ ਰੁੱਤੇ ਨਦੀਨ** : ਲੇਹ ਅਤੇ ਲੇਹਲੀ ।

ਘਾਹ ਵਾਲੇ ਨਦੀਨਾਂ ਵਿੱਚੋਂ ਗੁੱਲੀ ਡੰਡਾ ਸਿਰਫ਼ ਉਨ੍ਹਾਂ ਖੇਤਾਂ ਵਿੱਚ ਹੀ ਹੁੰਦਾ ਹੈ ਜਿੱਥੇ ਨਮੀ ਜ਼ਿਆਦਾ ਹੋਵੇ ਜਾਂ ਕਣਕ ਅਤੇ ਝੋਨਾ ਫ਼ਸਲ ਚੱਕਰ ਹੋਵੇ । ਇਹ ਨਦੀਨ ਕਣਕ ਦੇ ਨਾਲ ਨਵੰਬਰ ਦੇ ਮਹੀਨੇ ਵਿੱਚ ਬਹੁਤੀ ਮਾਤਰਾ ਵਿੱਚ ਹੁੰਦਾ ਹੈ ਪ੍ਰੰਤੂ ਜੇਕਰ ਕਣਕ ਅਗੇਤੀ (ਅਖੀਰ ਅਕਤੂਬਰ ਵਿੱਚ) ਬੀਜੀ ਹੋਵੇ ਤਾਂ ਇਸ ਦੀ ਮਾਤਰਾ ਘੱਟ ਹੁੰਦੀ ਹੈ । ਇਹ ਨਦੀਨ 2 ਤੋਂ 3 ਲੋਆਂ ਵਿੱਚ ਉੱਗਦਾ ਹੈ ਪ੍ਰੰਤੂ ਪਹਿਲੇ ਦੋ ਲੋਅ (ਇੱਕ ਤਾਂ ਬੀਜਾਈ ਵੇਲੇ ਅਤੇ ਦੂਸਰਾ ਪਹਿਲੇ ਪਾਣੀ ਬਾਅਦ) ਕਣਕ ਦੇ ਝਾੜ ਤੇ ਬਹੁਤ ਭੈੜਾ ਅਸਰ ਪਾਉਂਦੇ ਹਨ ।

ਜੌਂਧਰ ਦੀ ਬਹੁਤੀ ਹੋਂਦ ਵੀ ਆਮ ਤੌਰ ਤੇ ਨਵੰਬਰ ਵਿੱਚ ਬੀਜੀ ਹੋਈ ਕਣਕ ਵਿੱਚ ਹੁੰਦੀ ਹੈ । ਪ੍ਰੰਤੂ ਇਸ ਨਦੀਨ ਦੀ ਉੱਗਣ ਕਿਰਿਆ ਗੁੱਲੀ ਡੰਡੇ ਨਾਲੋਂ ਇੱਕ ਹਫ਼ਤਾ ਪਹਿਲਾਂ ਸ਼ੁਰੂ ਹੋ ਜਾਂਦੀ ਹੈ । ਇਹ ਨਦੀਨ ਆਮ ਤੌਰ ਤੇ ਹਲਕੀਆਂ ਤੋਂ ਦਰਮਿਆਨੀਆਂ ਜ਼ਮੀਨਾਂ ਵਿੱਚ ਬੀਜੀ ਗਈ ਕਣਕ ਵਿੱਚ ਪਾਇਆ ਜਾਂਦਾ ਹੈ ਅਤੇ ਪਹਿਚਾਣਨਾ ਬਹੁਤ ਮੁਸ਼ਕਲ ਹੁੰਦਾ ਹੈ ਅਤੇ ਮੁੱਢਲੀਆਂ ਹਾਲਤਾਂ ਤੋਂ ਹੀ ਕਣਕ ਦੀ ਫ਼ਸਲ ਦਾ ਡੱਟ ਕੇ ਮੁਕਾਬਲਾ ਕਰਦਾ ਹੈ ।

**ਰੋਕਥਾਮ** : ਕਣਕ ਦੀ ਫ਼ਸਲ ਵਿੱਚੋਂ ਨਦੀਨ ਤੇ ਕਾਬੂ ਪਾਉਣ ਲਈ ਕਈ ਢੰਗਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਜੋ ਕਿ ਹੇਠ ਲਿਖੇ ਹਨ :

1. ਗੋਡੀ ਰਾਹੀਂ ।
2. ਕਾਸ਼ਤਕਾਰੀ ਢੰਗਾਂ ਨਾਲ ।
3. ਨਦੀਨਨਾਸ਼ਕ ਦਵਾਈਆਂ ਦੀ ਵਰਤੋਂ ਨਾਲ ।

**ਗੋਡੀ** : ਨਦੀਨ ਖ਼ੁਰਾਕੀ ਤੱਤਾਂ ਲਈ ਮੁਕਾਬਲਾ ਉਦੋਂ ਤੋਂ ਸ਼ੁਰੂ ਕਰ ਦਿੰਦੇ ਹਨ ਜਦੋਂ ਕਣਕ ਦੀ ਫ਼ਸਲ ਹਾਲੇ ਬਹੁਤ ਛੋਟੀ ਹੁੰਦੀ ਹੈ ਅਤੇ ਕਣਕ ਦੀ ਬੀਜਾਈ ਤੋਂ 4 ਤੋਂ 6 ਹਫ਼ਤੇ ਦਾ ਸਮਾਂ ਕਣਕ ਵਾਸਤੇ ਨਦੀਨਾਂ ਦੇ ਮੁਕਾਬਲੇ ਲਈ ਬਹੁਤ ਔਖਾ ਸਮਾਂ ਹੁੰਦਾ ਹੈ। ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਸ ਸਮੇਂ ਵਿੱਚ ਨਦੀਨ ਨੂੰ ਗੋਡੀ ਰਾਹੀਂ ਕੱਢਿਆ ਜਾਵੇ। ਇਸੇ ਕਰਕੇ ਇਸ ਫ਼ਸਲ ਵਿੱਚ ਨਦੀਨ ਤੇ ਕਾਬੂ ਪਾਉਣ ਲਈ ਦੋ ਗੋਡੀਆਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ । ਪਹਿਲੀ ਗੋਡੀ ਜਿਸ ਨੂੰ ਕੋਰ ਗੋਡੀ ਕਿਹਾ ਜਾਂਦਾ ਹੈ, ਪਾਣੀ ਲਾਉਣ ਤੋਂ ਪਹਿਲਾਂ ਕੀਤੀ ਜਾਂਦੀ ਹੈ ਅਤੇ ਦੂਸਰੀ ਗੋਡੀ ਪਾਣੀ ਲਾਉਣ ਤੋਂ ਇੱਕ ਜਾਂ ਦੋ ਹਫ਼ਤੇ ਬਾਅਦ ਕੀਤੀ ਜਾਂਦੀ ਹੈ । ਜਿਸ ਫ਼ਸਲ ਵਿੱਚ ਘਾਹ

ਵਾਲੇ ਨਦੀਨ ਦੀ ਸਮੱਸਿਆ ਹੋਵੇ ਉਸ ਵਿੱਚ ਗੋਡੀ ਨਾਲ ਨਦੀਨ ਦੀ ਰੋਕਥਾਮ ਕਰਨੀ ਬਹੁਤ ਮੁਸ਼ਕਲ ਹੈ ਜਿਸ ਦੇ ਹੇਠ ਲਿਖੇ ਕਾਰਨ ਹਨ :

1. ਇਹ ਨਦੀਨ ਕਣਕ ਦੇ ਬੂਟੇ ਨਾਲ ਮਿਲਦੇ-ਜੁਲਦੇ ਹਨ ਅਤੇ ਇਨ੍ਹਾਂ ਨੂੰ ਮੁੱਢਲੀਆਂ ਹਾਲਤਾਂ ਵਿੱਚ ਪਛਾਨਣਾ ਬਹੁਤ ਔਖਾ ਹੁੰਦਾ ਹੈ ਅਤੇ ਗੋਡੀ ਕਰਨ ਨਾਲ ਇਨ੍ਹਾਂ ਨੂੰ ਪੂਰੀ ਤਰ੍ਹਾਂ ਕੱਢ ਨਹੀਂ ਸਕਦੇ ।
2. ਜੇਕਰ ਗੋਡੀ ਕਰ ਵੀ ਦਿੱਤੀ ਜਾਵੇ ਤਾਂ ਸਿਰਫ਼ ਉਹ ਨਦੀਨ ਹੀ ਕੱਢਿਆ ਜਾਂਦਾ ਹੈ ਜੋ ਸਿਆੜਾਂ ਦੇ ਵਿਚਕਾਰ ਹੈ । ਪ੍ਰੰਤੂ ਸਿਆੜਾਂ ਵਿਚਲਾ ਨਦੀਨ ਨਹੀਂ ਕੱਢਿਆ ਜਾ ਸਕਦਾ ਹੈ ਜੋ ਕਿ ਸਿਰਫ਼ ਕਣਕ ਦਾ ਝਾੜ ਹੀ ਨਹੀਂ ਘਟਾਉਂਦਾ ਪ੍ਰੰਤੂ ਅਗਲੇ ਸਾਲ ਲਈ ਬੀਜ ਪੈਦਾ ਕਰਕੇ ਨਦੀਨ ਦੀ ਸਮੱਸਿਆ ਨੂੰ ਵੀ ਵਧਾਉਂਦਾ ਹੈ ।
3. ਖ਼ਾਸ ਕਰਕੇ ਗੁੱਲੀ ਡੰਡਾ ਨਦੀਨ ਕਣਕ ਵਿੱਚ ਕਈ ਲੌਆਂ ਵਿੱਚ ਜੰਮਦਾ ਹੈ ਜਿਵੇਂ ਕਿ ਕਣਕ ਬੀਜਣ ਤੋਂ ਬਾਅਦ, ਪਹਿਲੇ ਪਾਣੀ ਤੋਂ ਬਾਅਦ ਅਤੇ ਫਿਰ ਦੂਸਰੇ ਪਾਣੀ ਤੋਂ ਬਾਅਦ । ਜੋ ਨਦੀਨ ਦੂਸਰੀ ਗੋਡੀ ਤੋਂ ਬਾਅਦ ਨਿਕਲਦੇ ਹਨ ਉਹ ਵੀ ਫ਼ਸਲ ਨਾਲ ਖ਼ੁਰਾਕੀ ਤੱਤਾਂ ਅਤੇ ਪਾਣੀ ਲਈ ਮੁਕਾਬਲਾ ਕਰਦੇ ਹਨ ਅਤੇ ਕਣਕ ਦਾ ਝਾੜ ਘੱਟ ਜਾਂਦਾ ਹੈ ।
4. ਭਾਰੀਆਂ ਜ਼ਮੀਨਾਂ ਵਿੱਚ (ਡਾਕਰ) ਪਾਣੀ ਲਾਉਣ ਤੋਂ ਬਾਅਦ ਜ਼ਮੀਨ ਨੂੰ ਵੱਤਰ ਆਉਣ ਤੇ ਜ਼ਿਆਦਾ ਸਮਾਂ ਲੱਗਦਾ ਹੈ । ਜੇਕਰ ਗੋਡੀ ਤਰ ਵੱਤਰ ਵਿੱਚ ਕੀਤੀ ਜਾਵੇ ਤਾਂ ਨਦੀਨ ਦੀਆਂ ਜੜ੍ਹਾਂ ਪੁੱਟੀਆਂ ਨਹੀਂ ਜਾਦੀਆਂ ਸਗੋਂ ਕੁਝ ਸਮਾਂ ਪੈਣ ਤੇ ਨਦੀਨ ਦੇ ਬੂਟੇ ਫਿਰ ਉੱਗਣਾ ਸ਼ੁਰੂ ਕਰ ਦਿੰਦੇ ਹਨ । ਪ੍ਰੰਤੂ ਜੇਕਰ ਵੱਤਰ ਚੜ੍ਹਾ ਕੇ ਗੋਡੀ ਕੀਤੀ ਜਾਵੇ ਤਾਂ ਰੰਬਾ ਜਾਂ ਕਸੌਲਾ ਜਾਂ ਵ੍ਹੀਲ ਹੋ ਲੱਗਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਅਤੇ ਨਦੀਨ ਸਿਰਫ਼ ਉੱਪਰੋਂ ਵੱਢਿਆ ਜਾਂਦਾ ਹੈ ਜੋ ਫਿਰ ਫੁੱਟਣਾ ਸ਼ੁਰੂ ਹੋ ਜਾਂਦਾ ਹੈ ।
5. ਇਸ ਤੋਂ ਉਪਰੰਤ ਜੇਕਰ ਮਜ਼ਦੂਰ ਵੇਲੇ ਸਿਰ ਨਾ ਮਿਲਣ ਤਾਂ ਗੋਡੀ ਪਿਛੇਤੀ ਹੋਣ ਕਾਰਨ ਕਣਕ ਦਾ ਝਾੜ ਬਹੁਤ ਘਟ ਜਾਂਦਾ ਹੈ ਕਿਉਂਕਿ ਨਦੀਨ ਗੋਡੀ ਤੋਂ ਪਹਿਲਾਂ ਹੀ ਕਣਕ ਨੂੰ ਪਾਈਆਂ ਹੋਈਆਂ ਖਾਦਾਂ ਦਾ ਬਹੁਤਾ ਹਿੱਸਾ ਵਰਤ ਚੁਕੇ ਹੁੰਦੇ ਹਨ ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੇਕਰ ਵੇਲੇ ਸਿਰ ਦੋ ਗੋਡੀਆਂ ਚੰਗੀ ਤਰ੍ਹਾਂ ਕਰ ਦਿੱਤੀਆਂ ਜਾਣ ਤਾਂ ਚੌੜੀ ਪੱਤੀ ਵਾਲੇ ਨਦੀਨ ਚੰਗੀ ਤਰ੍ਹਾਂ ਕੱਢੇ ਜਾ ਸਕਦੇ ਹਨ। ਪ੍ਰੰਤੂ ਜਿਸ ਕਣਕ ਦੀ ਫ਼ਸਲ ਵਿੱਚ ਘਾਹ ਵਾਲੇ ਨਦੀਨ ਹੋਣ ਉਸ ਵਿੱਚ ਦੋ ਗੋਡੀਆਂ ਕਰਨ ਦੇ ਬਾਵਜੂਦ ਵੀ ਕਣਕ ਦਾ ਝਾੜ 10 ਤੋਂ 15 ਪ੍ਰਤੀਸ਼ਤ ਘੱਟ ਜਾਂਦਾ ਹੈ । ਇਨ੍ਹਾਂ ਉੱਪਰ ਦੱਸੀਆਂ ਹੋਈਆਂ ਸਮੱਸਿਆਵਾਂ ਦਾ ਸਾਹਮਣਾ ਕਰਨ ਲਈ ਕਣਕ ਦੀ ਫ਼ਸਲ ਵਿੱਚ ਨਦੀਨਨਾਸ਼ਕ ਦਵਾਈਆਂ ਦੀ ਵਰਤੋਂ ਕਰਨੀ ਚਾਹੀਦੀ ਹੈ ਜੋ ਕਿ ਨਾ ਸਿਰਫ਼

ਵੇਲੇ ਸਿਰ ਹੀ ਨਦੀਨ ਤੇ ਕਾਬੂ ਪਾਉਂਦੀਆਂ ਹਨ ਸਗੋਂ ਸਸਤੀਆਂ ਅਤੇ ਅਸਰਦਾਇਕ ਵੀ ਸਾਬਤ ਹੁੰਦੀਆਂ ਹਨ ।

## 2. ਕਾਸ਼ਤਕਾਰੀ ਢੰਗ

ਕਣਕ ਵਿੱਚ ਨਦੀਨਾਂ ਦੀ ਰੋਕਥਾਮ ਖ਼ਾਸ ਕਰਕੇ ਗੁੱਲੀ ਡੰਡਾ/ਸਿੱਟੀ ਲਈ ਕਈ ਕਾਸ਼ਤਕਾਰੀ ਢੰਗ ਵੀ ਬਹੁਤ ਸਹਾਈ ਹੁੰਦੇ ਹਨ । ਕਣਕ ਦੀ ਬੀਜਾਈ ਅਕਤੂਬਰ ਦੇ ਅਖ਼ੀਰਲੇ ਜਾਂ ਨਵੰਬਰ ਦੇ ਪਹਿਲੇ ਹਫ਼ਤੇ ਕਰਨ ਨਾਲ ਅਤੇ ਕਣਕ ਦੀ ਥਾਂ ਤੇ ਬਰਸੀਮ, ਆਲੂ, ਰਾਇਆ, ਗੋਭੀ ਸਰ੍ਹੋਂ, ਸਿਆਲੂ ਮੱਕੀ ਆਦਿ ਬੀਜਣ ਨਾਲ ਗੁੱਲੀ ਡੰਡੇ ਦੀ ਸਮੱਸਿਆ ਖ਼ਤਮ ਕੀਤੀ/ਘਟਾਈ ਜਾ ਸਕਦੀ ਹੈ । ਇਸ ਤੋਂ ਇਲਾਵਾ ਕਣਕ ਦੀ ਬੀਜਾਈ 6 ਇੰਚ (15 ਸੈਂਟੀਮੀਟਰ) ਤੇ ਕਰਨ ਨਾਲ ਅਤੇ ਕਣਕ ਦੀਆਂ ਛੇਤੀ ਵਧਣ ਵਾਲੀਆਂ ਕਿਸਮਾਂ ਜਿਸ ਤਰ੍ਹਾਂ ਕਿ ਪੀ ਬੀ ਡਬਲਯੂ 502, ਪੀ ਬੀ ਡਬਲਯੂ 343, ਪੀ ਬੀ ਡਬਲਯੂ 621, ਐਚ ਡੀ 2967, ਡੀ ਬੀ ਡਬਲਯੂ 17, ਡਬਲਯੂ ਐਚ 542 ਆਦਿ ਦੀ ਚੋਣ ਨਾਲ ਗੁੱਲੀਡੰਡੇ ਦਾ ਵਾਧਾ ਰੋਕਿਆ (ਘਟਾਇਆ) ਜਾ ਸਕਦਾ ਹੈ । ਜੇਕਰ ਕਣਕ ਦੀ ਬੀਜਾਈ ਤੋਂ ਬਾਅਦ ਮਿੱਟੀ ਦੀ ਤਹਿ ਸੁਕਾ ਦਿੱਤੀ ਜਾਵੇ ਤਾਂ ਵੀ ਗੁੱਲੀਡੰਡਾ ਅਤੇ ਹੋਰ ਨਦੀਨ ਘੱਟ ਉੱਗਦੇ ਹਨ।

## 3. ਨਦੀਨਨਾਸ਼ਕ ਜ਼ਹਿਰਾਂ ਦੀ ਵਰਤੋਂ

ਗੋਡੀ ਦੇ ਮੁਕਾਬਲੇ ਜ਼ਿਆਦਾ ਲਾਹੇਵੰਦ ਹੈ, ਜਿਸ ਤਰ੍ਹਾਂ ਕਿ ਹੇਠ ਲਿਖੇ ਅੰਕੜੇ ਜੋ ਸਾਰਨੀ ਨੰ. 2 ਵਿੱਚ ਦਿੱਤੇ ਗਏ ਹਨ, ਤੋਂ ਸਿੱਧ ਹੁੰਦਾ ਹੈ ।

**ਸਾਰਨੀ ਨੰ. 2 : ਕਣਕ ਵਿੱਚ ਵਰਤੇ ਜਾਣ ਵਾਲੇ ਨਦੀਨਨਾਸ਼ਕ ਤਰੀਕਿਆਂ ਦਾ ਝਾੜ ਤੇ ਅਸਰ ।**

| ਰੋਕਥਾਮ ਦੇ ਤਰੀਕੇ | ਕਣਕ ਦਾ ਝਾੜ (ਕੁ./ਹੈਕਟੇਅਰ) ਕਣਕ ਦੇ ਨਦੀਨ | | |
|---|---|---|---|
| | ਜੌਂਧਰ | ਗੁੱਲੀ ਡੰਡਾ | ਚੌੜੇ ਪੱਤੇ ਵਾਲੇ ਨਦੀਨ |
| ਗੋਡੀ ਰਾਹੀਂ | 37.3 | 34.4 | 42.9 |
| ਜ਼ਹਿਰਾਂ ਰਾਹੀਂ | 41.0 | 45.0 | 44.5 |
| ਬਿਨਾਂ ਜ਼ਹਿਰਾਂ ਅਤੇ ਬਿਨਾਂ ਗੋਡੀ | 21.0 | 24.5 | 41.8 |

ਪੰਜਾਬ ਵਿੱਚ ਕਣਕ ਦੀ ਫ਼ਸਲ ਵਿੱਚ ਜ਼ਹਿਰਾਂ ਦੀ ਖਪਤ ਦਿਨ-ਬ-ਦਿਨ ਵੱਧ ਰਹੀ ਹੈ ਕਿਉਂਕਿ ਜ਼ਹਿਰਾਂ ਨਦੀਨਾਂ ਨੂੰ ਜ਼ਿਆਦਾ ਚੰਗੀ ਤਰ੍ਹਾਂ ਕਾਬੂ ਕਰਦੀਆਂ ਹਨ। ਗੁੱਲੀ ਡੰਡੇ ਨੂੰ ਮਾਰਨ ਵਾਸਤੇ ਸਾਰਨੀ ਨੰ. 3 ਵਿੱਚ ਦਿੱਤੀਆਂ ਹੋਈਆਂ ਜ਼ਹਿਰਾਂ ਵਿੱਚੋਂ ਕਿਸੇ ਵੀ ਇੱਕ ਜ਼ਹਿਰ ਦੀ ਵਰਤੋਂ ਕੀਤੀ ਜਾ ਸਕਦੀ ਹੈ । ਗੁੱਲੀ ਡੰਡੇ ਤੋਂ ਇਲਾਵਾ ਇਹ ਜ਼ਹਿਰਾਂ ਕੁੱਝ ਹੱਦ ਤੱਕ ਚੌੜੀ ਪੱਤੀ ਵਾਲੇ ਨਦੀਨਾਂ ਅਤੇ ਜੌਂਧਰ ਨੂੰ ਵੀ ਮਾਰ ਦਿੰਦੀਆਂ ਹਨ । ਜਿਨ੍ਹਾਂ ਖੇਤਾਂ ਵਿੱਚ ਸਟੌਂਪ/ਟਰੈਫਲਾਨ/ਟਰੈਮਰ ਵਰਤਣੀ

ਹੋਵੇ, ਉਨ੍ਹਾਂ ਖੇਤਾਂ ਦੀ ਤਿਆਰੀ ਬਹੁਤ ਚੰਗੀ ਤਰ੍ਹਾਂ ਕਰਨੀ ਚਾਹੀਦੀ ਹੈ ਅਤੇ ਪਾਣੀ ਦੀ ਮਾਤਰਾ ਘੱਟ ਤੋਂ ਘੱਟ 200 ਲਿਟਰ ਪ੍ਰਤੀ ਏਕੜ ਜ਼ਰੂਰ ਵਰਤਣੀ ਚਾਹੀਦੀ ਹੈ।

**ਸਾਰਣੀ ਨੰ. 3 : ਕਣਕ ਵਿੱਚ ਗੁੱਲੀ ਡੰਡੇ ਨੂੰ ਮਾਰਨ ਲਈ ਵਰਤੀਆਂ ਜਾਣ ਵਾਲੀਆਂ ਨਦੀਨ ਨਾਸ਼ਕ ਜ਼ਹਿਰਾਂ**

| ਜ਼ਹਿਰ ਦਾ ਨਾਂ | ਮਾਤਰਾ/ਏਕੜ | ਵਰਤੋਂ ਦਾ ਸਮਾਂ |
|---|---|---|
| ਪੈਂਡੀਮੈਥਾਲਿਨ (30%)<br>ਸਟੌਂਪ/ਦੋਸਤ | 1 ਲਿਟਰ | ਬੀਜਾਈ ਤੋਂ ਦੋ ਦਿਨਾਂ ਦੇ ਅੰਦਰ-ਅੰਦਰ। |
| ਟ੍ਰਾਈਫਲੂਰਾਲਿਨ (48%)<br>ਟ੍ਰੈਫਲਾਨ/ਟਰੈਮਰ | 1 ਲਿਟਰ | ,, |
| ਆਈਸੋਪ੍ਰੋਟਯੂਰਾਨ (75%)<br>ਐਰੀਲੋਨ/ਡੈਲਰੋਨ/ਹਿਲਪ੍ਰੋਟਯੂਰਾਨ/ਰੋਨਕ/ਵੰਡਰ/<br>ਨੋਸੀਲੋਨ/ਮਿਲਰੋਨ/ਐਗਰੀਲੋਨ/ਟੋਟਾਲੋਨ/ਕੇਅਰਲੋਨ/<br>ਮਾਰਕਲੋਨ/ਜੈਪ੍ਰੋਟੋਯੂਰਾਨ/ਆਈਸੋਗਾਰਡ/ਧਾਰ/ਰਕਸ਼ਕ/ਪਰਾਊਲ/<br>ਕਣਕ/ਆਈਸੋਟਾਕਸ/ਆਈਸੋਹਿੱਟ/ਸਿੱਲਯੂਰਾਨ/ਆਈਸੋਸਿਨ | 500 ਗ੍ਰਾਮ | ਬੀਜਾਈ ਤੋਂ 30-35 ਦਿਨਾਂ ਦੇ ਅੰਦਰ-ਅੰਦਰ। |
| ਕਲੋਡੀਨਾਫੋਪ (15%)<br>ਟੌਪਿਕ/ਪੁਆਇੰਟ/ਮੌਲਾਹ/ਰਕਸ਼ਕ ਪਲੱਸ/ਜੈ ਵਿਜੈ/ਟੌਪਲ | 160 ਗ੍ਰਾਮ | ,, |
| ਪਿਨਕਸਾਡਿਨ (5%)<br>ਐਕਸੀਅਲ | 400 ਮਿ.ਲਿ. | ,, |
| ਫੀਨੋਕਸਾਪਰੋਪੀਈਥਾਈਲ (10%)<br>ਪਿਊਮਾ ਪਾਵਰ | 400 ਮਿ.ਲਿ. | ,, |
| ਸਲਫੋਸਲਫੂਰਾਨ (75%)<br>ਲੀਡਰ/ਐਸ ਐਫ-10/ਸ਼ਫਲ | 13 ਗ੍ਰਾਮ | ,, |
| ਮਿਜ਼ੋਸਲਫੂਰਾਨ+ਆਇਿਓਡੋਸਲਫੂਰਾਨ (3.6%)<br>ਐਟਲਾਂਟਿਸ | 160 ਗ੍ਰਾਮ | ,, |
| ਸਲਫੋਸਲਫੂਰਾਨ+ਮੈਟਸਲਫੂਰਾਨ (75 %) ਟੋਟਲ | 16 ਗ੍ਰਾਮ | ,, |
| ਫਿਨੋਕਸਾਪ੍ਰੋਪ 8%+ਮੈਟਰੀਬੂਜ਼ਿਨ 14% (ਐਕਰਡ ਪਲੱਸ) | 500 ਮਿ.ਲੀ. | ,, |

ਜਿਨ੍ਹਾਂ ਖੇਤਾਂ ਵਿੱਚ ਆਈਸੋਪ੍ਰੋਟਯੂਰਾਨ ਨਾਲ ਗੁੱਲੀ ਡੰਡਾ ਨਹੀਂ ਮਰਦਾ, ਉੱਥੇ ਸਾਰਨੀ ਨੰ. 3 ਵਿੱਚ ਦੱਸੀਆਂ ਗਈਆਂ ਜ਼ਹਿਰਾਂ ਦੀ ਵਰਤੋਂ ਕਰੋ।

ਜੇਕਰ ਕਣਕ ਦੀ ਫ਼ਸਲ ਵਿੱਚ ਗੁੱਲੀ ਡੰਡਾ ਅਤੇ ਜੌਂਧਰ ਦੋਵੇਂ ਨਦੀਨ ਹੋਣ ਤਾਂ ਆਈਸੋਪ੍ਰੋਟਯੂਰਾਨ 75% ਨਦੀਨਨਾਸ਼ਕ ਦਵਾਈਆਂ, ਜੋ ਸਾਰਨੀ 3 ਵਿੱਚ ਦਿੱਤੀਆਂ ਗਈਆਂ ਹਨ, ਦਾ ਇਸਤੇਮਾਲ ਕਣਕ ਦੀ ਬੀਜਾਈ ਤੋਂ 18-20 ਦਿਨ ਬਾਅਦ ਪ੍ਰੰਤੂ ਪਹਿਲਾ ਪਾਣੀ ਲਗਾਉਣ ਤੋਂ ਪਹਿਲਾਂ ਕਰੋ। ਇਨ੍ਹਾਂ ਦਵਾਈਆਂ ਦਾ ਛਿੜਕਾਅ

ਕਣਕ ਨੂੰ ਪਹਿਲਾ ਪਾਣੀ ਲਗਾਉਣ ਤੋਂ 2-4 ਦਿਨ ਪਹਿਲਾਂ ਕਰੋ । ਇਨ੍ਹਾਂ ਦੀ ਵਰਤੋਂ 300 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਹਲਕੀਆਂ (ਰੇਤਲੀਆਂ), 400 ਗ੍ਰਾਮ ਪ੍ਰਤੀ ਏਕੜ ਦਰਮਿਆਨੀਆਂ ਅਤੇ 500 ਗ੍ਰਾਮ ਪ੍ਰਤੀ ਏਕੜ ਭਾਰੀਆਂ ਜ਼ਮੀਨਾਂ ਤੇ ਕਰੋ । ਇਸ ਸਮੇਂ ਤੇ ਛਿੜਕਾਅ ਕਰਨ ਨਾਲ ਗੁੱਲੀ ਡੰਡਾ ਅਤੇ ਜੌਂਧਰ ਦਾ ਬਹੁਤ ਚੰਗੀ ਤਰ੍ਹਾਂ ਸਫ਼ਾਇਆ ਹੋ ਜਾਂਦਾ ਹੈ ਅਤੇ ਜ਼ਹਿਰ ਦੀ ਵੀ ਬੱਚਤ ਹੁੰਦੀ ਹੈ ।

ਕੋਈ ਵੀ ਨਦੀਨਨਾਸ਼ਕ ਜੋ ਸਾਰਨੀ 3 ਵਿੱਚ ਦਿੱਤੀ ਗਈ ਹੈ, ਦੀ ਵਰਤੋਂ ਕੀਤੀ ਜਾ ਸਕਦੀ ਹੈ । ਆਈਸੋਪ੍ਰੋਟਯੂਰਾਨ ਗਰੁੱਪ ਦੀਆਂ ਜ਼ਹਿਰਾਂ ਦਾ ਇਸਤੇਮਾਲ ਕੇਵਲ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ ਹੀ ਕਰੋ । ਹਲਕੀਆਂ ਜ਼ਮੀਨਾਂ ਦੇ ਵਿੱਚ ਇਨ੍ਹਾਂ ਜ਼ਹਿਰਾਂ ਦਾ ਪ੍ਰਯੋਗ ਨਾ ਕਰੋ ।

ਉੱਪਰ ਦੱਸੀਆਂ ਹੋਈਆਂ ਜ਼ਹਿਰਾਂ ਨੂੰ ਵਰਤਣ ਸਮੇਂ ਹੇਠ ਲਿਖੀਆਂ ਸਾਵਧਾਨੀਆਂ ਦਾ ਖਿਆਲ ਰੱਖਣਾ ਚਾਹੀਦਾ ਹੈ :

1. ਜ਼ਹਿਰਾਂ ਦੀ ਮਾਤਰਾ ਸਿਫ਼ਾਰਸ਼ ਅਨੁਸਾਰ ਹੋਣੀ ਚਾਹੀਦੀ ਹੈ ਅਤੇ ਸਪਰੇਅ ਇੱਕਸਾਰ ਕਰਨਾ ਚਾਹੀਦਾ ਹੈ ।
2. ਜਿਸ ਕਣਕ ਦੀ ਫ਼ਸਲ ਵਿੱਚ ਰਾਇਆ ਜਾਂ ਸਰ੍ਹੋਂ ਦੀਆਂ ਓਲੀਆਂ/ਸਿਆੜ ਲਾਏ ਹੋਣ ਉਸ ਵਿੱਚ ਲੀਡਰ ਜਾਂ ਐਟਲਾਂਟਿਸ ਜਾਂ ਟੋਟਲ ਗਰੁੱਪ ਦੀਆਂ ਜ਼ਹਿਰਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ।
3. ਜਿਸ ਕਣਕ ਦੇ ਖੇਤ ਵਿੱਚ ਖ਼ਾਸ ਕਰਕੇ ਆਈਸੋਪ੍ਰੋਟਯੂਰਾਨ ਨਦੀਨ ਨਾਸ਼ਕ ਦੀ ਵਰਤੋਂ ਕਰਨੀ ਹੋਵੇ ਤਾਂ ਉਸ ਖੇਤ ਵਿੱਚ ਧਾਨ ਦੀ ਪਰਾਲੀ ਨੂੰ ਸਾੜਨਾ ਨਹੀਂ ਚਾਹੀਦਾ, ਸਗੋਂ ਖੇਤ ਵਿੱਚ ਦਬਾਅ ਦੇਣਾ ਚਾਹੀਦਾ ਹੈ ।
4. ਜੇਕਰ ਜ਼ਹਿਰ ਦਾ ਸਪਰੇਅ ਖ਼ਾਸ ਕਰਕੇ ਆਈਸੋਪ੍ਰੋਟਯੂਰਾਨ ਤਰ-ਵੱਤਰ ਵਿੱਚ ਕੀਤਾ ਜਾਵੇ ਤਾਂ ਨਦੀਨ ਦੀ ਰੋਕਥਾਮ ਬਹੁਤ ਚੰਗੀ ਹੁੰਦੀ ਹੈ । ਜਿੱਥੇ ਵੱਤਰ ਖੁਸ਼ਕ ਹੋ ਜਾਵੇ ਤਾਂ ਫਿਰ ਸਪਰੇਅ ਲਈ ਪਾਣੀ ਦੀ ਮਾਤਰਾ ਵੱਧ ਵਰਤਣੀ ਚਾਹੀਦੀ ਹੈ ।
5. ਜਿਨ੍ਹਾਂ ਖੇਤਾਂ ਵਿੱਚ ਗੁੱਲੀ ਡੰਡੇ ਅਤੇ ਜੌਂਧਰ/ਬਿਗੜ ਦਾ ਇਕੱਠਾ ਹੱਲਾ ਹੋਵੇ, ਉੱਥੇ ਕਲੋਡੀਨੋਫਾਪ, ਫਿਨੋਕਸਾਪਰੋਪ ਇਥਾਈਲ, ਪਿਨਕਸਾਡਿਨ, ਸਲਫੋਸਲਫੂਫੁਰਾਨ ਅਤੇ ਮਿਜ਼ੋਸਲਫੁਰਾਨ + ਆਈਡੋਸਲਫੁਰਾਨ ਗਰੁੱਪ ਦੀਆਂ ਜ਼ਹਿਰਾਂ ਦਾ ਹੀ ਇਸਤੇਮਾਲ ਕਰੋ ।
6. ਜ਼ਹਿਰ ਦਾ ਸਪਰੇਅ ਢੋਲੀ ਵਾਲੇ ਪੰਪ ਨਾਲ (ਨੈਪਸੈਕ) ਅਤੇ ਜਿਸ ਨਾਲ ਫਲੈਟ ਫੈਨ ਜਾਂ ਫਲੱਡ ਜੈੱਟ ਨੋਜ਼ਲ ਲੱਗੀ ਹੋਵੇ, ਕਰਨਾ ਚਾਹੀਦਾ ਹੈ ।
7. ਨਵੀਆਂ ਨਦੀਨ ਨਾਸ਼ਕ ਜ਼ਹਿਰਾਂ ਦੀ ਵਰਤੋਂ ਫਲੈਟ ਫੈਨ ਨੋਜ਼ਲ ਨਾਲ 100-120 ਲਿਟਰ ਪਾਣੀ ਪ੍ਰਤੀ ਏਕੜ ਵਰਤ ਕੇ ਹੀ ਕਰੋ ।
8. ਅਕੋਰਡ ਪਲੱਸ ਨਦੀਨ ਨਾਸ਼ਕ ਨੂੰ ਕਣਕ ਦੀ ਕਿਸਮ ਪੀ ਬੀ ਡਬਲਯੂ 550 ਅਤੇ ਹੋਰ ਗੈਰ ਪ੍ਰਮਾਣਿਤ ਕਿਸਮਾਂ ਉੱਤੇ ਨਾ ਛਿੜਕੋ ।

9. ਨਦੀਨ ਨਾਸ਼ਕ ਜ਼ਹਿਰਾਂ ਤੋਂ ਲੰਬੇ ਸਮੇਂ ਤੱਕ ਫਾਇਦਾ ਲੈਣ ਲਈ ਹਰ ਸਾਲ ਨਦੀਨ ਨਾਸ਼ਕ ਬਦਲ ਕੇ ਵਰਤੋ ।

**ਜੌਂਧਰ ਜਾਂ ਬਿਗੜ :** ਜਿਨ੍ਹਾਂ ਖੇਤਾਂ ਵਿੱਚ ਸਿਰਫ਼ ਜੌਂਧਰ ਦੀ ਸਮੱਸਿਆ ਹੋਵੇ ਉੱਥੇ ਹੇਠ ਲਿਖੀਆਂ ਜ਼ਹਿਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ :

- ਜੌਂਧਰ ਨੂੰ ਮਾਰਨ ਵਾਸਤੇ ਆਈਸੋਪ੍ਰੋਟਯੂਰਾਨ (75 ਪ੍ਰਤੀਸ਼ਤ) 300 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲਾ ਪਾਣੀ ਲਾਉਣ ਤੋਂ 2-4 ਦਿਨ ਪਹਿਲਾਂ ਛਿੜਕਣੀ ਚਾਹੀਦੀ ਹੈ। ਯਾਦ ਰਹੇ ਕਿ ਇਸ ਜ਼ਹਿਰ ਦਾ ਅਸਰ ਪਾਣੀ ਲਾਉਣ ਤੋਂ ਬਾਅਦ ਹੀ ਸ਼ੁਰੂ ਹੁੰਦਾ ਹੈ ।
- ਇਸ ਨਦੀਨ ਨੂੰ ਮਾਰਨ ਵਾਸਤੇ ਸਾਰਨੀ ਨੰ. 3 ਵਿੱਚ ਦੱਸੀਆਂ ਗਈਆਂ ਕਲੋਡੀਨੋਫੋਪ ਜਾਂ ਫੀਨੋਕਸਾਪਰੋਪਈਥਾਈਲ ਗਰੁੱਪ ਦੀਆਂ ਦਵਾਈਆਂ ਗੁੱਲੀ ਡੰਡੇ ਵਾਲੀ ਮਾਤਰਾ ਦੇ ਹਿਸਾਬ ਨਾਲ ਵਰਤੀਆਂ ਜਾ ਸਕਦੀਆਂ ਹਨ । ਇਹ ਜ਼ਹਿਰਾਂ ਕਣਕ ਬੀਜਣ ਤੋਂ 30-35 ਦਿਨਾਂ ਦੇ ਅੰਦਰ-ਅੰਦਰ ਵਰਤਣੀਆਂ ਚਾਹੀਦੀਆਂ ਹਨ । ਇਹ ਦੋਵੇਂ ਜ਼ਹਿਰਾਂ ਜੌਂਧਰ ਅਤੇ ਗੁੱਲੀ ਡੰਡੇ ਦੋਹਾਂ ਨੂੰ ਮਾਰਦੀਆਂ ਹਨ ਪ੍ਰੰਤੂ ਚੌੜੀ ਪੱਤੀ ਵਾਲੇ ਨਦੀਨ ਨਹੀਂ ਮਰਦੇ ।
- ਜੌਂਧਰ ਦੀ ਰੋਕਥਾਮ ਲਈ ਐਵਾਡੈਕਸ ਤੋਂ ਇਲਾਵਾ ਟੋਟਲ 75 ਡਬਲਯੂ ਪੀ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ ।

**ਚੌੜੀ ਪੱਤੀ ਵਾਲੇ ਨਦੀਨਾਂ ਦੀ ਰੋਕਥਾਮ :** ਜਿਨ੍ਹਾਂ ਖੇਤਾਂ ਵਿੱਚ ਸਿਰਫ਼ ਚੌੜੀ ਪੱਤੀ ਵਾਲੇ ਨਦੀਨ ਹੀ ਹੋਣ, ਉਨ੍ਹਾਂ ਵਿੱਚ 2, 4-ਡੀ ਦੀ ਵਰਤੋਂ ਕਰਨ ਨਾਲ ਨਦੀਨ ਤੇ ਕਾਬੂ ਪਾਇਆ ਜਾ ਸਕਦਾ ਹੈ । ਇਹ ਦਵਾਈ ਤਿੰਨ ਤਰ੍ਹਾਂ ਦੀ ਹੁੰਦੀ ਹੈ ਜਿਵੇਂ ਕਿ 2, 4-ਡੀ ਸੋਡੀਅਮ ਸਾਲਟ (80%), 2, 4-ਡੀ ਏਮਾਈਨਸਾਲਟ (72%) ਅਤੇ 2, 4-ਡੀ ਈਥਾਈਲ ਐਸਟਰ (36%) । ਇਨ੍ਹਾਂ ਤਿੰਨਾਂ ਵਿੱਚੋਂ ਕਿਸੇ ਇੱਕ ਦਵਾਈ ਨੂੰ ਹੇਠ ਲਿਖੀ ਵਿਧੀ (ਸਾਰਨੀ ਨੰ. 4) ਨਾਲ ਵਰਤ ਕੇ ਚੌੜੀ ਪੱਤੀ ਵਾਲੇ ਨਦੀਨ ਤੇ ਕਾਬੂ ਪਾਇਆ ਜਾ ਸਕਦਾ ਹੈ ।

**ਸਾਰਨੀ ਨੰ. 4 : ਕਣਕ ਵਿੱਚੋਂ ਚੌੜੀ ਪੱਤੀ ਵਾਲੇ ਨਦੀਨਾਂ ਲਈ ਵਰਤੀਆਂ ਜਾਣ ਵਾਲੀਆਂ ਨਦੀਨ ਨਾਸ਼ਕ ਜ਼ਹਿਰਾਂ**

| ਜ਼ਹਿਰ ਦਾ ਨਾਂ | ਮਾਤਰਾ ਪ੍ਰਤੀ ਏਕੜ | ਵਰਤਣ ਦਾ ਸਮਾਂ |
|---|---|---|
| 2,4-ਡੀ (ਸੋਡੀਅਮ ਸਾਲਟ) | 250 ਗ੍ਰਾਮ | ਸਮੇਂ ਸਿਰ ਬੀਜੀ ਹੋਈ ਕਣਕ ਤੇ 35-45 ਦਿਨਾਂ ਅਤੇ ਪਿਛੇਤੀ ਬੀਜੀ ਕਣਕ (ਦਸੰਬਰ) ਤੇ 45 - 55 ਦਿਨਾਂ ਦੇ ਅੰਦਰ-ਅੰਦਰ । |
| 2,4-ਡੀ (ਏਮਾਈਨ ਅਤੇ ਐਸਟਰ) | 250 ਮਿ.ਲਿ. | ,, |
| ਐੱਲਗਰਿੱਪ/ਐਲਗਰਿਪ ਰਾਇਲ | 10 ਗ੍ਰਾਮ | 30-35 ਦਿਨਾਂ ਦੇ ਅੰਦਰ-ਅੰਦਰ। |
| ਏਮਜ਼/ਅਫਿਨਿਟੀ | 20 ਗ੍ਰਾਮ | ,, |

- ਜੇਕਰ 2, 4-ਡੀ ਦਾ ਛਿੜਕਾਅ ਉੱਪਰ ਦੱਸੇ ਸਮੇਂ ਤੋਂ ਅਗੇਤਾ ਜਾਂ ਪਿਛੇਤਾ ਹੋ ਜਾਵੇ ਤਾਂ ਕਣਕ ਦੇ ਝਾੜ ਤੇ ਬੁਰਾ ਅਸਰ ਪੈਂਦਾ ਹੈ।
- ਕਣਕ ਦੀ ਜਿਸ ਫ਼ਸਲ ਵਿੱਚ ਚੌੜੀ ਪੱਤੀ ਵਾਲੀਆਂ ਫ਼ਸਲਾਂ ਬੀਜੀਆਂ ਹੋਣ ਉਸ ਵਿੱਚ ਉਪਰੋਕਤ ਨਦੀਨ ਨਾਸ਼ਕਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।
- ਸਪਰੇਅ ਕਰਨ ਤੋਂ ਬਾਅਦ ਸਪਰੇਅ ਪੰਪ ਨੂੰ ਉਸ ਸਮੇਂ ਖਾਰੇ ਸੋਢੇ ਜਾਂ ਸਰਫ਼ ਨਾਲ ਚੰਗੀ ਤਰ੍ਹਾਂ ਸਾਫ਼ ਕਰਨਾ ਚਾਹੀਦਾ ਹੈ। ਨਹੀਂ ਤਾਂ ਇਹ ਪੰਪ ਜੇਕਰ ਚੌੜੇ ਪੱਤਿਆਂ ਵਾਲੀ ਫ਼ਸਲ ਤੇ ਛਿੜਕਾਅ ਕਰਨ ਲਈ ਵਰਤਿਆ ਜਾਵੇ ਤਾਂ ਉਸ ਫ਼ਸਲ ਦਾ ਬਹੁਤ ਨੁਕਸਾਨ ਹੋ ਜਾਂਦਾ ਹੈ।
- ਜੇਕਰ 2, 4-ਡੀ ਦਵਾਈ ਬਚ ਜਾਵੇ ਤਾਂ ਉਸ ਨੂੰ ਕਿਸੇ ਵੱਖਰੇ ਸਟੋਰ ਵਿੱਚ ਰੱਖਣਾ ਚਾਹੀਦਾ ਹੈ ਅਤੇ ਕੀੜੇਮਾਰ ਜ਼ਹਿਰਾਂ ਦੇ ਸਟੋਰ ਵਿੱਚ ਨਹੀਂ ਰੱਖਣਾ ਚਾਹੀਦਾ। ਨਹੀਂ ਤਾਂ ਇਹ ਜ਼ਹਿਰ ਉਡਣਸ਼ੀਲ ਹੋਣ ਕਰਕੇ (ਖ਼ਾਸ ਕਰਕੇ ਈਥਾਈਲ ਐਸਟਰ) ਕੀੜੇਮਾਰ ਦਵਾਈਆਂ ਵਿੱਚ ਰਲ ਜਾਂਦੀ ਹੈ। ਜੇਕਰ ਇਹ ਕੀੜੇਮਾਰ ਦਵਾਈਆਂ ਨਰਮੇ ਜਾਂ ਕਪਾਹ ਆਦਿ ਤੇ ਛਿੜਕੀਆਂ ਜਾਣ ਤਾਂ ਇਨ੍ਹਾਂ ਫ਼ਸਲਾਂ ਦਾ ਨੁਕਸਾਨ ਹੋ ਸਕਦਾ ਹੈ।
- ਕਈ ਖੇਤਾਂ ਵਿੱਚ ਸਖ਼ਤ ਚੌੜੀ ਪੱਤੀ ਵਾਲੇ ਨਦੀਨ ਜਿਵੇਂ ਕਿ ਹਿਰਨਖੁਰੀ/ਲੇਹਲੀ/ਬੱਕਰਬੈਲ, ਲੇਹ, ਆਮ ਪਾਲਕ, ਤੱਕਲਾ, ਮੈਣਾ, ਮੈਣੀ, ਸੇਂਜੀ, ਪਿੱਤ ਪਾਪੜਾ ਆਦਿ ਗੁੱਲੀ ਡੰਡੇ ਤੋਂ ਇਲਾਵਾ ਹੋ ਜਾਂਦੇ ਹਨ। ਇਨ੍ਹਾਂ ਨਦੀਨਾਂ ਨੂੰ ਮਾਰਨ ਵਾਸਤੇ ਕਿਸੇ ਵੀ ਗੁੱਲੀਡੰਡੇ ਵਾਲੀ ਜ਼ਹਿਰ ਵਿੱਚ 2, 4-ਡੀ ਮਿਲਾ ਕੇ ਛਿੜਕਣੀ ਚਾਹੀਦੀ ਹੈ। ਇਨ੍ਹਾਂ ਜ਼ਹਿਰਾਂ ਦੀ ਮਾਤਰਾ ਸਿਫ਼ਾਰਸ਼ ਅਨੁਸਾਰ (ਪੂਰੀ ਮਾਤਰਾ) ਕਰਨੀ ਚਾਹੀਦੀ ਹੈ। ਜ਼ਹਿਰ ਛਿੜਕਣ ਸਮੇਂ ਕਣਕ ਦੀ ਉਮਰ 30-35 ਦਿਨਾਂ ਤੋਂ ਘੱਟ ਨਹੀਂ ਹੋਣੀ ਚਾਹੀਦੀ।

ਕਣਕ ਦੀ ਜਿਹੜੀ ਫ਼ਸਲ ਵਿੱਚ ਕੰਡਿਆਲੀ ਪਾਲਕ ਅਤੇ ਹੋਰ ਚੌੜੀ ਪੱਤੀ ਵਾਲੇ ਨਦੀਨਾਂ ਦੀ ਸਮੱਸਿਆ ਹੋਵੇ, ਉਸ ਵਿੱਚ ਐਲਗਰਿਪ/ਐਲਗਰਿਪ ਰੋਆਇਲ (ਮੈਟਰਲਫਊਰਾਨ 20%) ਦੀ ਵਰਤੋਂ ਕਰੋ। ਇਹ ਜ਼ਹਿਰ 10 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 100-150 ਲਿਟਰ ਪਾਣੀ ਵਿੱਚ ਘੋਲ ਕੇ 30-35 ਦਿਨਾਂ ਦੀ ਫ਼ਸਲ ਉੱਪਰ ਛਿੜਕਾਅ ਕਰੋ।

ਜੇਕਰ ਕਣਕ ਵਿੱਚ ਬਟਨ ਬੂਟੀ ਦੀ ਸਮੱਸਿਆ ਹੋਵੇ ਤਾਂ ਏਮਜ਼/ਅਫਿਨਟੀ ਨਾਂ ਦੀ ਜ਼ਹਿਰ ਨੂੰ ਪਹਿਲ ਦਿਉ। ਇਹ ਨਦੀਨ ਨਾਸ਼ਕ 20 ਗ੍ਰਾਮ/ਏਕੜ ਵਰਤੋ। ਇਸ ਦੇ ਨਾਲ ਬਟਨ ਬੀਡ ਤੋਂ ਇਲਾਵਾ ਬਾਕੀ ਚੌੜੀ ਪੱਤੀ ਵਾਲੇ ਨਦੀਨ ਵੀ ਚੰਗੀ ਤਰ੍ਹਾਂ ਮਰ ਜਾਂਦੇ ਹਨ।

**ਕੁਝ ਹੋਰ ਢੰਗ ਅਤੇ ਇਨ੍ਹਾਂ ਦੀਆਂ ਤਰੁੱਟੀਆਂ**

1. **ਕਣਕ ਦੇ ਨਦੀਨ ਰਹਿਤ ਬੀਜ ਦੀ ਵਰਤੋਂ** : ਇਹ ਢੰਗ ਬਹੁਤ ਸੌਖਾ ਹੈ। ਪ੍ਰੰਤੂ ਜਿਨ੍ਹਾਂ ਖੇਤਾਂ ਵਿੱਚ ਨਦੀਨ ਦਾ ਹੱਲਾ ਪਹਿਲਾਂ ਹੀ ਹੈ ਉੱਥੇ ਇਹ ਢੰਗ ਬਿਲਕੁਲ ਕਾਮਯਾਬ ਨਹੀਂ ਹੈ। ਜਿਨ੍ਹਾਂ ਖੇਤਾਂ ਵਿੱਚ ਨਦੀਨ ਦਾ ਹੱਲਾ ਬਹੁਤ ਘੱਟ ਹੈ ਉੱਥੇ ਇਹ ਸਾਵਧਾਨੀ ਜ਼ਰੂਰ ਵਰਤਣੀ ਚਾਹੀਦੀ ਹੈ। ਬੀਜ ਨੂੰ ਛਾਣ ਕੇ ਬੀਜਣਾ ਚਾਹੀਦਾ ਹੈ। ਜਿਥੇ ਬਟਨ ਬੀਡ ਦੀ ਸਮੱਸਿਆ ਹੋਵੇ ਉਨ੍ਹਾਂ ਖੇਤਾਂ ਤੇ ਏਮ ਜਾਂ ਅਫਿਨਟੀ 40 ਡੀ ਐਫ 20 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ। ਇਹ ਨਦੀਨ ਨਾਸ਼ਕ ਬਟਨ ਬੀਡ ਤੋਂ ਇਲਾਵਾ ਕਣਕ ਦੇ ਬਾਕੀ ਚੌੜੀ ਪੱਤੀ ਵਾਲੇ ਨਦੀਨ ਵੀ ਬਹੁਤ ਚੰਗੀ ਤਰ੍ਹਾਂ ਮਾਰਦੀ ਹੈ।

2. **ਜ਼ਮੀਨ ਦੀ ਉੱਪਰਲੀ ਇੱਕ ਇੰਚ ਤਹਿ ਨੂੰ ਸੁਕਾ ਕੇ** : ਜ਼ਮੀਨ ਨੂੰ ਚੰਗੀ ਤਰ੍ਹਾਂ ਵਾਹ ਕੇ ਭੁਰਭਰਾ ਬਣਾ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਲੱਗੇ ਜਿਵੇਂ ਕਿ ਉੱਪਰਲੀ ਇੱਕ ਇੰਚ ਜ਼ਮੀਨ ਬਿਲਕੁਲ ਸੁੱਕੀ ਹੈ। ਫਿਰ ਡਰਿੱਲ ਨਾਲ ਕਣਕ ਬੀਜੋ। ਇਸ ਤਰ੍ਹਾਂ ਕਰਨ ਨਾਲ ਗੁੱਲੀ ਡੰਡੇ ਦਾ ਪਹਿਲਾ ਜੰਮ ਰੋਕਿਆ ਜਾ ਸਕਦਾ ਹੈ। ਪ੍ਰੰਤੂ ਝੋਨਾ-ਕਣਕ ਫ਼ਸਲ ਚੱਕਰ ਵਾਲੀ ਜ਼ਮੀਨ ਦੀ ਏਨੀ ਤਿਆਰੀ ਹੋਣੀ ਬਹੁਤ ਮੁਸ਼ਕਲ ਹੈ। ਜਦੋਂ ਪਹਿਲਾ ਪਾਣੀ ਲਗਾ ਦਿੱਤਾ ਜਾਂਦਾ ਹੈ ਤਾਂ ਨਦੀਨ ਦਾ ਦੂਜਾ ਲੌਅ ਫ਼ਸਲ ਵਿੱਚ ਆ ਜਾਂਦਾ ਹੈ ਜੋ ਕਿ ਫ਼ਸਲ ਨਾਲ ਮੁਕਾਬਲਾ ਕਰਕੇ ਝਾੜ ਤੇ ਅਸਰ ਪਾਉਂਦਾ ਹੈ। ਜੌਂਧਰ/ਬਿਗੜ ਕਣਕ ਦੀ ਤਰ੍ਹਾਂ ਕੁਝ ਡੂੰਘਾਈ ਤੋਂ ਵੀ ਨਿਕਲ ਆਉਂਦੀ ਹੈ ਤੇ ਇਸ ਦੇ ਜੰਮ ਤੇ ਉੱਪਰਲੀ ਸੁੱਕੀ ਜ਼ਮੀਨ ਦਾ ਅਸਰ ਨਹੀਂ ਪੈਂਦਾ।

3. **ਦੂਸਰੀ ਰੌਣੀ** : ਇਹ ਤਰੀਕਾ ਕਾਫ਼ੀ ਹੱਦ ਤੱਕ ਸਹਾਈ ਹੁੰਦਾ ਹੈ ਕਿਉਂਕਿ ਨਦੀਨ ਨਵੰਬਰ ਦੇ ਅਖੀਰ ਤੱਕ ਉੱਗਦੇ ਰਹਿੰਦੇ ਹਨ। ਗੁੱਲੀ ਡੰਡਾ ਤਾਂ ਦਸੰਬਰ ਦੇ ਅਖੀਰ ਤੱਕ ਉੱਗਦਾ ਹੈ ਇਸ ਲਈ ਇਹ ਤਰੀਕਾ ਨਦੀਨਾਂ ਦਾ ਹੱਲਾ ਬਹੁਤ ਘਟਾ ਦੇਂਦਾ ਹੈ ਪਰ ਕਣਕ ਦੀ ਬੀਜਾਈ ਲੇਟ ਹੋ ਜਾਂਦੀ ਹੈ।

4. **ਫ਼ਸਲ ਚੱਕਰ ਦੀ ਤਬਦੀਲੀ** : ਜੇ ਕਣਕ ਦੀ ਥਾਂ ਕੁਝ ਹੋਰ ਫ਼ਸਲਾਂ ਜਿਸ ਤਰ੍ਹਾਂ ਕਿ ਬਰਸੀਮ, ਸਰ੍ਹੋਂ, ਸੇਂਜੀ, ਮਟਰ, ਛੋਲੇ, ਆਲੂ, ਕਮਾਦ ਅਤੇ ਮਸਰ ਬੀਜੇ ਜਾਣ ਤਾਂ ਘਾਹ ਵਾਲੇ ਨਦੀਨ ਦੀ ਪਹਿਚਾਣ ਕੀਤੀ ਜਾ ਸਕਦੀ ਹੈ ਤੇ ਗੋਡੀ ਨਾਲ ਕੱਢੇ ਜਾ ਸਕਦੇ ਹਨ ਜਾਂ ਫਿਰ ਚਾਰੇ ਵਾਲੀਆਂ ਫ਼ਸਲਾਂ ਵਿੱਚੋਂ ਬੀਜ ਬਣਨ ਤੋਂ ਪਹਿਲਾਂ ਕੱਟ ਕੇ ਖ਼ਤਮ ਕੀਤੇ ਜਾ ਸਕਦੇ ਹਨ। ਪ੍ਰੰਤੂ ਇਨ੍ਹਾਂ ਫ਼ਸਲਾਂ ਹੇਠ ਥੋੜ੍ਹਾ ਰਕਬਾ ਕੀਤਾ ਜਾ ਸਕਦਾ ਹੈ।

5. **ਬੀਜਾਈ ਦਾ ਸਮਾਂ** : ਗੁੱਲੀ ਡੰਡਾ ਨਵੰਬਰ ਦੇ ਪਹਿਲੇ ਹਫ਼ਤੇ ਤੋਂ ਬਾਅਦ ਤੇਜ਼ ਰਫ਼ਤਾਰ ਨਾਲ ਉੱਗਦਾ ਹੈ। ਕਿਉਂਕਿ ਇਸ ਸਮੇਂ ਤੱਕ ਤਾਪਮਾਨ ਗੁੱਲੀ ਡੰਡੇ ਦੇ ਅਨੁਕੂਲ ਹੋ ਜਾਂਦਾ ਹੈ। ਅਕਤੂਬਰ ਦੇ ਅਖੀਰਲੇ ਹਫ਼ਤੇ ਅਤੇ ਨਵੰਬਰ ਦੇ ਪਹਿਲੇ ਹਫ਼ਤੇ ਵਿੱਚ ਬੀਜੀ ਗਈ ਕਣਕ ਵਿੱਚ ਗੁੱਲੀ ਡੰਡਾ, ਨਵੰਬਰ ਦੇ ਦੂਜੇ ਹਫ਼ਤੇ ਤੋਂ

ਬਾਅਦ ਵਾਲੀ ਬੀਜਾਈ ਨਾਲੋਂ ਬਹੁਤ ਘੱਟ ਹੁੰਦਾ ਹੈ । ਅਗੇਤੀ ਬੀਜੀ ਕਣਕ ਵਿੱਚ ਗੁੱਲੀ ਡੰਡੇ ਦਾ ਪਹਿਲਾ ਲੌਅ ਜੋ ਕਿ ਵੱਧ ਨੁਕਸਾਨ ਕਰਦਾ ਹੈ, ਨਹੀਂ ਉੱਗਦਾ ਅਤੇ ਗੁੱਲੀ ਡੰਡੇ ਦੇ ਸਾਰੇ ਬੀਜ ਕਣਕ ਨੂੰ ਪਹਿਲਾ ਪਾਣੀ ਲਾਉਣ ਤੋਂ ਬਾਅਦ ਉੱਗਦੇ ਹਨ ਜੋ ਕਿ ਫ਼ਸਲ ਦਾ ਜ਼ਿਆਦਾ ਨੁਕਸਾਨ ਨਹੀਂ ਕਰ ਸਕਦੇ ।

6. **ਨਦੀਨ ਦੇ ਸਿੱਟਿਆਂ ਨੂੰ ਬੀਜ ਝੜਣ ਤੋਂ ਪਹਿਲਾ ਕੱਢਣਾ** : ਇਹ ਤਰੀਕਾ ਵੀ ਚੰਗਾ ਸਾਬਤ ਹੋਇਆ ਹੈ ਜਿੱਥੇ ਨਦੀਨ ਖੇਤ ਵਿੱਚ ਪਹਿਲੀ ਵਾਰ ਘੱਟ ਗਿਣਤੀ ਵਿੱਚ ਦੇਖਿਆ ਗਿਆ ਹੋਵੇ । ਪ੍ਰੰਤੂ ਜੇ ਨਦੀਨ ਦਾ ਹੱਲਾ ਜ਼ਿਆਦਾ ਹੋਵੇ ਤਾਂ ਇਸ ਤਰ੍ਹਾਂ ਕਰਨ ਨਾਲ ਕਣਕ ਟੁੱਟ ਜਾਦੀ ਹੈ ਤੇ ਉਸ ਦਾ ਨੁਕਸਾਨ ਹੁੰਦਾ ਹੈ ।

7. **ਬੀਜ ਦੀ ਵੱਧ ਮਾਤਰਾ** : ਕਣਕ ਦਾ ਬੀਜ ਵਧਾਉਣ ਨਾਲ ਉਸ ਦੇ ਝਾੜ ਤੇ ਬੇਸ਼ੱਕ ਕੋਈ ਅਸਰ ਨਹੀਂ ਪੈਂਦਾ ਪ੍ਰੰਤੂ ਇਹ ਤਰੀਕਾ ਨਦੀਨਾਂ ਦੇ ਸੁੱਕੇ ਮਾਦੇ ਨੂੰ ਘਟਾਉਣ ਵਿੱਚ ਬਹੁਤ ਸਫ਼ਲ ਹੋਇਆ ਹੈ । ਬੀਜ ਵਧਾਉਣ ਨਾਲ ਕਣਕ ਦੇ ਬੂਟੇ ਬਹੁਤ ਸੰਘਣੇ ਹੋ ਜਾਂਦੇ ਹਨ ਜਿਸ ਕਰਕੇ ਗੁੱਲੀ ਡੰਡਾ ਅਤੇ ਹੋਰ ਨਦੀਨਾਂ ਨੂੰ ਵਧਣ-ਫੁੱਲਣ ਲਈ ਜਗ੍ਹਾ ਘੱਟ ਮਿਲਦੀ ਹੈ ਅਤੇ ਉਨ੍ਹਾਂ ਦਾ ਵਾਧਾ ਵੀ ਘਟ ਜਾਂਦਾ ਹੈ ।

8. **ਬੀਜਾਈ ਦਾਂ ਢੰਗ** : ਤਜ਼ਰਬਿਆਂ ਤੋਂ ਇਹ ਵੀ ਸਿੱਧ ਹੋਇਆ ਹੈ ਕਿ ਕਣਕ ਦੀ ਦੂਹਰੀ ਬੀਜਾਈ ਕਰਨ ਨਾਲ ਜਾਂ ਸਿਆੜਾਂ ਦਾ ਫ਼ਾਸਲਾ ਘਟਾਉਣ ਨਾਲ (15 ਸੈਂਟੀਮੀਟਰ) ਨਦੀਨਾਂ ਦਾ ਹੱਲਾ ਕਾਫ਼ੀ ਘਟ ਜਾਂਦਾ ਹੈ ਤੇ ਫ਼ਸਲ ਦਾ ਝਾੜ ਵਧ ਜਾਂਦਾ ਹੈ ।

9. **ਕਿਸਮ ਦੀ ਚੋਣ** : ਤੇਜ਼ ਰਫ਼ਤਾਰ ਨਾਲ ਖ਼ਾਸ ਕਰਕੇ ਮੁਢਲੀ ਹਾਲਤ ਵਿੱਚ ਵਧਣ ਵਾਲੀਆਂ ਕਿਸਮਾਂ ਜਿਸ ਤਰ੍ਹਾਂ ਕਿ ਪੀ ਬੀ ਡਬਲਯੂ 343, ਪੀ ਬੀ ਡਬਲਯੂ 502, ਪੀ ਬੀ ਡਬਲਯੂ 621, ਐਚ ਡੀ 2967 ਜਾਂ ਡੀ ਬੀ ਡਬਲਯੂ 17 ਦੀ ਚੋਣ ਕਰੋ ਜੋ ਕਿ ਗੁੱਲੀ ਡੰਡੇ ਨੂੰ ਦੱਬਣ ਵਿੱਚ ਕਾਫ਼ੀ ਸਹਾਈ ਹੁੰਦੀਆਂ ਹਨ । ਤਜ਼ਰਬਿਆਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਵਡਾਣਕ ਕਣਕਾਂ ਵਿੱਚ ਗੁੱਲੀ ਡੰਡੇ ਦਾ ਹਮਲਾ ਜ਼ਿਆਦਾ ਹੁੰਦਾ ਹੈ।

10. **ਖਾਦਾਂ ਦੀ ਵਰਤੋਂ ਦਾ ਤਰੀਕਾ** : ਕਣਕ ਵਿੱਚ ਵਰਤੀਆਂ ਜਾਣ ਵਾਲੀਆਂ ਖਾਦਾਂ ਡਰਿੱਲ ਨਾਲ ਪਾਉਣ ਨਾਲ ਉਨ੍ਹਾਂ ਦਾ ਲਾਭ ਕਣਕ ਨੂੰ ਜ਼ਿਆਦਾ ਹੁੰਦਾ ਹੈ ਅਤੇ ਫ਼ਸਲ ਦਾ ਉਠਾਅ ਚੰਗਾ ਹੋਣ ਕਰਕੇ ਨਦੀਨਾਂ ਨੂੰ ਦੱਬਣ ਵਿੱਚ ਸਹਾਈ ਹੁੰਦਾ ਹੈ । ਖਾਦਾਂ ਦਾ ਛੱਟਾ ਮਾਰਨ ਨਾਲ ਨਦੀਨ ਬਹੁਤ ਤੇਜ਼ੀ ਨਾਲ ਵੱਧਦੇ ਹਨ ।

11. **ਕਣਕ ਵਾਲੀਆਂ ਮਸ਼ੀਨਾਂ ਦੀ ਸਫ਼ਾਈ** : ਜਦੋਂ ਕਣਕ ਨੂੰ ਮਸ਼ੀਨ ਨਾਲ ਵੱਢਿਆ ਜਾਂਦਾ ਹੈ ਤਾਂ ਉਸ ਵਿੱਚ ਨਦੀਨ ਦੇ ਬੀਜ ਛਾਣਨੇ ਵਿੱਚ ਰਹਿ ਜਾਂਦੇ ਹਨ। ਜੇ ਸੰਭਵ ਹੋਵੇ ਤਾਂ ਛਾਣਨਾ ਕਿਸੇ ਖਾਲੀ ਪਲਾਟ ਵਿੱਚ ਜਿੱਥੇ ਕੋਈ ਫ਼ਸਲ ਨਾ ਬੀਜੀ ਹੋਵੇ, ਸਾਫ਼ ਕਰਨਾ ਚਾਹੀਦਾ ਹੈ ।

## ਜੌਂ

ਜੌਂ ਦੀ ਕਾਸ਼ਤ ਪਹਿਲਾਂ ਉਹਨਾਂ ਜ਼ਮੀਨਾਂ ਤੇ ਕੀਤੀ ਜਾਂਦੀ ਸੀ ਜਿੱਥੇ ਪਾਣੀ ਦੀਆਂ ਸਹੂਲਤਾਂ ਘੱਟ ਹਨ ਪਰ ਪਿਛਲੇ ਕੁਝ ਸਾਲਾਂ ਦੌਰਾਨ ਮਾਲਟ ਅਤੇ ਬੀਅਰ ਉਦਯੋਗ ਵਾਸਤੇ ਜੌਆਂ ਦੀ ਮੰਗ ਵਧਣ ਕਰਕੇ ਅਤੇ ਜੌਆਂ ਦੀਆਂ ਉੱਨਤ ਕਿਸਮਾਂ ਵਿਕਸਤ ਹੋਣ ਕਰਕੇ ਇਸ ਫ਼ਸਲ ਅਧੀਨ ਰਕਬਾ ਵਧਣ ਲੱਗਾ ਹੈ । ਭਾਵੇਂ ਜੌਆਂ ਦੀ ਫ਼ਸਲ ਕਣਕ ਦੀ ਫ਼ਸਲ ਨਾਲੋਂ ਜ਼ਿਆਦਾ ਤੇਜ਼ੀ ਨਾਲ ਵਧਦੀ ਹੈ ਅਤੇ ਛੇਤੀ ਜਾੜ ਮਾਰਦੀ ਹੈ ਪਰ ਫਿਰ ਵੀ ਨਦੀਨ ਇਸ ਫ਼ਸਲ ਦਾ ਝਾੜ ਘਟਾਉਂਦੇ ਹਨ ਅਤੇ ਇਨ੍ਹਾਂ ਦੀ ਰੋਕਥਾਮ ਕਰਨੀ ਕਈ ਵਾਰ ਜ਼ਰੂਰੀ ਹੋ ਜਾਂਦੀ ਹੈ । ਜੌਆਂ ਦੀ ਬੀਜਾਈ ਦਾ ਸਮਾਂ ਕਣਕ ਵਾਲਾ ਹੋਣ ਕਰਕੇ ਕਣਕ ਵਾਲੇ ਸਾਰੇ ਨਦੀਨ ਹੀ ਜੌਆਂ ਦੀ ਫ਼ਸਲ ਵਿੱਚ ਆ ਜਾਂਦੇ ਹਨ ।

ਜੌਂ ਦੀ ਫ਼ਸਲ ਵਿੱਚ ਨਦੀਨਾਂ ਦੀ ਰੋਕਥਾਮ ਲਈ ਪਹਿਲੇ ਪਾਣੀ ਤੋਂ ਬਾਅਦ ਜਦੋਂ ਖੇਤ ਵੱਤਰ ਆਵੇ ਤਾਂ ਇੱਕ ਗੋਡੀ ਕਰ ਦਿਉ । ਰਸਾਇਣਾਂ ਨਾਲ ਵੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਜੌਆਂ ਵਿੱਚ ਚੌੜੇ ਪੱਤਿਆਂ ਵਾਲੇ ਨਦੀਨਾਂ (ਬਾਥੂ, ਪਾਲਕ, ਖੰਡੀ, ਮੈਣਾ ਆਦਿ) ਦੀ ਰੋਕਥਾਮ ਲਈ 2, 4-ਡੀ ਸੋਡੀਅਮ ਸਾਲਟ (80%) 250 ਗ੍ਰਾਮ ਜਾਂ 2, 4-ਡੀ ਈਥਾਈਲ ਏਸਟਰ (36%) 250 ਮਿ. ਲਿ. ਨੂੰ 200 ਲਿਟਰ ਪਾਣੀ ਘੋਲ ਕੇ, ਵੇਲੇ ਸਿਰ ਬੀਜੀ ਫ਼ਸਲ ਉੱਪਰ, ਬੀਜਾਈ ਤੋਂ 40-50 ਦਿਨਾਂ ਅੰਦਰ ਛਿੜਕਾਅ ਕਰੋ । ਇਹ ਧਿਆਨ ਰੱਖੋ ਕਿ ਫ਼ਸਲ ਨੇ ਇਸ ਵੇਲੇ ਬੂਝਾ ਮਾਰ ਲਿਆ ਹੋਵੇ ਪਰ ਨਾਲੀ ਨੂੰ ਅਜੇ ਗੰਢਾਂ ਨਾ ਪਈਆ ਹੋਣ । ਇਸ ਤੋਂ ਇਲਾਵਾ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਜੌਂ ਦੀ ਬੀਜਾਈ ਤੋਂ 30 ਦਿਨ ਪਿੱਛੋਂ ਐਲਗਰਿੱਪ (ਮੈਟਾਸਲਫੂਰਾਨ 20 ਤਾਕਤ) 8 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ 150 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰਨ ਨਾਲ ਕੀਤੀ ਜਾ ਸਕਦੀ ਹੈ। ਇਹ ਨਦੀਨ ਨਾਸ਼ਕ ਸਾਰੇ ਚੌੜੇ ਪੱਤੇ ਵਾਲੇ ਨਦੀਨਾਂ ਅਤੇ ਸਖ਼ਤ ਜਾਨ ਨਦੀਨ ਜਿਵੇਂ ਕਿ ਕੰਡਿਆਲੀ ਪਾਲਕ ਦੀ ਵੀ ਰੋਕਥਾਮ ਕਰਦੀ ਹੈ ਜਿਹੜੀ ਕਿ 2, 4-ਡੀ ਦੀ ਵਰਤੋਂ ਨਾਲ ਨਹੀਂ ਮਰਦੀ ।

ਜੌਆਂ ਵਿੱਚ ਜੌਂਧਰ ਦੀ ਰੋਕਥਾਮ ਲਈ ਆਈਸੋਪਰੋਟਯੂਰਾਨ ਜਾਂ ਐਵਾਡੈਕਸ ਬੀ ਡਬਲਯੂ ਦੀ ਵਰਤੋਂ ਕਰੋ ਜਿਵੇਂ ਕਿ ਕਣਕ ਵਾਲੇ ਕਾਂਡ ਵਿੱਚ ਟਰੈਮਰ ਇੱਕ ਲਿਟਰ ਪ੍ਰਤੀ ਏਕੜ ਬੀਜਾਈ ਤੋਂ 1-2 ਦਿਨਾਂ 'ਚ ਜਾਂ ਪਿਊਮਾ ਪਾਵਰ 400 ਮਿ. ਲਿ. ਪ੍ਰਤੀ ਏਕੜ ਜਾਂ ਟੌਪਿਕ/ਪੁਆਇੰਟ/ਮੌਲਾਹ/ਰਕਸ਼ਕ ਪਲੱਸ/ਜੈ ਵਜੇ 160 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਬੀਜਾਈ ਤੋਂ 30-35 ਦਿਨਾਂ ਪਿੱਛੋਂ ਛਿੜਕਾਅ ਕਰੋ।

## ਤੇਲ ਬੀਜ ਫ਼ਸਲਾਂ

ਤੋਰੀਆ, ਗੋਭੀ ਸਰ੍ਹੋਂ, ਰਾਇਆ ਤੇ ਤਾਰਾਮੀਰਾ ਮਹੱਤਵਪੂਰਨ ਤੇਲ ਬੀਜ ਫ਼ਸਲਾਂ ਹਨ । ਕਣਕ ਦੇ ਮੁਕਾਬਲੇ ਤੇਲ-ਬੀਜ ਫ਼ਸਲਾਂ ਨੂੰ ਖਾਦ ਅਤੇ ਪਾਣੀ ਦੀ ਘੱਟ

ਜ਼ਰੂਰਤ ਹੈ। ਇਨ੍ਹਾਂ ਫ਼ਸਲਾਂ ਤੋਂ ਵੱਧ ਝਾੜ ਲੈਣ ਲਈ ਸੁਧਰੀਆਂ ਕਿਸਮਾਂ ਤੋਂ ਇਲਾਵਾ, ਕੀੜੇ-ਮਕੌੜਿਆਂ ਅਤੇ ਨਦੀਨ ਦੇ ਹਮਲੇ ਤੋਂ ਸਮੇਂ ਸਿਰ ਰੋਕਥਾਮ ਕੀਤੀ ਜਾਣੀ ਬਹੁਤ ਜ਼ਰੂਰੀ ਹੈ। ਤੇਲ-ਬੀਜ ਫ਼ਸਲਾਂ ਤੋਂ ਨਦੀਨ ਦਾ ਬਹੁਤ ਹੱਲਾ ਹੁੰਦਾ ਹੈ ਅਤੇ ਜੇਕਰ ਨਦੀਨ ਨੂੰ ਸਮੇਂ ਸਿਰ ਕਾਬੂ ਨਾ ਕੀਤਾ ਜਾਵੇ ਤਾਂ ਫ਼ਸਲ ਦਾ ਝਾੜ 15 ਪ੍ਰਤੀਸ਼ਤ ਤੱਕ ਜਾਂ ਇਸ ਤੋਂ ਬਹੁਤਾ ਵੀ ਘਟ ਜਾਂਦਾ ਹੈ।

## ਤੇਲ-ਬੀਜ ਫ਼ਸਲਾਂ ਦੇ ਨਦੀਨ

ਤੋਰੀਏ ਵਿੱਚ ਹੇਠ ਲਿਖੇ ਨਦੀਨ ਹੁੰਦੇ ਹਨ :

1. **ਘਾਹ ਵਾਲੇ** : ਮਧਾਣਾ, ਚਿੜੀਆਂ ਦਾ ਦਾਣਾ, ਮੱਕੜਾ ਅਤੇ ਘਾਹ ਆਦਿ।

2. **ਚੌੜੀ ਪੱਤੀ ਵਾਲੇ** : ਇੱਟਸਿੱਟ/ਚੁਪੱਤੀ, ਤਾਂਦਲਾ, ਚੁਲਾਈ, ਬਾਥੂ ਆਦਿ।

3. **ਰਾਇਆ ਅਤੇ ਸਰ੍ਹੋਂ** : ਚੋੜੀ ਪੱਤੀ ਵਾਲੇ ਨਦੀਨ ਜਿਸ ਤਰ੍ਹਾਂ ਕਿ ਬਾਥੂ, ਪਿੱਤ ਪਾਪੜਾ, ਬੱਕਰਵੇਲ, ਤੱਕਲਾ, ਰਾੜ੍ਹੀ, ਪੋਹਲੀ, ਮੈਣਾ, ਮੈਣੀ ਅਤੇ ਖੰਡੀ ਨਦੀਨ ਘਾਹ ਵਰਗੇ ਜਿਸ ਤਰ੍ਹਾਂ ਕਿ ਗੁੱਲੀ ਡੰਡਾ, ਜੌਂਧਰ ਜਾਂ ਬਿਗੜ ਆਦਿ।

**ਰੋਕਥਾਮ** : ਤੇਲ-ਬੀਜ ਫ਼ਸਲਾਂ ਵਿੱਚੋਂ ਨਦੀਨਾਂ ਨੂੰ ਗੋਡੀ ਰਾਹੀਂ ਜਾਂ ਨਦੀਨ ਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਕਾਬੂ ਕੀਤਾ ਜਾ ਸਕਦਾ ਹੈ।

**ਤੋਰੀਆ** : ਤੋਰੀਏ ਦੀ ਫ਼ਸਲ ਵਿੱਚੋਂ ਨਦੀਨਾਂ ਦੀ ਰੋਕਥਾਮ ਲਈ ਇੱਕ ਗੋਡੀ ਫ਼ਸਲ ਦੀ ਬੀਜਾਈ ਤੋਂ ਤਿੰਨ ਹਫ਼ਤੇ ਬਾਅਦ ਕਰਨੀ ਚਾਹੀਦੀ ਹੈ। ਨਦੀਨਨਾਸ਼ਕ ਦਵਾਈ ਦੀ ਵਰਤੋਂ ਕਰਕੇ ਵੀ ਤੋਰੀਏ ਵਿੱਚ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਟਰੈਫਲਾਨ 48% (ਟਰਾਈਫਲੂਰਾਲਿਨ) ਦਾ 400 ਮਿ.ਲਿ. ਪ੍ਰਤੀ ਏਕੜ ਦੇ ਹਿਸਾਬ ਨਾਲ ਫ਼ਸਲ ਦੀ ਬੀਜਾਈ ਤੋਂ ਪਹਿਲਾ ਛਿੜਕਾਅ ਕਰੋ। ਇਹ ਨਦੀਨਨਾਸ਼ਕ ਦਵਾਈ ਤੋਰੀਏ ਦੇ ਮੁੱਖ ਨਦੀਨ ਇੱਟਸਿੱਟ/ਚੁਪੱਤੀ ਅਤੇ ਹੋਰ ਇੱਕ ਰੁੱਤੇ ਨਦੀਨਾਂ ਨੂੰ ਕਾਬੂ ਕਰਦੀ ਹੈ।

**ਗੋਭੀ ਸਰ੍ਹੋਂ** : ਗੋਭੀ ਸਰ੍ਹੋਂ ਦੀ ਫ਼ਸਲ ਵਿੱਚੋਂ ਨਦੀਨਾਂ ਨੂੰ ਮਾਰਨ ਲਈ ਪਹਿਲੀ ਗੋਡੀ ਬੀਜਾਈ ਤੋਂ 3 ਹਫ਼ਤੇ ਬਾਅਦ ਅਤੇ ਦੂਜੀ 5 ਹਫ਼ਤੇ ਬਾਅਦ ਕਰੋ। ਇਸ ਫ਼ਸਲ ਵਿੱਚ ਆਈਸੋਪ੍ਰੋਟਯੂਰਾਨ 75% ਦਵਾਈ 300 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲਾ ਪਾਣੀ ਲਾਉਣ ਤੋਂ ਪਹਿਲਾਂ ਛਿੜਕਾਅ ਕਰੋ। ਅਗਰ ਫ਼ਸਲ ਪਨੀਰੀ ਰਾਹੀਂ ਲਾਉਣੀ ਹੋਵੇ ਤਾਂ ਇਸੇ ਦਵਾਈ ਦਾ ਛਿੜਕਾਅ 300 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਗੋਭੀ ਸਰ੍ਹੋਂ ਦੀ ਪਨੀਰੀ ਖੇਤ ਵਿੱਚ ਲਾਉਣ ਤੋਂ ਤੁਰੰਤ ਬਾਅਦ ਪ੍ਰੰਤੂ ਪਹਿਲਾ ਪਾਣੀ ਲਾਉਣ ਤੋਂ ਪਹਿਲਾਂ ਕਰੋ। ਦਵਾਈ ਦਾ ਘੋਲ 200 ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਬਣਾਓ। ਗੋਭੀ ਸਰ੍ਹੋਂ ਦੀ ਫ਼ਸਲ ਵਿੱਚੋਂ ਨਦੀਨਾਂ ਨੂੰ ਮਾਰਨ ਲਈ ਬਾਸਾਲਿਨ 45 ਈ ਸੀ 650 ਮਿਲੀਲਿਟਰ ਪ੍ਰਤੀ ਏਕੜ ਜਾਂ ਟਰੈਫਲਾਨ 48 ਈ ਸੀ 625 ਮਿਲੀਲਿਟਰ ਪ੍ਰਤੀ ਏਕੜ ਦੀ ਖੇਤ ਤਿਆਰ ਕਰਨ ਤੋਂ ਤੁਰੰਤ ਬਾਅਦ ਪ੍ਰੰਤੂ

ਫ਼ਸਲ ਬੀਜਣ ਤੋਂ ਪਹਿਲਾਂ ਵਰਤੋਂ ਕਰੋ । ਗੋਭੀ ਸਰ੍ਹੋਂ ਦੀ ਜੀ ਐਸ ਐਲ-2 ਕਿਸਮ ਤੇ 320 ਗ੍ਰਾਮ ਐਟਰਾਜ਼ੀਨ ਪ੍ਰਤੀ ਏਕੜ ਦੇ ਹਿਸਾਬ ਨਾਲ ਫ਼ਸਲ ਉੱਗਣ ਤੋਂ ਪਹਿਲਾਂ ਜਾਂ ਬੀਜਾਈ ਤੋਂ 20-25 ਦਿਨ ਬਾਅਦ ਪ੍ਰੰਤੂ ਪਹਿਲੇ ਪਾਣੀ ਤੋਂ 2-3 ਦਿਨ ਪਹਿਲਾਂ ਛਿੜਕਾਅ ਕੀਤੀ ਜਾ ਸਕਦੀ ਹੈ । ਯਾਦ ਰੱਖੋ ਕਿ ਐਟਰਾਜ਼ੀਨ ਦੀ ਵਰਤੋਂ ਸਿਰਫ਼ ਜੀ ਐਸ ਐਲ-2 ਕਿਸਮ ਤੇ ਹੀ ਕਰੋ ।

**ਤਾਰਾਮੀਰਾ** : ਤਾਰੇਮੀਰੇ ਦੀ ਫ਼ਸਲ ਵਿੱਚ ਕਿਸੇ ਵੀ ਦਵਾਈ ਦੀ ਸਿਫ਼ਾਰਸ਼ ਨਹੀਂ ਕੀਤੀ ਗਈ, ਇਸ ਲਈ ਨਦੀਨਾਂ ਤੇ ਕਾਬੂ ਪਾਉਣ ਲਈ ਸਿਰਫ਼ ਗੋਡੀ ਹੀ ਕਰਨੀ ਚਾਹੀਦੀ ਹੈ ।

**ਰਾਇਆ** : ਰਾਇਆ ਵਿਚੋਂ ਵੀ ਨਦੀਨਾਂ ਨੂੰ ਗੋਡੀ ਨਾਲ ਕੱਢਿਆ ਜਾ ਸਕਦਾ ਹੈ । ਪਹਿਲੀ ਗੋਡੀ ਤਿੰਨ ਹਫ਼ਤੇ ਬਾਅਦ ਅਤੇ ਦੂਜੀ ਗੋਡੀ ਪੰਜ ਹਫ਼ਤੇ ਬਾਅਦ ਕਰਨੀ ਚਾਹੀਦੀ ਹੈ । ਜੇਕਰ ਗੋਡੀ ਨਾ ਕਰਨੀ ਹੋਵੇ ਤਾਂ ਇਸ ਫ਼ਸਲ ਵਿੱਚੋਂ ਨਦੀਨਨਾਸ਼ਕ ਦਵਾਈਆਂ ਦੀ ਵਰਤੋਂ ਕਰਨ ਨਾਲ ਵੀ ਨਦੀਨ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਆਈਸੋਪ੍ਰੋਟਯੂਰਾਨ 75 ਪ੍ਰਤੀਸ਼ਤ ਦਵਾਈ ਦਾ ਛਿੜਕਾਅ 400 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਰਾਇਆ ਬੀਜ ਕੇ ਤੁਰੰਤ ਬਾਅਦ ਜਾਂ 25-30 ਦਿਨਾਂ ਦੇ ਅੰਦਰ-ਅੰਦਰ ਕੀਤਾ ਜਾ ਸਕਦਾ ਹੈ । ਇਹ ਦਵਾਈ ਫ਼ਸਲ ਵਿੱਚੋਂ ਸਾਰੇ ਨਦੀਨ ਖ਼ਤਮ ਕਰ ਦਿੰਦੀ ਹੈ। ਦਵਾਈ ਦਾ ਛਿੜਕਾਅ ਸਾਰੇ ਖੇਤ ਵਿੱਚ ਇੱਕਸਾਰ ਕਰਨਾ ਚਾਹੀਦਾ ਹੈ ਅਤੇ ਛਿੜਕਾਅ ਲਈ ਪਾਣੀ ਦੀ ਮਾਤਰਾ 200-225 ਲਿਟਰ ਪ੍ਰਤੀ ਏਕੜ ਵਰਤਣੀ ਚਾਹੀਦੀ ਹੈ । ਇਸ ਤੋਂ ਇਲਾਵਾ ਟਰੈਫਲਾਨ 48 ਈ ਸੀ 625 ਮਿਲੀਲਿਟਰ ਪ੍ਰਤੀ ਏਕੜ ਫ਼ਸਲ ਬੀਜਣ ਤੋਂ ਪਹਿਲਾਂ ਵਰਤੋ । ਆਈਸੋਪਰੋਟਯੂਰਾਨ ਦੀ ਵਰਤੋਂ ਨਾਲ ਸ਼ੁਰੂ ਵਿੱਚ ਰਾਇਆ ਅਤੇ ਗੋਭੀ ਸਰ੍ਹੋਂ (ਬੀਜ ਰਾਹੀਂ ਬੀਜੀ) ਤੇ ਕੁਝ ਮਾੜਾ ਅਸਰ ਪੈਂਦਾ ਹੈ, ਪਰ ਬਾਅਦ ਵਿੱਚ ਫ਼ਸਲ ਠੀਕ ਹੋ ਜਾਂਦੀ ਹੈ ।

## ਸੂਰਜਮੁਖੀ

ਪੰਜਾਬ ਦੇ ਅਜੋਕੇ ਖੇਤੀ ਢਾਂਚੇ ਵਿੱਚ ਤੇਲ ਬੀਜ ਫ਼ਸਲਾਂ ਨੂੰ ਉੱਘਾ ਸਥਾਨ ਪ੍ਰਾਪਤ ਹੈ । ਖ਼ਾਸ ਕਰਕੇ ਸੂਰਜਮੁਖੀ ਦੀ ਫ਼ਸਲ ਵੱਲ ਕਾਫ਼ੀ ਤਵੱਜੋਂ ਦਿੱਤੀ ਜਾ ਰਹੀ ਹੈ । ਸੂਰਜਮੁਖੀ ਦੀ ਮਹੱਤਤਾ ਇਸ ਦੇ ਜ਼ਿਆਦਾ ਝਾੜ ਅਤੇ ਬੀਜ ਵਿੱਚ ਬਹੁਤੀ ਤੇਲ ਦੀ ਮਾਤਰਾ ਕਰਕੇ ਵਧੀ ਹੈ । ਸੂਰਜਮੁਖੀ ਦੇ ਬੀਜ ਵਿੱਚ 40-42% ਤੇਲ ਦੀ ਮਾਤਰਾ ਹੁੰਦੀ ਹੈ ਜਿਸ ਨੂੰ ਵੱਖ-ਵੱਖ ਚੀਜ਼ਾਂ ਬਨਾਉਣ ਲਈ ਵਰਤਿਆ ਜਾ ਸਕਦਾ ਹੈ ਜਿਵੇਂ ਕਿ ਬਨਸਪਤੀ ਘਿਉ, ਸਾਬਣ ਆਦਿ । ਪੰਜਾਬ ਵਿੱਚ ਸੂਰਜਮੁਖੀ ਦੀ ਫ਼ਸਲ ਨੂੰ ਗਰਮੀ (ਸਾਉਣੀ) ਅਤੇ ਬਹਾਰ ਰੁੱਤ ਵਿੱਚ ਬੀਜਿਆ ਜਾਂਦਾ ਹੈ । ਗਰਮੀਆਂ ਵਾਲੀ ਫ਼ਸਲ ਵਿੱਚ ਬਰਸਾਤਾਂ ਦੇ ਆਉਣ ਕਰਕੇ ਨਦੀਨ ਕਾਫ਼ੀ ਮਾਤਰਾ ਵਿੱਚ ਉੱਗ ਪੈਂਦੇ ਹਨ ਜੋ ਕਿ ਫ਼ਸਲ ਦੇ ਉੱਗਣ ਸਮੇਂ ਤੋਂ ਹੀ ਇਸ ਨਾਲ ਖ਼ੁਰਾਕੀ ਤੱਤਾਂ, ਜਗ੍ਹਾ ਆਦਿ

ਲਈ ਮੁਕਾਬਲਾ ਕਰਦੇ ਹਨ । ਬਹਾਰ ਰੁੱਤ ਦੀ ਫ਼ਸਲ ਨੂੰ ਜੇਕਰ ਆਲੂਆਂ ਤੋਂ ਬਾਅਦ ਵਿੱਚ ਬੀਜਿਆ ਜਾਵੇ ਤਾਂ ਉਸ ਵਿੱਚ ਨਦੀਨਾਂ ਦੀ ਭਰਮਾਰ ਹੋ ਜਾਂਦੀ ਹੈ, ਕਿਉਂਕਿ ਆਲੂਆਂ ਨੂੰ ਆਮ ਤੌਰ ਤੇ ਰੂੜੀ ਦੀ ਖਾਦ ਪਾਈ ਜਾਂਦੀ ਹੈ ਜੋ ਕਿ ਨਦੀਨਾਂ ਦੇ ਬੀਜ ਦਾ ਸਰੋਤ ਹੁੰਦੀ ਹੈ । ਆਮ ਤੌਰ ਤੇ ਸੂਰਜਮੁਖੀ ਨੂੰ ਬਹਾਰ ਰੁੱਤ ਵਿੱਚ ਹੀ ਬੀਜਿਆ ਜਾਂਦਾ ਹੈ । ਇਸ ਦੇ ਹੇਠ ਲਿਖੇ ਨਦੀਨ ਹੁੰਦੇ ਹਨ :

**ਘਾਹ ਵਾਲੇ** : ਲੂੰਬੜ ਘਾਹ, ਘਾਹ, ਤੱਕੜੀ ਘਾਹ, ਗੁੱਲੀ ਡੰਡਾ ।

**ਚੌੜੀ ਪੱਤੀ ਵਾਲੇ ਨਦੀਨ** : ਮੈਣਾ, ਮੈਣੀ, ਬਾਥੂ, ਉਠਚਰਾ, ਚੁਲਾਈ, ਇੱਟਸਿੱਟ।

**ਸਦਾ ਬਹਾਰ** : ਮੋਥਾ/ਡੀਲਾ, ਲੇਹਲੀ ਆਦਿ ।

ਇਹ ਨਦੀਨ ਜੇਕਰ ਸਮੇਂ ਸਿਰ ਕਾਬੂ ਨਾ ਕੀਤੇ ਜਾਣ ਤਾਂ ਫ਼ਸਲ ਦਾ ਕਾਫ਼ੀ ਨੁਕਸਾਨ ਕਰ ਦਿੰਦੇ ਹਨ । ਖ਼ਾਸ ਕਰਕੇ ਫ਼ਸਲ ਜਦੋਂ 3-6 ਹਫ਼ਤੇ ਦੀ ਹੁੰਦੀ ਹੈ, ਉਦੋਂ ਇਹ ਕਾਫ਼ੀ ਘਾਤਕ ਸਿੱਧ ਹੁੰਦੇ ਹਨ । ਇਸ ਲਈ ਸੂਰਜਮੁਖੀ ਵਿੱਚ ਨਦੀਨ ਮਾਰਨ ਲਈ ਦੋ ਗੋਡੀਆਂ ਦੀ ਲੋੜ ਪੈਂਦੀ ਹੈ । ਪਹਿਲੀ ਗੋਡੀ ਫ਼ਸਲ ਬੀਜਣ ਤੋਂ ਤਿੰਨ ਹਫ਼ਤੇ ਬਾਅਦ ਅਤੇ ਦੂਜੀ ਗੋਡੀ ਉਸ ਤੋਂ ਤਿੰਨ ਹਫ਼ਤੇ ਬਾਅਦ ਕਰਨੀ ਚਾਹੀਦੀ ਹੈ । ਇਸ ਤੋਂ ਇਲਾਵਾ ਸਟੌਂਪ 30% (ਪੈਂਡੀਮੈਥਾਲਿਨ) ਇੱਕ ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜਾਈ ਤੋਂ 2 ਦਿਨ ਦੇ ਅੰਦਰ ਫ਼ਸਲ ਉੱਗਣ ਤੋਂ ਪਹਿਲਾ ਵੀ ਛਿੜਕੀ ਜਾ ਸਕਦੀ ਹੈ । ਯਾਦ ਰੱਖੋ ਕਿ ਇਸ ਦਵਾਈ ਦਾ ਛਿੜਕਾਅ ਤਰ-ਵੱਤਰ ਖੇਤਰ ਵਿੱਚ ਕੀਤਾ ਜਾਵੇ ਤਾਂ ਕਿ ਦਵਾਈ ਦਾ ਅਸਰ ਵਧਾਇਆ ਜਾ ਸਕੇ ।

## ਅਲਸੀ

ਅਲਸੀ ਦੀ ਕਾਸ਼ਤ ਮੁੱਖ ਤੌਰ ਤੇ ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਰੋਪੜ ਜਿਲ੍ਹਿਆਂ, ਜੋ ਕਿ ਹਿਮਾਚਲ ਪ੍ਰਦੇਸ਼ ਦੇ ਅਲਸੀ ਉਗਾਉਣ ਵਾਲੇ ਇਲਾਕੇ ਦੇ ਨਾਲ ਲੱਗਦੇ ਹਨ, ਕੀਤੀ ਜਾਂਦੀ ਹੈ ।

ਅਲਸੀ ਦੀ ਫ਼ਸਲ ਦਾ ਸ਼ੁਰੂ ਵਿੱਚ ਵਾਧਾ ਹੌਲੀ ਹੁੰਦਾ ਹੈ । ਇਸ ਕਰਕੇ ਨਦੀਨਾਂ ਨਾਲ ਮੁਕਾਬਲਾ ਕਰਨ ਦੀ ਸਮਰਥਾ ਘੱਟ ਹੁੰਦੀ ਹੈ । ਅਲਸੀ ਦੀ ਫ਼ਸਲ ਵਿੱਚੋਂ ਨਦੀਨਾਂ ਦੀ ਰੋਕਥਾਮ ਕਰਨ ਲਈ ਦੋ ਗੋਡੀਆਂ ਕਰੋ । ਪਹਿਲੀ ਬੀਜਾਈ ਤੋਂ ਤਿੰਨ ਹਫ਼ਤੇ ਪਿੱਛੋਂ ਅਤੇ ਦੂਜੀ ਗੋਡੀ, ਬੀਜਾਈ ਤੋਂ ਛੇ ਹਫ਼ਤੇ ਪਿੱਛੋਂ ਕਰੋ । ਇਸ ਤੋਂ ਇਲਾਵਾ ਨਦੀਨਾਂ ਦੀ ਰੋਕਥਾਮ ਲਈ ਆਈਸੋਪ੍ਰੋਟਯੂਰਾਨ (75%) 500 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ 200 ਲਿਟਰ ਪਾਣੀ ਵਿੱਚ ਘੋਲ ਕੇ ਫ਼ਸਲ ਦੀ ਬੀਜਾਈ ਤੋਂ ਦੋ ਦਿਨਾਂ ਦੇ ਅੰਦਰ ਜਾਂ ਪਹਿਲੇ ਪਾਣੀ ਤੋਂ ਪਹਿਲਾਂ ਜਾਂ ਬਾਅਦ ਵਿੱਚ ਛਿੜਕਾਅ ਕੀਤਾ ਜਾ ਸਕਦਾ ਹੈ ।

## ਕਸੁੰਭੜਾ

ਕਸੁੰਭੜੇ ਦੀ ਫ਼ਸਲ ਵਿੱਚੋਂ ਨਦੀਨਾਂ ਦੀ ਰੋਕਥਾਮ ਲਈ ਇੱਕ ਜਾਂ ਦੋ ਗੋਡੀਆਂ ਕਾਫ਼ੀ ਹਨ । ਗੋਡੀ ਲਈ ਹੈਂਡ ਹੋ (ਹੱਥ ਨਾਲ ਤਰਫਾਲੀ) ਦੀ ਵਰਤੋਂ ਆਸਾਨੀ ਨਾਲ

ਕੀਤੀ ਜਾ ਸਕਦੀ ਹੈ ਪਰ ਜ਼ਹਿਰ ਦੀ ਵਰਤੋਂ ਵੇਲੇ ਜ਼ਮੀਨ ਵਿੱਚ ਨਮੀ ਕਾਫ਼ੀ ਹੋਣੀ ਚਾਹੀਦੀ ਹੈ । ਇਸ ਲਈ ਸਟੌਂਪ 30% (ਪੈਂਡੀਮੈਥਾਲਿਨ) ਇੱਕ ਲਿਟਰ ਪ੍ਰਤੀ ਏਕੜ 200 ਲਿਟਰ ਪਾਣੀ ਵਿੱਚ ਘੋਲ ਕੇ ਬੀਜਾਈ ਤੋਂ 24 ਘੰਟਿਆਂ ਦੇ ਅੰਦਰ ਅੰਦਰ ਛਿੜਕਾਅ ਕਰੋ ।

## ਦਾਲਾਂ

ਭਾਵੇਂ ਦਾਲਾਂ ਥੱਲੇ ਰਕਬਾ ਕਾਫ਼ੀ ਘੱਟ ਹੈ ਪ੍ਰੰਤੂ ਸਾਡੀ ਰੋਜ਼ਾਨਾ ਦੀ ਖ਼ੁਰਾਕ ਵਿੱਚ ਇਨ੍ਹਾਂ ਦਾ ਮਹੱਤਵ ਪੂਰਨ ਸਥਾਨ ਹੈ । ਦਾਲਾਂ ਦਾ 24-25 ਹਿੱਸਾ ਪ੍ਰਤੀਸ਼ਤ ਪ੍ਰੋਟੀਨ ਹੁੰਦੀ ਹੈ ਜਿਹੜੀ ਕਿ ਸਾਡੇ ਸਰੀਰ ਲਈ ਜ਼ਰੂਰੀ ਸਮਝੀ ਜਾਂਦੀ ਹੈ । ਦਾਲਾਂ ਦਾ ਝਾੜ ਕਾਫ਼ੀ ਘੱਟ ਹੋਣ ਦੇ ਕਈ ਕਾਰਨ ਹਨ ।

1. ਦਾਲਾਂ ਨੂੰ ਆਮ ਕਰਕੇ ਘੱਟ ਉਪਜਾਊ ਜ਼ਮੀਨਾਂ ਵਿੱਚ ਬੀਜਿਆ ਜਾਂਦਾ ਹੈ । ਜਿੱਥੇ ਉਨ੍ਹਾਂ ਦੇ ਖ਼ੁਰਾਕੀ ਤੱਤ ਪੂਰੇ ਨਾ ਹੋਣ ਕਾਰਨ ਦਾਲਾਂ ਦਾ ਝਾੜ ਘਟ ਜਾਂਦਾ ਹੈ ।
2. ਦਾਲਾਂ ਵਿੱਚ ਖ਼ਾਸ ਕਰਕੇ ਮਸਰਾਂ ਨੂੰ ਮਾਰੂ ਇਲਾਕਿਆਂ ਵਿੱਚ ਹੀ ਬੀਜਿਆ ਜਾਂਦਾ ਹੈ ।

ਦਾਲਾਂ ਦਾ ਝਾੜ ਵਧਾਉਣ ਲਈ, ਸੁਧਰੀਆਂ ਕਿਸਮਾਂ, ਖਾਦ ਦੀ ਵਰਤੋਂ ਤੋਂ ਇਲਾਵਾ ਨਦੀਨ ਕਾਬੂ ਕਰਨੇ ਵੀ ਬਹੁਤ ਜ਼ਰੂਰੀ ਹਨ । ਜੇਕਰ ਨਦੀਨ ਦਾ ਹੱਲਾ ਜ਼ਿਆਦਾ ਹੋਵੇ ਤਾਂ ਦਾਲਾਂ ਦਾ ਝਾੜ ਬਹੁਤ ਘਟ ਜਾਂਦਾ ਹੈ ।

**ਛੋਲੇ** : ਇਸ ਫ਼ਸਲ ਵਿੱਚੋਂ ਨਦੀਨਾਂ ਦੀ ਰੋਕਥਾਮ ਲਈ ਇੱਕ ਜਾ ਦੋ ਗੋਡੀਆਂ ਲੋੜ ਅਨੁਸਾਰ ਕਰੋ । ਇਸ ਫ਼ਸਲ ਵਿੱਚੋਂ ਨਦੀਨਾਂ ਨੂੰ ਮਾਰਨ ਲਈ 1.0 ਲਿਟਰ ਪ੍ਰਤੀ ਏਕੜ ਸਟੌਂਪ 30 ਈ ਸੀ ਦੀ ਵਰਤੋਂ ਬੀਜਾਈ ਤੋਂ ਤੁਰੰਤ ਬਾਅਦ ਕਰੋ ਜਾਂ ਇੱਕ ਲਿਟਰ ਪ੍ਰਤੀ ਏਕੜ ਟਰੈਫਲਾਨ ਬੀਜਾਈ ਤੋਂ ਪਹਿਲਾ ਕਰੋ, ਪ੍ਰੰਤੂ ਫ਼ਸਲ ਬੀਜ ਕੇ ਸੁਹਾਗਾ ਨਾ ਮਾਰੋ ।

**ਮਟਰ** : ਮਟਰਾਂ ਵਿੱਚ ਨਦੀਨ ਦੀ ਰੋਕਥਾਮ ਵਾਸਤੇ ਦੋ ਗੋਡੀਆਂ ਕਾਫ਼ੀ ਹਨ । ਪਹਿਲੀ ਗੋਡੀ ਬੀਜਾਈ ਤੋਂ ਤਿੰਨ ਹਫ਼ਤੇ ਬਾਅਦ ਅਤੇ ਦੂਸਰੀ ਉਸ ਤੋਂ ਤਿੰਨ ਹਫ਼ਤੇ ਬਾਅਦ ਕਰੋ । ਮਟਰਾਂ ਵਿੱਚ ਨਦੀਨ ਨਾਸ਼ਕ ਜ਼ਹਿਰਾਂ ਦੀ ਵਰਤੋਂ ਨਾਲ ਵੀ ਬਹੁਤ ਚੰਗੇ ਨਤੀਜੇ ਮਿਲਦੇ ਹਨ । ਸਟੌਂਪ 30 ਈ ਸੀ, ਇੱਕ ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਫ਼ਸਲ ਬੀਜਣ ਤੋਂ 2 ਦਿਨ ਦੇ ਅੰਦਰ-ਅੰਦਰ ਛਿੜਕਾਅ ਦਿਉ । ਇਸ ਦਾ ਛਿੜਕਾਅ ਤਰ-ਵੱਤਰ ਤੇ ਕਰੋ ।

**ਮਸਰ** : ਇਸ ਫ਼ਸਲ ਵਿੱਚੋਂ ਨਦੀਨਾਂ ਨੂੰ ਕਾਬੂ ਕਰਨ ਵਾਸਤੇ ਇੱਕ ਜਾਂ ਦੋ ਗੋਡੀਆਂ ਬੀਜਾਈ ਤੋਂ 30 ਅਤੇ 60 ਦਿਨਾਂ ਬਾਅਦ ਕਰੋ । ਇਸ ਦੇ ਬਦਲ ਵਿੱਚ ਨਦੀਨਾਂ ਦੀ ਰੋਕਥਾਮ ਲਈ ਸਟੌਂਪ 30 ਤਾਕਤ 600 ਮਿ.ਲੀ. ਜਾਂ ਟਰੈਫਲਾਨ 400 ਮਿ.ਲੀ. ਪ੍ਰਤੀ ਏਕੜ ਨੂੰ ਬੀਜਾਈ ਤੋਂ 2-3 ਦਿਨਾਂ ਵਿੱਚ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ਅਤੇ 60 ਦਿਨਾਂ ਪਿੱਛੋਂ ਇੱਕ ਗੋਡੀ ਕਰੋ ।

# ਆਲੂ

ਆਲੂ ਦੀ ਬਹੁਢੰਗੀ ਵਰਤੋਂ ਹੋਣ ਕਾਰਨ ਇਸ ਨੂੰ ਸਬਜ਼ੀਆਂ ਦਾ ਰਾਜਾ ਮੰਨਿਆ ਗਿਆ ਹੈ । ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਆਲੂ ਹਾੜ੍ਹੀ ਦੀ ਮੁੱਖ ਫ਼ਸਲ ਦੇ ਤੌਰ ਤੇ ਬੀਜਿਆ ਜਾਂਦਾ ਹੈ । ਆਲੂ ਦਾ ਆਕਾਰ ਵਧਾਉਣ ਲਈ ਆਮ ਤੌਰ ਤੇ ਇਸ ਵਿੱਚ ਰੂੜੀ ਦੀ ਖਾਦ ਦੀ ਵਰਤੋਂ ਕੀਤੀ ਜਾਂਦੀ ਹੈ । ਆਲੂ ਦੀ ਵੱਧ ਪੈਦਾਵਾਰ ਲੈਣ ਲਈ ਸੁਧਰੀਆਂ ਹੋਈਆਂ ਕਿਸਮਾਂ, ਬੀਜ, ਖਾਦ ਅਤੇ ਪਾਣੀ ਹੀ ਕਾਫ਼ੀ ਨਹੀਂ ਬਲਕਿ ਇਸ ਵਿੱਚ ਉੱਗਣ ਵਾਲੇ ਨਦੀਨਾਂ ਦੀ ਰੋਕਥਾਮ ਵੀ ਬਹੁਤ ਜ਼ਰੂਰੀ ਹੈ ਕਿਉਂਕਿ ਨਦੀਨ ਫ਼ਸਲ ਦੀ ਖ਼ੁਰਾਕ ਦਾ ਬਹੁਤ ਹਿੱਸਾ ਭਸਮ ਕਰ ਦਿੰਦੇ ਹਨ । ਜੇਕਰ ਨਦੀਨ ਦਾ ਹੱਲਾ ਬਹੁਤ ਜ਼ਿਆਦਾ ਹੋਵੇ ਤਾਂ ਫ਼ਸਲ ਦਾ ਝਾੜ 15 ਤੋਂ 20 ਪ੍ਰਤੀਸ਼ਤ ਤੱਕ ਘਟ ਜਾਂਦਾ ਹੈ । ਆਲੂ ਵਿੱਚ ਨਦੀਨ ਦੀ ਸਮੱਸਿਆ ਦੇ ਹੇਠ ਲਿਖੇ ਤਿੰਨ ਵੱਡੇ ਕਾਰਨ ਹਨ :

1. ਨਦੀਨ ਦੇ ਬੀਜਾਂ ਦਾ ਬਹੁਤ ਜ਼ਿਆਦਾ ਭੰਡਾਰ ਰੂੜੀ ਦੀ ਖਾਦ ਵਿੱਚ ਹੁੰਦਾ ਹੈ, ਜੋ ਕਿ ਇਸ ਦੇ ਨਾਲ ਹੀ ਖੇਤ ਵਿੱਚ ਚਲਾ ਜਾਂਦਾ ਹੈ । ਇੱਟਸਿਟ ਦੇ ਫ਼ੈਲਾਅ ਦਾ ਵੱਡਾ ਕਾਰਨ ਸਿਰਫ਼ ਇਹੀ ਹੈ ।
2. ਆਲੂ ਦੀ ਫ਼ਸਲ ਨੂੰ ਬਹੁਤਾ ਪਾਣੀ ਲਾਉਣ ਦੇ ਕਾਰਨ ਨਦੀਨ ਦੇ ਉੱਗਣ ਲਈ ਅਨੁਕੂਲ ਵਾਤਾਵਰਣ ਪੈਦਾ ਹੋ ਜਾਂਦਾ ਹੈ । ਇਸ ਤਰ੍ਹਾਂ ਨਦੀਨ ਆਲੂ ਉੱਗਣ ਤੋਂ ਪਹਿਲਾਂ ਹੀ ਨਿਕਲ ਆਉਂਦੇ ਹਨ ਅਤੇ ਆਲੂ ਦੇ ਬੂਟਿਆਂ ਨੂੰ ਉੱਗਣ ਸਮੇਂ ਹੀ ਦਬਾਅ ਲੈਂਦੇ ਹਨ ।
3. ਆਲੂ ਦੀ ਫ਼ਸਲ ਦੋ ਫੁੱਟ ਦੇ ਫ਼ਾਸਲੇ ਤੇ ਕਤਾਰਾਂ ਵਿਚ ਬੀਜੀ ਜਾਂਦੀ ਹੈ । ਇਸ ਕਰਕੇ ਨਦੀਨਾਂ ਨੂੰ ਵਧਣ-ਫੁੱਲਣ ਲਈ ਕਾਫ਼ੀ ਜਗ੍ਹਾ ਮਿਲ ਜਾਂਦੀ ਹੈ ।

ਆਲੂ ਦੀ ਫ਼ਸਲ ਵਿੱਚ ਦੋਹਾਂ ਰੁੱਤਾਂ ਦੇ ਹੀ ਨਦੀਨ ਪਾਏ ਜਾਂਦੇ ਹਨ । ਪਹਿਲਾ ਗਰਮੀ ਦੀ ਰੁੱਤ ਵਾਲੇ ਜਿਵੇਂ ਕਿ ਇੱਟਸਿੱਟ/ਚੁਪੱਤੀ, ਚੁਲਾਈ ਅਤੇ ਘਾਹ ਆਦਿ । ਸਰਦੀ ਦੀ ਰੁੱਤ ਵਾਲੇ ਜਿਵੇਂ ਕਿ ਗੁੱਲੀਡੰਡਾ, ਘੂੰਈਂ, ਲੂੰਬੜ ਘਾਹ, ਬਾਥੂ, ਮੈਣਾ ਅਤੇ ਖੰਡੀ ਆਦਿ । ਸਭ ਤੋਂ ਸਮੱਸਿਆ ਦਾਇਕ ਨਦੀਨ ਚੁਪੱਤੀ ਅਤੇ ਘੂੰਈਂ ਹੈ । ਇਹ ਜ਼ਮੀਨ ਨੂੰ ਇੱਕ ਤੱਪੜ ਦੀ ਤਰ੍ਹਾਂ ਢੱਕ ਲੈਂਦੇ ਹਨ ਅਤੇ ਉੱਗਦੀ ਫ਼ਸਲ ਨੂੰ ਬਹੁਤ ਨੁਕਸਾਨ ਪਹੁੰਚਾਉਂਦੇ ਹਨ । ਆਲੂ ਦੀ ਫ਼ਸਲ ਵਿੱਚੋਂ ਨਦੀਨਾਂ ਨੂੰ ਦੋ ਢੰਗਾਂ ਨਾਲ ਮਾਰਿਆ ਜਾ ਸਕਦਾ ਹੈ ।

**(i) ਗੋਡੀ ਨਾਲ :** ਜੇਕਰ ਗੋਡੀ ਲਈ ਮਜ਼ਦੂਰ ਮਿਲ ਜਾਣ ਅਤੇ ਫਿਰ ਗੋਡੀ ਵੀ ਵੇਲੇ ਸਿਰ ਹੋ ਜਾਵੇ ਤਾਂ ਬਹੁਤ ਚੰਗੀ ਗੱਲ ਹੈ । ਇਹ ਵੀ ਖ਼ਿਆਲ ਕੀਤਾ ਜਾਂਦਾ ਹੈ ਕਿ ਆਲੂ ਦੀ ਫ਼ਸਲ ਨੂੰ ਮਿੱਟੀ ਚੜ੍ਹਾਉਣ ਸਮੇਂ ਵੀ ਨਦੀਨ ਨੂੰ ਕਾਬੂ ਕੀਤਾ ਜਾ ਸਕਦਾ ਹੈ । ਪ੍ਰੰਤੂ ਕਈ ਵਾਰੀ ਮਿੱਟੀ ਬੀਜਾਈ ਵੇਲੇ ਹੀ ਚੜ੍ਹਾ ਦਿੱਤੀ ਜਾਂਦੀ ਹੈ । ਜੇ ਨਦੀਨ ਘੱਟ ਵੀ ਹੋਣ ਤਾਂ ਮਿੱਟੀ ਚੜ੍ਹਾਉਣ ਨਾਲ ਸਿਰਫ਼ ਉਹੀ ਨਦੀਨ ਕਾਬੂ ਕੀਤੇ ਜਾਂਦੇ

ਹਨ ਜੋ ਕਿ ਖਾਲ਼ਾਂ ਵਿੱਚ ਹੁੰਦੇ ਹਨ । ਪ੍ਰੰਤੂ ਜਿਹੜੇ ਨਦੀਨ ਵੱਟਾਂ ਤੇ ਹੁੰਦੇ ਹਨ ਉਹ ਉਸੇ ਤਰ੍ਹਾਂ ਹੀ ਰਹਿ ਜਾਂਦੇ ਹਨ। ਜੇਕਰ ਨਦੀਨ ਦੀ ਗੋਡੀ ਕਰਕੇ ਫਿਰ ਵੱਟਾਂ ਤੇ ਮਿੱਟੀ ਚੜ੍ਹਾਈ ਜਾਵੇ ਤਾਂ ਇਸ ਤਰ੍ਹਾਂ ਕਰਨ ਨਾਲ ਦੂਹਰਾ ਖ਼ਰਚਾ ਪੈਂਦਾ ਹੈ । ਗੋਡੀ ਸਿਰਫ਼ ਗਰਮੀ ਦੀ ਰੁੱਤ ਵਾਲੇ ਨਦੀਨ ਮਾਰਨ ਵਿੱਚ ਹੀ ਸਹਾਈ ਹੁੰਦੀ ਹੈ ਅਤੇ ਸਰਦੀ ਦੀ ਰੁੱਤ ਵਾਲੇ ਨਦੀਨ ਦੇ ਉੱਗਣ ਵਿੱਚ ਹੋਰ ਵੀ ਅਨੁਕੂਲ ਵਾਤਾਵਰਣ ਬਣਾ ਦਿੰਦੀ ਹੈ ਜੋ ਕਿ ਨਵੰਬਰ ਦੇ ਪਹਿਲੇ ਹਫ਼ਤੇ ਵਿੱਚ ਜੰਮਣਾ ਸ਼ੁਰੂ ਹੁੰਦਾ ਹੈ ਅਤੇ ਕਈ ਵਾਰੀ ਜ਼ਿਆਦਾ ਭਰਮਾਰ ਹੋਣ ਕਰਕੇ ਆਲੂਆਂ ਦੀ ਫ਼ਸਲ ਨੂੰ ਬਿਲਕੁਲ ਢਕ ਲੈਂਦੇ ਹਨ ਅਤੇ ਝਾੜ ਤੇ ਬਹੁਤ ਮਾੜਾ ਅਸਰ ਪਾਉਂਦੇ ਹਨ । ਇਸੇ ਤਰ੍ਹਾਂ ਘੂੰਈਂ ਅਤੇ ਲੂੰਬੜ ਘਾਹ ਵੀ ਆਲੂਆਂ ਦੀ ਫ਼ਸਲ ਵਿੱਚ ਨਵੰਬਰ ਵਿੱਚ ਹੀ ਪੈਦਾ ਹੁੰਦੇ ਹਨ ਅਤੇ ਫ਼ਸਲ ਨਾਲ ਖ਼ੁਰਾਕੀ ਤੱਤਾਂ ਲਈ ਮੁਕਾਬਲਾ ਕਰਕੇ ਝਾੜ ਤੇ ਬਹੁਤ ਬੁਰਾ ਅਸਰ ਪਾਉਂਦੇ ਹਨ । ਇਨ੍ਹਾਂ ਹਾਲਤਾਂ ਵਿੱਚ ਨਦੀਨ ਨਾਸ਼ਕ ਜ਼ਹਿਰਾਂ ਦੀ ਵਰਤੋਂ ਬਹੁਤ ਹੀ ਅਸਰਦਾਇਕ ਸਿੱਧ ਹੁੰਦੀ ਹੈ ਜੋ ਕਿ ਨਾ ਸਿਰਫ਼ ਸਾਰੇ ਨਦੀਨਾਂ ਨੂੰ ਹੀ ਮਾਰਦੀਆਂ ਹਨ ਸਗੋਂ ਬਹੁਤ ਸਸਤੀਆਂ ਪੈਂਦੀਆਂ ਹਨ ।

**(ii) ਝੋਨੇ ਦੀ ਪਰਾਲੀ ਦੇ ਨਾਲ :** ਆਲੂ ਬੀਜਣ ਤੋਂ ਬਾਅਦ, ਪਹਿਲੇ ਪਾਣੀ ਤੋਂ ਪਹਿਲਾਂ, ਝੋਨੇ ਦੀ ਪਰਾਲੀ 24 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਖੇਤ ਵਿੱਚ ਇਕਸਾਰ ਵਿਛਾ ਦਿਉ । ਇਸ ਲਈ ਮੌਸਮੀ ਘਾਹ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਬਹੁਤ ਵਧੀਆ ਰੋਕਥਾਮ ਹੋ ਜਾਂਦੀ ਹੈ ।

**(iii) ਨਦੀਨ ਨਾਸ਼ਕ ਜ਼ਹਿਰਾਂ ਦੀ ਵਰਤੋਂ :** ਆਲੂ ਦੀ ਫ਼ਸਲ ਵਿੱਚੋਂ ਨਦੀਨ ਮਾਰਨ ਲਈ ਅੱਗੇ ਲਿਖੀਆਂ ਦਵਾਈਆਂ ਵਿੱਚੋਂ ਕਿਸੇ ਇੱਕ ਦੀ ਵਰਤੋਂ ਕਰੋ ।

**ਸਾਰਨੀ ਨੰ. 5 : ਆਲੂਆਂ ਵਿੱਚ ਵਰਤੀਆਂ ਜਾਣ ਵਾਲੀਆਂ ਨਦੀਨ ਨਾਸ਼ਕ ਜ਼ਹਿਰਾਂ**

| ਜ਼ਹਿਰ ਦਾ ਨਾਂ | ਮਾਤਰਾ ਪ੍ਰਤੀ ਏਕੜ | ਵਰਤੋਂ ਦਾ ਸਮਾਂ |
|---|---|---|
| 1. ਸਟੌਂਪ 30 ਈ ਸੀ (ਪੈਂਡੀਮੈਥਾਲਿਨ) | 1.0 ਲਿਟਰ | ਆਲੂ ਬੀਜ ਕੇ ਪਹਿਲੇ ਪਾਣੀ ਤੋਂ ਬਾਅਦ ਪ੍ਰੰਤੂ ਨਦੀਨ ਉੱਗਣ ਤੋਂ ਪਹਿਲਾਂ । |
| 2. ਐਟਰਾਟਾਫ਼ (ਐਟਰਾਜ਼ੀਨ) | 200 ਗ੍ਰਾਮ | ,, |
| 3. ਸੈਨਕੋਰ 70% | 200 ਗ੍ਰਾਮ | ,, |
| 4. ਲਾਸੋ | 2 ਲਿਟਰ | ,, |
| 5. ਲਾਸੋ+ਐਟਰਾਟਾਫ਼ | 1 ਲਿਟਰ+100 ਗ੍ਰਾਮ | ,, |
| 6. ਆਈਸੋਪ੍ਰੋਟਯੂਰਾਨ 75% | 500 ਗ੍ਰਾਮ | ,, |
| 7. ਗਰੈਮਕਸੋਨ | 500 ਤੋਂ 750 ਮਿ.ਲਿ. | ਜਦੋਂ ਆਲੂ 5-10% ਉੱਗ ਆਉਣ। |

ਜਿਨ੍ਹਾਂ ਖੇਤਾਂ ਵਿੱਚ ਚੁਪੱਤੀ ਜਾਂ ਇੱਟਸਿੱਟ ਜਾਂ ਗਧਾ ਵੇਲ ਦਾ ਹੱਲਾ ਜ਼ਿਆਦਾ

ਹੋਵੇ ਉਨ੍ਹਾਂ ਵਿੱਚ ਐਟਰਾਜ਼ੀਨ ਜਾਂ ਗਰੈਮਕਸੋਨ ਜਾਂ ਸੈਨਕੋਰ ਦੀ ਵਰਤੋਂ ਹੀ ਕਰਨੀ ਚਾਹੀਦੀ ਹੈ ।

ਜ਼ਹਿਰ ਦਾ ਛਿੜਕਾਅ ਕਰਨ ਲਈ ਪਾਣੀ ਦੀ ਮਾਤਰਾ ਸਪਰੇਅ ਵਾਲੇ ਪੰਪ ਤੇ ਨਿਰਭਰ ਕਰਦੀ ਹੈ । ਪ੍ਰੰਤੂ ਫਿਰ ਵੀ 150-200 ਲਿਟਰ ਪ੍ਰਤੀ ਏਕੜ ਪਾਣੀ ਦੀ ਮਾਤਰਾ ਜ਼ਰੂਰ ਵਰਤਣੀ ਚਾਹੀਦੀ ਹੈ ।

## ਬਰਸੀਮ

ਬਰਸੀਮ ਪੰਜਾਬ ਦੀ ਸਰਦੀਆਂ ਦੇ ਰੁੱਤ ਦੀ ਹਰੇ ਚਾਰੇ ਦੀ ਮੁੱਖ ਫ਼ਸਲ ਹੈ । ਇਹ ਨਵੰਬਰ ਤੋਂ ਮਈ/ਜੂਨ ਤੱਕ ਹਰੇ ਚਾਰੇ ਦੀਆਂ 5-6 ਕਟਾਈਆਂ ਦੇ ਦਿੰਦੀ ਹੈ। ਇਸ ਦਾ ਚਾਰਾ ਬਹੁਤ ਤਾਕਤ ਵਾਲਾ ਅਤੇ ਪਚਣਸ਼ੀਲ ਹੁੰਦਾ ਹੈ । ਇਸ ਫ਼ਸਲ ਵਿੱਚ ਨਦੀਨ ਦੀ ਸਮੱਸਿਆ ਖ਼ਾਸ ਕਰਕੇ ਪਹਿਲੀ ਕਟਾਈ ਤੱਕ ਕਾਫ਼ੀ ਗੰਭੀਰ ਹੈ ।

ਬਰਸੀਮ ਦੀ ਫ਼ਸਲ ਵਿੱਚ ਇੱਟਸਿੱਟ, ਕਾਸ਼ਨੀ, ਜੰਗਲੀ ਹਾਲੋਂ ਤੇ ਘੂੰਈਂ (ਪੋਆ ਘਾਹ) ਆਦਿ ਨਦੀਨ ਪਾਏ ਜਾਂਦੇ ਹਨ ।

**ਘੂੰਈਂ** : ਘੂੰਈਂ (ਪੋਆ ਘਾਹ) ਦੀ ਸਮੱਸਿਆ ਇਸ ਫ਼ਸਲ ਵਿੱਚ ਬਹੁਤ ਵਧ ਜਾਂਦੀ ਹੈ । ਇਸ ਨਦੀਨ ਦਾ ਕੱਦ ਬਹੁਤ ਛੋਟਾ ਹੁੰਦਾ ਹੈ ਅਤੇ ਇਹ ਜ਼ਮੀਨ ਨੂੰ ਚਟਾਈ ਦੀ ਤਰ੍ਹਾਂ ਢੱਕ ਲੈਂਦੀ ਹੈ । ਜਿਸ ਬਰਸੀਮ ਦੀ ਫ਼ਸਲ ਵਿੱਚ ਇਸ ਦਾ ਹੱਲਾ ਹੋਵੇ ਉਸ ਫ਼ਸਲ ਵਿਰਲੀ ਅਤੇ ਕਮਜ਼ੋਰ ਪੈ ਜਾਂਦੀ ਹੈ । ਇਸ ਤਰ੍ਹਾਂ ਦੀ ਫ਼ਸਲ ਦੀ ਪਹਿਲੀ ਕਟਾਈ ਵਿੱਚ ਕਾਫ਼ੀ ਮੁਸ਼ਕਿਲ ਆਉਂਦੀ ਹੈ ਅਤੇ ਝਾੜ ਵੀ ਕਾਫ਼ੀ ਘੱਟ ਮਿਲਦਾ ਹੈ ।

**ਰੋਕਥਾਮ :** ਬਰਸੀਮ ਦੀ ਫ਼ਸਲ ਆਮ ਕਰਕੇ ਛੱਟੇ ਨਾਲ ਬੀਜੀ ਜਾਂਦੀ ਹੈ । ਇਸ ਕਰਕੇ ਗੋਡੀ ਜਾਂ ਕਿਸੇ ਹੋਰ ਤਰੀਕੇ ਨਾਲ ਇਸ ਨਦੀਨ ਦੀ ਰੋਕਥਾਮ ਕਰਨੀ ਅਸੰਭਵ ਹੈ। ਇਸ ਨਦੀਨ ਦੀ ਰੋਕਥਾਮ ਕੇਵਲ ਨਦੀਨ ਨਾਸ਼ਕ ਜ਼ਹਿਰ ਬਾਸਾਲਿਨ ਨਾਲ ਹੀ ਕੀਤੀ ਜਾ ਸਕਦੀ ਹੈ । ਇਹ ਜ਼ਹਿਰ ਸਿਰਫ਼ ਘੂੰਈਂ ਨੂੰ ਹੀ ਮਾਰਦੀ ਹੈ । ਬਰਸੀਮ ਦੀ ਉੱਗਣ ਸ਼ਕਤੀ ਤੇ ਕਿਸੇ ਕਿਸਮ ਦਾ ਬੁਰਾ ਅਸਰ ਨਹੀਂ ਪਾਉਂਦੀ ।

**ਜ਼ਹਿਰ ਦੀ ਵਰਤੋਂ** : ਘੂੰਈਂ ਦੀ ਰੋਕਥਾਮ ਲਈ ਬਾਸਾਲਿਨ ਦਵਾਈ ਦੇ ਵਰਤਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ । ਇਹ ਦਵਾਈ ਤਰਲ ਦੀ ਸ਼ਕਲ ਵਿੱਚ ਹੁੰਦੀ ਹੈ। ਇਸ ਦੀ ਵਰਤੋਂ 400 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਕਰਨੀ ਚਾਹੀਦੀ ਹੈ । ਇਸ ਜ਼ਹਿਰ ਨੂੰ 200 ਲਿਟਰ ਪਾਣੀ (ਜੋ ਕਿ ਇੱਕ ਏਕੜ ਦੇ ਛਿੜਕਾਅ ਲਈ ਕਾਫ਼ੀ ਹੈ) ਵਿੱਚ ਘੋਲ ਲੈਣਾ ਚਾਹੀਦਾ ਹੈ ਅਤੇ ਫਿਰ ਇਸ ਦਾ ਛਿੜਕਾਅ ਢੋਲੀ ਵਾਲੇ ਪੰਪ (ਨੈਪਸੈਕ) ਨਾਲ ਫਲੈਟ ਫੈਨ ਜਾਂ ਫਲੱਡ ਜੈੱਟ ਨੋਜ਼ਲ ਲਗਾ ਕੇ ਕਰਨਾ ਚਾਹੀਦਾ ਹੈ ।

**ਛਿੜਕਾਅ ਦਾ ਸਮਾਂ** : ਖੇਤ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਖੇਤ ਵਿੱਚ ਕਿਆਰੇ ਪਾ ਲਉ । ਬਰਸੀਮ ਦੀ ਬੀਜਾਈ ਤੋਂ ਪਹਿਲਾਂ ਜ਼ਹਿਰ ਦਾ ਛਿੜਕਾਅ ਸਾਰੇ ਖੇਤ ਵਿੱਚ ਇੱਕਸਾਰ ਕਰ ਲਉ । ਛਿੜਕਾਅ ਕਰਨ ਤੋਂ ਬਾਅਦ ਉਸੇ ਸਮੇਂ ਦਵਾਈ ਨੂੰ ਕਰੰਡੀ ਨਾਲ ਜ਼ਮੀਨ ਦੀ ਉੱਪਰਲੀ 1 ਤੋਂ 2 ਸੈਂਟੀਮੀਟਰ (ਇੱਕ ਇੰਚ) ਮਿੱਟੀ ਵਿੱਚ ਮਿਲਾ ਦਿਉ ਅਤੇ ਇਸ ਤੋਂ ਬਾਅਦ ਖੇਤ ਨੂੰ ਪਾਣੀ ਲਗਾ ਕੇ ਬਰਸੀਮ ਦੇ ਬੀਜ (8 ਤੋਂ 10 ਕਿਲੋ ਪ੍ਰਤੀ ਏਕੜ) ਦਾ ਛੱਟਾ ਦੇ ਦੇਵੋ ।

ਜੇਕਰ ਬਰਸੀਮ ਦਾ ਛੱਟਾ ਪਾਣੀ ਲਾਉਣ ਤੋਂ ਪਹਿਲਾਂ ਦੇਣਾ ਹੋਵੇ ਤਾਂ ਉਹ ਵੀ ਕੀਤਾ ਜਾ ਸਕਦਾ ਹੈ । ਇਸ ਤਰ੍ਹਾਂ ਕਰਨ ਨਾਲ ਬਰਸੀਮ ਦੀ ਉੱਗਣ ਸ਼ਕਤੀ ਉੱਪਰ ਕੋਈ ਭੈੜਾ ਅਸਰ ਨਹੀਂ ਪੈਂਦਾ ਅਤੇ ਘੂੰਈਂ ਦੀ ਰੋਕਥਾਮ ਵੀ ਹੋ ਜਾਂਦੀ ਹੈ ਜੋ ਕਿ ਹੇਠ ਲਿਖੇ ਅੰਕੜਿਆਂ ਤੋਂ ਸਿੱਧ ਹੁੰਦੀ ਹੈ ਜੋ ਕਿ ਸਾਰਨੀ ਨੰ. 6 ਵਿੱਚ ਦਿੱਤੇ ਗਏ ਹਨ।

**ਸਾਰਨੀ ਨੰ. 6 : ਬਾਸਾਲਿਨ ਜ਼ਹਿਰ ਦਾ ਬਰਸੀਮ ਅਤੇ ਘੂੰਈਂ ਉੱਪਰ ਅਸਰ**

| | ਬਰਸੀਮ ਦਾ ਝਾੜ ਕੁ. ਪ੍ਰਤੀ ਹੈਕ. | | ਘੂੰਈਂ ਦੇ ਬੂਟੇ ਪ੍ਰਤੀ ਵਰਗ ਫ਼ੁਟ | ਘੂੰਈਂ ਦਾ ਸੁੱਕਾ ਮਾਦਾ ਕਿਲੋ ਪ੍ਰਤੀ ਹੈਕ. |
|---|---|---|---|---|
| | ਹਰਾ ਮਾਦਾ | ਸੁੱਕਾ ਮਾਦਾ | | |
| ਬਾਸਾਲਿਨ | 773 | 91.3 | 14 | 119 |
| ਬਿਨਾਂ ਜ਼ਹਿਰ | 539 | 62.9 | 199 | 1408 |

**ਕਾਸ਼ਨੀ** : ਹੋਰ ਨਦੀਨਾਂ ਤੋਂ ਇਲਾਵਾ ਕਾਸ਼ਨੀ ਵੀ ਇਸ ਫ਼ਸਲ ਦਾ ਇੱਕ ਮੁੱਖ ਨਦੀਨ ਹੈ ਜੋ ਕਿ ਆਮ ਤੌਰ ਤੇ ਸਿਰਫ਼ ਇਸ ਫ਼ਸਲ ਵਿੱਚ ਹੀ ਪਾਇਆ ਜਾਂਦਾ ਹੈ । ਬਰਸੀਮ ਦੀ ਤਰ੍ਹਾਂ ਇਹ ਨਦੀਨ ਵੀ ਬਹੁਤ ਲੌਅ ਦਿੰਦਾ ਹੈ ਅਤੇ ਬਰਸੀਮ ਦੀ ਆਖਰੀ ਕਟਾਈ ਤੱਕ ਇਹ ਸਮੱਸਿਆ ਬਣਿਆ ਰਹਿੰਦਾ ਹੈ । ਇਸ ਨਦੀਨ ਦੇ ਪੱਤੇ ਅਤੇ ਤਣੇ ਵਿੱਚ ਕੁੜੱਤਣ ਹੁੰਦੀ ਹੈ । ਜੇਕਰ ਇਹ ਨਦੀਨ ਹੋਵੇ ਤਾਂ ਕਈ ਵਾਰ ਪਸ਼ੂ ਬਰਸੀਮ ਵੀ ਖਾਣਾ ਪਸੰਦ ਨਹੀਂ ਕਰਦੇ ।

**ਰੋਕਥਾਮ** : ਬਰਸੀਮ ਦਾ ਬੀਜ ਉਸ ਖੇਤ ਵਿੱਚ ਤਿਆਰ ਕਰੋ ਜੋ ਕਾਸ਼ਨੀ ਰਹਿਤ ਹੋਵੇ । ਜੇਕਰ ਬੂਟੇ ਘੱਟ ਹੋਣ ਤਾਂ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਸ ਨੂੰ ਜੜ੍ਹ ਤੋਂ ਪੁੱਟਿਆ ਜਾਵੇ ਤਾਂ ਹੀ ਇਸ ਦਾ ਖਾਤਮਾ ਹੋ ਸਕਦਾ ਹੈ । ਸਭ ਤੋਂ ਅਸਰਦਾਰ ਤਰੀਕਾ ਇਹੀ ਹੈ ਕਿ ਬਰਸੀਮ ਦੇ ਬੀਜ ਨੂੰ ਕਾਸ਼ਨੀ ਰਹਿਤ ਕੀਤਾ ਜਾਵੇ ।

**ਬੀਜ ਨੂੰ ਕਾਸ਼ਨੀ ਰਹਿਤ ਕਰਨਾ** : ਕਾਸ਼ਨੀ ਦੇ ਬੀਜ ਦਾ ਆਕਾਰ ਵੀ ਬਰਸੀਮ ਦੇ ਬੀਜ ਜਿੰਨਾ ਹੀ ਹੁੰਦਾ ਹੈ । ਇਸ ਦਾ ਛਾਣਨਾ ਲਾ ਕੇ ਵੱਖ ਕਰਨਾ ਬਹੁਤ ਅਸੰਭਵ ਹੈ । ਕਾਸ਼ਨੀ ਦਾ ਬੀਜ ਬਰਸੀਮ ਦੇ ਬੀਜ ਤੋਂ ਹਲਕਾ ਹੁੰਦਾ ਹੈ । ਇਸ ਲਈ ਇਸ ਨੂੰ ਪਾਣੀ ਦੀ ਸਹਾਇਤਾ ਨਾਲ ਬਰਸੀਮ ਦੇ ਬੀਜ ਤੋਂ ਵੱਖ ਕੀਤਾ ਜਾ ਸਕਦਾ ਹੈ ।

ਬਰਸੀਮ ਦਾ ਬੀਜ ਜੋ ਕਿ ਇੱਕ ਏਕੜ ਲਈ 8 ਤੋਂ 10 ਕਿਲੋ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ, ਨੂੰ ਲੈ ਕੇ 10 ਲਿਟਰ ਪਾਣੀ ਵਿੱਚ ਪਾ ਦਿਉ । ਇਸੇ ਪਾਣੀ ਵਿੱਚ 300 ਗ੍ਰਾਮ ਲੂਣ ਪਾ ਦਿਉ । ਇਸ ਤਰ੍ਹਾਂ ਇਹ ਤਿੰਨ ਪ੍ਰਤੀਸ਼ਤ ਲੂਣ ਦਾ ਘੋਲ ਤਿਆਰ ਹੋ ਜਾਵੇਗਾ । ਇਸ ਤੋਂ ਬਾਅਦ ਬੀਜ ਨੂੰ ਪਾਣੀ ਵਿੱਚ ਚੰਗੀ ਤਰ੍ਹਾਂ ਹਿਲਾਉ । ਇਸ ਵਿਧੀ ਨਾਲ ਕਾਸ਼ਨੀ ਨੂੰ ਨਿਤਾਰ ਲੈਣਾ ਚਾਹੀਦਾ ਹੈ । ਇਸ ਤਰ੍ਹਾਂ ਬਰਸੀਮ ਦਾ ਬੀਜ ਕਾਸ਼ਨੀ ਤੋਂ ਰਹਿਤ ਹੋ ਜਾਵੇਗਾ । ਫਿਰ ਬਰਸੀਮ ਦੇ ਬੀਜ ਨੂੰ ਕਿਸੇ ਕੱਪੜੇ ਉੱਪਰ ਛਾਵੇਂ ਸੁਕਾ ਲੈਣਾ ਚਾਹੀਦਾ ਹੈ ਅਤੇ ਫਿਰ ਬਾਅਦ ਵਿੱਚ ਤੁਰੰਤ ਬੀਜਾਈ ਕਰ ਦੇਣੀ ਚਾਹੀਦੀ ਹੈ ।

**ਇੱਟਸਿੱਟ ਜਾਂ ਚੁਪੱਤੀ :** ਇੱਟਸਿੱਟ ਦੀ ਸਮੱਸਿਆ ਅਗੇਤੇ ਬੀਜੇ ਬਰਸੀਮ ਵਿੱਚ ਜ਼ਿਆਦਾ ਹੁੰਦੀ ਹੈ । ਇਸ ਦੀ ਰੋਕਥਾਮ ਲਈ ਹਾਲੇ ਤੱਕ ਕਿਸੇ ਵੀ ਜ਼ਹਿਰ ਦੀ ਸਿਫ਼ਾਰਸ਼ ਨਹੀਂ ਕੀਤੀ ਗਈ । ਪ੍ਰੰਤੂ ਜਿਨ੍ਹਾਂ ਖੇਤਾਂ ਵਿੱਚ ਇਸ ਦੀ ਸਮੱਸਿਆ ਹੋਵੇ, ਉੱਥੇ ਬਰਸੀਮ ਨੂੰ 750 ਗ੍ਰਾਮ (ਪ੍ਰਤੀ ਏਕੜ) ਸਰ੍ਹੋਂ ਦੇ ਬੀਜ ਵਿੱਚ ਮਿਲਾ ਕੇ ਬੀਜੋ ਜਾਂ 12.5 ਕਿਲੋ ਜਵੀ ਵਿੱਚ ਮਿਲਾ ਕੇ ਵੀ ਬੀਜਿਆ ਜਾ ਸਕਦਾ ਹੈ । ਇਹ ਫ਼ਸਲਾਂ ਇੱਟਸਿੱਟ ਨੂੰ ਦਬਾਅ ਕੇ ਰੱਖਦੀਆਂ ਹਨ ।

# ਸਾਉਣੀ ਦੇ ਨਦੀਨਾਂ ਦੀ ਰੋਕਥਾਮ

## ਸਾਉਣੀ ਦੀਆਂ ਫ਼ਸਲਾਂ

### ਝੋਨਾ

ਆਧੁਨਿਕ ਤਕਨੀਕੀ ਦੇ ਕਾਰਨ ਝੋਨੇ ਦੀ ਪੈਦਾਵਾਰ ਵਿੱਚ ਬਹੁਤ ਵਾਧਾ ਹੋਇਆ ਹੈ ਪ੍ਰੰਤੂ ਇਸ ਫ਼ਸਲ ਵਿੱਚ ਨਦੀਨ ਦੀ ਸਮੱਸਿਆ ਵੀ ਪਹਿਲਾਂ ਨਾਲੋਂ ਵਧ ਗਈ ਹੈ । ਕਿਉਂਕਿ ਝੋਨੇ ਦੀਆਂ ਮਧਰੇ ਕੱਦ ਵਾਲੀਆਂ ਕਿਸਮਾਂ ਨਦੀਨ ਦਾ ਮੁਕਾਬਲਾ ਕਰਨ ਦੇ ਅਸਮਰਥ ਹਨ । ਨਦੀਨ ਇਨ੍ਹਾਂ ਮਧਰੇ ਕੱਦ ਵਾਲੀਆਂ ਕਿਸਮਾਂ ਤੋਂ ਉੱਚੇ ਵੱਧ ਜਾਂਦੇ ਹਨ ਅਤੇ ਕਈ ਵਾਰ ਫ਼ਸਲ ਨੂੰ ਪੂਰੀ ਤਰ੍ਹਾਂ ਢੱਕ ਲੈਂਦੇ ਹਨ ਅਤੇ ਝੋਨੇ ਦੇ ਵਾਧੇ ਨੂੰ ਰੋਕ ਦਿੰਦੇ ਹਨ। ਇਹ ਨਦੀਨ ਜੇਕਰ ਵੇਲੇ ਸਿਰ ਫ਼ਸਲ ਵਿੱਚੋਂ ਕੱਢੇ ਨਾ ਜਾਣ ਤਾਂ ਫ਼ਸਲ ਦਾ ਬਹੁਤ ਨੁਕਸਾਨ ਕਰ ਦਿੰਦੇ ਹਨ ਜੋ ਕਿ ਹੇਠ ਲਿਖੇ ਅੰਕੜਿਆਂ ਤੋਂ ਸਿੱਧ ਹੁੰਦਾ ਹੈ ਜੋ ਕਿ ਸਾਰਨੀ ਨੰ. 7 ਵਿੱਚ ਦਿੱਤੇ ਗਏ ਹਨ।

**ਸਾਰਨੀ ਨੰ. 7 : ਨਦੀਨ ਮਾਰਨ ਦੇ ਵੱਖ-ਵੱਖ ਤਰੀਕਿਆਂ ਦਾ ਝੋਨੇ ਦੇ ਝਾੜ ਤੇ ਅਸਰ**

| ਰੋਕਥਾਮ ਦੇ ਤਰੀਕੇ | ਝਾੜ ਕੁਇੰਟਲ ਪ੍ਰਤੀ ਹੈਕਟੇਅਰ |
|---|---|
| 1. ਜ਼ਹਿਰਾਂ ਦੀ ਵਰਤੋਂ | 60.1 |
| 2. ਦੋ ਗੋਡੀਆਂ | 55.6 |
| 3. ਬਿਨਾਂ ਜ਼ਹਿਰ | 29.7 |

**ਨਦੀਨ** : ਝੋਨੇ ਦੀ ਫ਼ਸਲ ਵਿੱਚ ਦੋ ਤਰ੍ਹਾਂ ਦੇ ਨਦੀਨ ਹੁੰਦੇ ਹਨ ।

1. **ਘਾਹ ਵਾਲੇ** : ਸਵਾਂਕ ਜਾਂ ਇਸ ਨੂੰ ਇੱਡਲ ਵੀ ਕਹਿੰਦੇ ਹਨ । ਸਵਾਂਕੀ, ਜਾਪਾਨੀ ਘਾਹ, ਨੜੀ, ਕਣਕੀ, ਧਾਨ ਦੇ ਮੋਥੇ, ਬੂਟੀ ਆਦਿ ।

2. **ਚੌੜੀ ਪੱਤੀ ਵਾਲੇ ਨਦੀਨ** : ਘਰਿੱਲਾ, ਸਣੀ ਅਤੇ ਕਈ ਹੋਰ ਬੂਟੀਆਂ ।

**ਰੋਕਥਾਮ** : ਫ਼ਸਲ ਤੋਂ ਚੰਗਾ ਝਾੜ ਲੈਣ ਲਈ ਅਤਿ ਜ਼ਰੂਰੀ ਹੈ ਕਿ ਧਾਨ ਦੀ ਫ਼ਸਲ ਵਿੱਚੋਂ ਨਦੀਨ ਨੂੰ ਸਮੇਂ ਸਿਰ ਅਤੇ ਚੰਗੀ ਤਰ੍ਹਾਂ ਕਾਬੂ ਕੀਤਾ ਜਾਵੇ ਤਾਂ ਹੀ ਉੱਨਤ ਕਿਸਮਾਂ, ਪਾਈ ਹੋਈ ਖਾਦ, ਪਾਣੀ ਅਤੇ ਵਰਤੀਆਂ ਹੋਈਆਂ ਕੀੜੇਮਾਰ ਜ਼ਹਿਰਾਂ ਤੋਂ ਵੱਧ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ । ਝੋਨੇ ਦੀ ਫ਼ਸਲ ਵਿੱਚੋਂ ਨਦੀਨਾਂ ਨੂੰ ਹੇਠ ਲਿਖੇ ਢੰਗਾਂ ਨਾਲ ਮਾਰਿਆ ਜਾ ਸਕਦਾ ਹੈ ।

1. ਗੋਡੀ ਕਰਨ ਨਾਲ ।
2. ਨਦੀਨਨਾਸ਼ਕ ਜ਼ਹਿਰਾਂ ਦੀ ਵਰਤੋਂ ਨਾਲ ।

**ਗੋਡੀ** : ਝੋਨੇ ਦੀ ਫ਼ਸਲ ਵਿੱਚੋਂ ਕਿਸਾਨ ਪੁਰਾਣੇ ਸਮਿਆਂ ਤੋਂ ਹੀ ਹੱਥਾਂ ਨਾਲ ਨਦੀਨ ਪੁੱਟਦੇ ਆ ਰਹੇ ਹਨ । ਹੱਥਾਂ ਨਾਲ ਨਦੀਨ ਪੁੱਟਣਾ ਬੜਾ ਮਿਹਨਤ ਦਾ ਕੰਮ ਹੈ ਤੇ ਇਸ ਤੇ ਸਮਾਂ ਵੀ ਬਹੁਤ ਲੱਗਦਾ ਹੈ । ਕਈ ਵਾਰ ਜੇਕਰ ਮਜ਼ਦੂਰ ਵੇਲੇ ਸਿਰ ਨਾ ਮਿਲਣ ਤਾਂ ਨਦੀਨ ਫ਼ਸਲ ਦੇ ਉੱਪਰ ਦੀ ਪੈ ਜਾਂਦਾ ਹੈ ਜੋ ਕਿ ਫ਼ਸਲ ਦਾ ਬਹੁਤ ਨੁਕਸਾਨ ਕਰ ਦਿੰਦਾ ਹੈ । ਜੇਕਰ ਇਸ ਨਦੀਨ ਨੂੰ ਵੇਲੇ ਸਿਰ ਖੇਤ ਵਿੱਚੋਂ ਨਾ ਕੱਢਿਆ ਜਾਵੇ ਤਾਂ ਫ਼ਸਲ ਦੇ ਬੂਟੇ ਕਮਜ਼ੋਰ ਪੈ ਜਾਂਦੇ ਹਨ ਅਤੇ ਬੂਟੇ ਨੂੰ ਸ਼ਾਖਾਂ ਵੀ ਘੱਟ ਪੈਂਦੀਆਂ ਹਨ । ਧਾਨ ਦੀ ਫ਼ਸਲ ਨੂੰ ਕੋਈ ਵੀ ਕਿਸਾਨ ਕਤਾਰਾਂ ਵਿੱਚ ਨਹੀਂ ਲਾਉਂਦਾ ਅਤੇ ਆਮ ਤੌਰ ਤੇ ਇਸ ਫ਼ਸਲ ਨੂੰ ਠੇਕੇ ਤੇ ਲੁਆਇਆ ਜਾਂਦਾ ਹੈ ਅਤੇ ਮਜ਼ਦੂਰ ਇਸ ਫ਼ਸਲ ਨੂੰ ਕਤਾਰਾਂ ਵਿੱਚ ਲਾਉਣ ਲਈ ਰਜ਼ਾਮੰਦ ਨਹੀਂ ਹੁੰਦੇ । ਕੱਦੂ ਕੀਤੇ ਖੇਤ ਵਿੱਚ ਲਗਾਤਾਰ ਪਾਣੀ ਖੜ੍ਹਾ ਕਰਨ ਨਾਲ ਨਦੀਨਾਂ ਦੀ ਸਮੱਸਿਆ ਘੱਟ ਜਾਂਦੀ ਹੈ ਪਰ ਖ਼ਤਮ ਨਹੀਂ ਹੁੰਦੀ ।

**ਜ਼ਹਿਰਾਂ ਦੀ ਵਰਤੋਂ** : ਝੋਨੇ ਦੀ ਫ਼ਸਲ ਵਿੱਚ ਦਵਾਈਆਂ ਵਰਤ ਕੇ ਨਦੀਨ ਕਾਬੂ ਕਰਨ ਵਾਲਾ ਢੰਗ ਸਸਤਾ ਅਤੇ ਸੌਖਾ ਹੈ । ਇਸ ਵਿੱਚੋਂ ਨਦੀਨ ਹੇਠ ਲਿਖੀਆਂ ਜ਼ਹਿਰਾਂ ਰਾਹੀਂ ਮਾਰੇ ਜਾ ਸਕਦੇ ਹਨ ।

**ਝੋਨੇ ਦੀ ਪਨੀਰੀ ਵਿੱਚ ਜ਼ਹਿਰ ਦੀ ਵਰਤੋਂ** : ਪਨੀਰੀ ਵਿੱਚੋਂ ਨਦੀਨ ਮਾਰਨ ਲਈ ਬੂਟਾਕੋਰ 50 ਤਾਕਤ ਜਾਂ ਥਾਇਓਬੈਨਕਾਰਬ 50 ਤਾਕਤ ਦਾ ਕੋਈ ਵੀ ਤਰਲ ਪਦਾਰਥ (ਸਾਰਨੀ ਨੰ. 8) 1200 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ 60 ਕਿਲੋ ਰੇਤੇ ਵਿੱਚ ਮਿਲਾ ਕੇ ਛੱਟੇ ਨਾਲ ਪਾਉਣੀ ਚਾਹੀਦੀ ਹੈ ਜਾਂ ਫਿਰ ਇਹ ਹੀ ਜ਼ਹਿਰਾਂ ਸਿੱਲ੍ਹੀ ਜ਼ਮੀਨ ਤੇ ਪਨੀਰੀ ਵਾਲੀ ਜਗ੍ਹਾ ਦਾ ਕੱਦੂ ਕਰਨ ਤੋਂ 3 ਤੋਂ 7 ਦਿਨ ਪਹਿਲਾਂ ਵਰਤੀਆਂ ਜਾ ਸਕਦੀਆਂ ਹਨ । ਇਸ ਢੰਗ ਨਾਲ ਜ਼ਹਿਰ ਪਾਉਣ ਤੋਂ ਬਾਅਦ ਝੋਨੇ ਦੇ ਪੁੰਗਰੇ ਹੋਏ ਬੀਜਾਂ ਨੂੰ ਛੱਟੇ ਨਾਲ ਬੀਜਣਾ ਚਾਹੀਦਾ ਹੈ । ਫ਼ਰਜ਼ ਕਰੋ ਕਿ ਪਨੀਰੀ 8 ਮਰਲੇ (160 ਵਰਗ ਮੀਟਰ) ਜ਼ਮੀਨ ਵਿੱਚ ਲਾਈ ਹੈ ਜਿਹੜੀ ਕਿ ਇੱਕ ਏਕੜ ਦੀ ਫ਼ਸਲ ਬੀਜਣ ਲਈ ਕਾਫ਼ੀ ਹੁੰਦੀ ਹੈ । ਇਸ ਜਗ੍ਹਾ ਤੇ ਕਿਸੇ ਵੀ ਸਿਫ਼ਾਰਸ਼ ਕੀਤੀ ਜ਼ਹਿਰ ਦੀ 60 ਮਿਲੀਲਿਟਰ ਮਾਤਰਾ ਵਰਤਣੀ ਚਾਹੀਦੀ ਹੈ। ਜ਼ਹਿਰਾਂ ਹਮੇਸ਼ਾਂ ਇੱਕਸਾਰ ਵਰਤੋ ਅਤੇ ਬੀਜਣ ਵਾਲੀ ਜਗ੍ਹਾ ਬਿਲਕੁਲ ਪੱਧਰੀ ਹੋਣੀ ਚਾਹੀਦੀ ਹੈ । ਜੇਕਰ ਨੀਵੀਂ ਜਗ੍ਹਾ ਤੇ ਪਾਣੀ ਖੜ੍ਹ ਜਾਵੇ ਤਾਂ ਝੋਨੇ ਦੇ ਬੂਟੇ ਮਰ ਜਾਂਦੇ ਹਨ । ਬੂਟਾਕਲੋਰ ਤੋਂ ਇਲਾਵਾ ਸੋਫਿਟ 30.5 ਪ੍ਰਤੀਸ਼ਤ 500 ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਪੁੰਗਰੇ ਹੋਏ ਬੀਜ ਦਾ ਛੱਟਾ ਮਾਰਨ ਤੋਂ ਤਿੰਨ ਦਿਨ ਬਾਅਦ ਮਿੱਟੀ ਵਿੱਚ ਮਿਲਾ ਕੇ ਵੀ ਕੀਤੀ ਜਾ ਸਕਦੀ ਹੈ ।

**ਝੋਨੇ ਦੀ ਫ਼ਸਲ ਵਿੱਚ ਜ਼ਹਿਰਾਂ ਦੀ ਵਰਤੋਂ** : ਸਾਰਨੀ ਨੰ. 8 ਵਿੱਚ ਦਿੱਤੀਆਂ ਹੋਈਆਂ ਜ਼ਹਿਰਾਂ ਵਿੱਚੋਂ ਕੋਈ ਇੱਕ ਦਵਾਈ ਦੇ ਤਰਲ ਪਦਾਰਥ ਦਾ 60 ਕਿਲੋ ਰੇਤ (ਪ੍ਰਤੀ ਏਕੜ) ਵਿੱਚ ਮਿਲਾ ਕੇ 4-5 ਸੈਂਟੀਮੀਟਰ ਖੜ੍ਹੇ ਪਾਣੀ ਵਿੱਚ ਫ਼ਸਲ ਬੀਜਣ ਤੋਂ 2-3 ਦਿਨਾਂ ਬਾਅਦ ਛੱਟਾ ਮਾਰ ਦੇਣਾ ਚਾਹੀਦਾ ਹੈ । ਇਹ ਜ਼ਹਿਰਾਂ ਖਾਦ ਵਿੱਚ ਮਿਲਾ ਕੇ ਵੀ ਪਾਈਆਂ ਜਾ ਸਕਦੀਆਂ ਹਨ । ਜ਼ਹਿਰ ਪਾਉਣ ਤੋਂ ਬਾਅਦ ਇੱਕ

ਹਫ਼ਤੇ ਲਈ ਲਗਾਤਾਰ ਪਾਣੀ ਖੜ੍ਹਾ ਰੱਖੋ । ਅਨਿਲੋਫਾਸ ਗਰੁੱਪ ਦੀਆਂ ਜ਼ਹਿਰਾਂ ਕਣਕੀ (ਰਿੰਕਲ ਗਰਾਸ) ਨੂੰ ਦੂਜਿਆਂ ਨਾਲੋਂ ਜ਼ਿਆਦਾ ਚੰਗੀ ਤਰ੍ਹਾਂ ਕਾਬੂ ਕਰਦੀਆਂ ਹਨ ।

**ਸਾਵਧਾਨੀਆਂ :**

ੳ) ਹਮੇਸ਼ਾ ਸਿਫ਼ਾਰਸ਼ ਕੀਤੀਆਂ ਜ਼ਹਿਰਾਂ ਦੀ ਮਾਤਰਾ ਸਿਫਾਰਸ਼ ਅਨੁਸਾਰ ਵਰਤੋ ।

ਅ) ਜ਼ਹਿਰ ਨੂੰ ਰੇਤੇ ਜਾਂ ਖਾਦ ਨਾਲ ਬਹੁਤ ਚੰਗੀ ਤਰ੍ਹਾਂ ਮਿਲਾਉ ।

ੲ) ਜ਼ਹਿਰ ਪਾਉਣ ਵੇਲੇ ਹੱਥਾਂ ਤੇ ਦਸਤਾਨੇ ਚੜ੍ਹਾਉ ।

ਸ) ਕੱਦੂ ਕਰਨ ਅਤੇ ਪਨੀਰੀ ਪੁੱਟ ਕੇ ਲਾਉਣ ਦੇ ਵਿਚਕਾਰ ਘੱਟ ਤੋਂ ਘੱਟ ਸਮਾਂ ਲਗਾਉ ਨਹੀਂ ਤਾਂ ਨਦੀਨਾਂ ਦੇ ਉੱਗੇ ਹੋਏ ਬੂਟੇ ਨਹੀਂ ਮਰਦੇ ।

**ਸਾਰਨੀ ਨੰ. 8 : ਝੋਨੇ ਵਿੱਚ ਸਿਫ਼ਾਰਸ਼ ਕੀਤੀਆਂ ਦਵਾਈਆਂ ਦੀ ਸੂਚੀ ।**

| ਜ਼ਹਿਰ ਦਾ ਨਾਂ | ਮਾਤਰਾ ਪ੍ਰਤੀ ਏਕੜ |
|---|---|
| ਬੂਟਾਕਲੋਰ 50 ਈ ਸੀ<br>ਮੈਚੇਟੀ/ਡੈਲਕਲੋਰ/ਰਿਸਾਇਨਕਲੋਰ/ਐਕਸਕਲੋਰ/ਪੰਚ/<br>ਹਿਲਟਾਕਲੋਰ/ਥੰਡਰ/ਕੈਪਕਲੋਰ/ਮਿਲਕਲੋਰ/ਨਰਮਦਾਕਲੋਰ/<br>ਫਾਈਕਲੋਰ/ਟਰੈਪ/ਤੀਰ/ਐਰੋਕਲੋਰ/ਮੈਗਾਕਲੋਰ/ਬੂਟਾਕਲੋਰ<br>(ਸਨਬੀਮ)/ਮਾਰਕਲੋਰ/ਪਾਕਲੋਰ/ਬੈਨਵੀਡ/ਬੂਟਾਸਿਡ/<br>ਜੈਬੂਟਾਕਲੋਰ/ਫਾਸਟਮਿਕੱਸ | 1200 ਮਿਲੀਲਿਟਰ |
| ਥਾਇਉਬੈਨਕਾਰਬ 50 ਈ ਸੀ<br>ਸੈਟਰਨ | 1200 ਮਿਲੀਲਿਟਰ |
| ਅਨਿਲੋਫਾਸ 30 ਈ ਸੀ<br>ਐਰੋਜ਼ਿਨ/ਅਨਿਲਗਾਰਡ/ਲਿਬਰਾ/ਕੰਟਰੋਲ ਐਚ 30/ਪੈਸਟੋ ਅਨਿਲੋਫਾਸ/<br>ਮਾਰਕਾਨਿਲ/ਜੈਫਾਸ/ਹਰਐਗਰੋ/ਅਨਿਲੋਫਾਸ/ਪੈਡੀਗਾਰਡ | 500 ਮਿਲੀਲਿਟਰ |
| ਪੈਡੀਮੈਥਾਲਿਨ 30 ਈ ਸੀ<br>ਸਟੌਂਪ | 1000-1200 ਮਿ.ਲਿ. |
| ਪ੍ਰੀਟੀਲਾਕਲੋਰ 50 ਈ ਸੀ<br>ਰੀਫਿਟ/ਇਰੇਜ਼/ਮਾਰਕਪ੍ਰੈਟੀਲਾ | 600 ਮਿਲੀਲਿਟਰ |
| ਪਾਈਰੈਜ਼ੋਸਲਫੂਰਾਨ ਈਥਾਈਲ 10 ਡਬਲਯੂ ਪੀ<br>ਸਾਥੀ | 60 ਗ੍ਰਾਮ |
| ਐਕਸਾਡਾਇਰਾਗਾਇਲ 80 ਡਬਲਯੂ ਪੀ<br>ਟੌਪਸਟਾਰ | 45 ਗ੍ਰਾਮ |

ਹ) ਸਟੌਂਪ ਦੀ ਹਲਕੀਆਂ ਜ਼ਮੀਨਾਂ ਤੇ ਘੱਟ ਮਾਤਰਾ ਅਤੇ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ ਸਟੌਂਪ ਦੀ ਜ਼ਿਆਦਾ ਮਾਤਰਾ ਵਰਤੋ ।

ਕ) ਪਨੀਰੀ ਪੁੱਟ ਕੇ ਲਾਉਣ ਤੋਂ ਤਿੰਨ ਦਿਨਾਂ ਦੇ ਅੰਦਰ-ਅੰਦਰ ਜ਼ਹਿਰਾਂ ਪਾ ਦੇਣੀਆ ਚਾਹੀਦੀਆਂ ਹਨ ।

ਖ) ਜ਼ਹਿਰਾਂ ਪਾਉਣ ਤੋਂ 5-7 ਦਿਨਾਂ ਬਾਅਦ ਤੱਕ ਝੋਨੇ ਵਿੱਚ ਲਗਾਤਾਰ ਪਾਣੀ ਖੜ੍ਹਾ ਰੱਖੋ ਜਿਸ ਨਾਲ ਜ਼ਹਿਰਾਂ ਦਾ ਅਸਰ ਵਧ ਜਾਂਦਾ ਹੈ ।

ਇਨ੍ਹਾਂ ਦੇ ਬਦਲੇ ਵਿੱਚ ਨੌਮਨੀ ਗੋਲਡ/ਤਾਰਕ/ਵਾਸ਼ ਆਊਟ/ਮਾਚੋ 10 ਐਸ ਸੀ (ਬਿਸਪਾਇਰੀਬੈਕ) 100 ਮਿਲੀਲਿਟਰ ਪ੍ਰਤੀ ਏਕੜ 150 ਲਿਟਰ ਪਾਣੀ ਵਿੱਚ ਘੋਲ ਕੇ ਝੋਨੇ ਦੀ ਲੁਆਈ ਤੋਂ 20-25 ਦਿਨਾਂ ਬਾਅਦ ਛਿੜਕਾਅ ਕਰਨਾ ਚਾਹੀਦਾ ਹੈ । ਛਿੜਕਾਅ ਤੋਂ ਪਹਿਲਾਂ ਫ਼ਸਲ ਵਿੱਚ ਖੜ੍ਹੇ ਪਾਣੀ ਨੂੰ ਕੱਢ ਦੇਣਾ ਚਾਹੀਦਾ ਹੈ ਅਤੇ ਇੱਕ ਦਿਨ ਪਿਛੋਂ ਪਾਣੀ ਲਾਉਣਾ ਚਾਹੀਦਾ ਹੈ । ਬੈੱਡਾਂ ਤੇ ਲਗਾਏ ਗਏ ਝੋਨੇ ਤੇ ਵੀ ਇਹੀ ਦਵਾਈ 120 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਨਦੀਨਾਂ ਨੂੰ ਮਾਰਨ ਲਈ ਕੀਤੀ ਜਾ ਸਕਦੀ ਹੈ ।

ਝੋਨੇ ਦੀ ਫ਼ਸਲ ਵਿੱਚੋਂ ਚੌੜੀ ਪੱਤੀ ਵਾਲੇ ਨਦੀਨ ਜਿਵੇਂ ਕਿ ਘਰਿੱਲਾ, ਸਣੀ ਆਦਿ ਅਤੇ ਡੀਲਾ ਜਾਤੀ ਦੇ ਨਦੀਨਾਂ ਨੂੰ ਮਾਰਨ ਲਈ ਐਲਗਰਿੱਪ (ਮੈਟਸਲਫੂਰਾਨ) 20 ਡਬਲਯੂ ਪੀ 30 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 150 ਲਿਟਰ ਪਾਣੀ ਵਿੱਚ ਘੋਲ ਕੇ ਪਨੀਰੀ ਪੁੱਟ ਕੇ ਖੇਤ ਵਿੱਚ ਲਾਉਣ ਤੋਂ 20-25 ਦਿਨਾਂ ਬਾਅਦ ਛਿੜਕਾਅ ਕਰੋ । ਇਸ ਦੇ ਬਦਲੇ ਵਿੱਚ ਸਨਰਾਈਜ਼ 15 ਡਬਲਯੂ ਡੀ ਜੀ (ਇਥੋਕਸੀਸਲਫੂਰਾਨ) 50 ਗ੍ਰਾਮ ਜਾਂ ਲੌਂਡੈਕਸ 60 ਡੀ ਐਫ (ਬੈਨਸਲਫੂਰਾਨ) 40 ਗ੍ਰਾਮ ਜਾਂ ਸੈਗਮੈਂਟ 50 ਡੀ ਐਫ (ਅਜ਼ਿਮਸਲਫੂਰਾਨ) 16 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 150 ਲਿਟਰ ਪਾਣੀ ਵਿੱਚ ਘੋਲ ਕੇ ਝੋਨਾ ਪੁੱਟ ਕੇ ਲਾਉਣ ਤੋਂ 15-20 ਦਿਨਾਂ ਬਾਅਦ ਛਿੜਕਾਅ ਕਰਨਾ ਚਾਹੀਦਾ ਹੈ । ਛਿੜਕਾਅ ਤੋਂ ਪਹਿਲਾਂ ਫ਼ਸਲ ਵਿੱਚ ਖੜ੍ਹੇ ਪਾਣੀ ਨੂੰ ਕੱਢ ਦੇਣਾ ਚਾਹੀਦਾ ਹੈ ਅਤੇ ਦੂਸਰੇ ਦਿਨ ਫ਼ਸਲ ਨੂੰ ਪਾਣੀ ਲਗਾ ਦਿਉ । ਚੰਗੇ ਨਤੀਜੇ ਪ੍ਰਾਪਤ ਕਰਨ ਲਈ ਛਿੜਕਾਅ ਫਲੈਟ ਫੈਨ ਨੋਜ਼ਲ ਨਾਲ ਹੀ ਕਰੋ ਅਤੇ ਛਿੜਕਾਅ ਸਮੇਂ ਨਦੀਨਾਂ ਦੇ ਪੱਤੇ ਪਾਣੀ ਤੋਂ ਬਾਹਰ ਹੋਣ ਤਾਂ ਨਦੀਨਾਂ ਉੱਪਰ ਦਵਾਈ ਪੈ ਸਕੇ । ਜ਼ਹਿਰ ਦੀ ਵਰਤੋਂ ਸਮੇਂ ਸਿਰ ਅਤੇ ਇਕਸਾਰ ਕਰੋ ।

**ਬੀਜ ਰਾਹੀਂ ਸਿੱਧੇ ਬੀਜੇ ਝੋਨੇ ਵਿੱਚ ਨਦੀਨਾਂ ਦੀ ਰੋਕਥਾਮ** : ਪਾਣੀ ਦੀ ਬੱਚਤ ਕਰਨ ਵਾਸਤੇ ਅਤੇ ਜ਼ਮੀਨ ਦੀ ਬਣਤਰ ਨੂੰ ਸਹੀ ਰੱਖਣ ਵਾਸਤੇ ਬਿਨਾਂ ਕੱਦੂ ਕੀਤੇ ਝੋਨੇ ਦੀ ਸਿੱਧੀ ਬੀਜਾਈ ਦੀ ਸਿਫ਼ਾਰਸ਼ ਕੀਤੀ ਗਈ ਹੈ । ਸਿੱਧੇ ਬੀਜੇ ਝੋਨੇ ਵਾਲੇ ਖੇਤ ਵਿੱਚ ਨਦੀਨਾਂ ਦੀ ਰੋਕਥਾਮ ਬਹੁਤ ਹੀ ਜ਼ਿਆਦਾ ਜ਼ਰੂਰੀ ਹੈ ਕਿਉਂਕਿ ਇਸ ਵਿੱਚ ਝੋਨੇ ਦੇ ਆਮ ਨਦੀਨਾਂ ਜਿਵੇਂ ਕਿ ਸਵਾਂਕ ਤੋਂ ਇਲਾਵਾ ਮੌਸਮੀ ਘਾਹ ਜਿਵੇਂ ਕਿ ਤੱਕੜੀ ਘਾਹ, ਮਧਾਣਾ ਆਦਿ ਅਤੇ ਚੌੜੀ ਪੱਤੀ ਵਾਲੇ ਜਿਵੇਂ ਕਿ ਇਟਸਿੱਟ, ਤਾਂਦਲਾ ਅਤੇ ਮੌਸਮੀ ਮੋਥੇ ਵੀ ਉੱਗਦੇ ਹਨ ਅਤੇ ਫ਼ਸਲ ਦਾ ਭਾਰੀ ਨੁਕਸਾਨ ਕਰਦੇ ਹਨ । ਸਿੱਧੇ ਬੀਜੇ ਝੋਨੇ ਦੇ ਖੇਤ ਵਿੱਚ ਨਦੀਨਾਂ ਦੀ ਰੋਕਥਾਮ ਲਈ ਬੀਜਾਈ ਤੋਂ 2 ਦਿਨਾਂ ਦੇ ਅੰਦਰ ਸਟੌਂਪ 30 ਈ ਸੀ ਇੱਕ ਲਿਟਰ ਪ੍ਰਤੀ ਏਕੜ ਦੇ ਹਿਸਾਬ 200 ਲਿਟਰ ਪਾਣੀ ਵਿੱਚ ਘੋਲ ਕੇ ਇਕਸਾਰ ਛਿੜਕਾਅ ਕਰੋ । ਬੀਜਾਈ ਤੋਂ 20-25 ਦਿਨਾਂ ਬਾਅਦ ਨੌਮਿਨੀ ਗੋਲਡ 10 ਐਸ ਸੀ (ਬਿਸਪਾਇਰੀਬੈਕ) 100 ਮਿ. ਲੀ. ਪ੍ਰਤੀ ਏਕੜ ਜਾਂ ਸੈਗਮੈਂਟ 50 ਡੀ ਐਫ (ਅਜ਼ਿਮਸਲਫੂਰਾਨ) 16 ਗ੍ਰਾਮ 150 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਜੇਕਰ ਫ਼ਸਲ ਵਿੱਚ ਸਵਾਂਕ ਅਤੇ ਝੋਨੇ ਦੇ ਮੋਥੇ ਹੋਣ ਤਾਂ ਨੌਮਿਨੀਗੋਲਡ ਦੀ ਵਰਤੋਂ ਨੂੰ ਤਰਜੀਹ ਦਿਉ।

# ਮੱਕੀ

ਮੱਕੀ ਪੰਜਾਬ ਦੀ ਮਹੱਤਵਪੂਰਨ ਫ਼ਸਲ ਹੈ । ਇਸ ਦਾ ਔਸਤ ਝਾੜ 34.2 ਕੁਇੰਟਲ ਪ੍ਰਤੀ ਹੈਕਟੇਅਰ ਹੈ ਜੋ ਕਿ ਦੂਜੇ ਕਈ ਸੂਬਿਆਂ ਨਾਲੋਂ ਵੱਧ ਹੈ । ਫਿਰ ਵੀ ਔਸਤ ਝਾੜ ਮੱਕੀ ਦੀਆਂ ਸੁਧਰੀਆਂ ਹੋਈਆਂ ਕਿਸਮਾਂ ਦੀ ਸਮਰੱਥਾ ਤੋਂ ਬਹੁਤ ਘੱਟ ਹੈ । ਮੱਕੀ ਦੀਆਂ ਸੁਧਰੀਆਂ ਕਿਸਮਾਂ, ਖਾਦ ਅਤੇ ਪਾਣੀ ਦੀ ਸੁਚੱਜੀ ਵਰਤੋਂ ਅਤੇ ਕੀੜੇ ਅਤੇ ਬੀਮਾਰੀ ਦੀ ਰੋਕਥਾਮ ਨੇ ਮੱਕੀ ਦੇ ਝਾੜ ਵਿੱਚ ਬਹੁਤ ਵਾਧਾ ਕੀਤਾ ਹੈ। ਇਸ ਦੇ ਨਾਲ ਹੀ ਇਸ ਫ਼ਸਲ ਵਿੱਚੋਂ ਨਦੀਨ ਦੀ ਵੇਲੇ ਸਿਰ ਰੋਕਥਾਮ ਨੇ ਵੀ ਝਾੜ ਵਧਾਉਣ ਵਿੱਚ ਬਹੁਤ ਯੋਗਦਾਨ ਪਾਇਆ ਹੈ। ਤਜ਼ਰਬਿਆਂ ਰਾਹੀਂ ਸਿੱਧ ਹੋਇਆ ਹੈ ਕਿ ਮੱਕੀ ਦਾ ਵੱਧ ਝਾੜ ਪ੍ਰਾਪਤ ਕਰਨ ਲਈ ਵਰਤੀ ਗਈ ਨਵੀਨ ਤਕਨਾਲੋਜੀ ਦਾ ਤਦ ਹੀ ਫ਼ਾਇਦਾ ਹੈ ਜੇਕਰ ਇਸ ਫ਼ਸਲ ਵਿੱਚੋਂ ਨਦੀਨ ਦੀ ਰੋਕਥਾਮ ਵੇਲੇ ਸਿਰ ਅਤੇ ਸੁਚੱਜੇ ਢੰਗ ਨਾਲ ਕੀਤੀ ਜਾਵੇ । ਜੇਕਰ ਇਸ ਫ਼ਸਲ ਵਿੱਚੋਂ ਨਦੀਨ ਕਾਬੂ ਨਾ ਕੀਤੇ ਜਾਣ ਤਾਂ ਮੱਕੀ ਦੀ ਫ਼ਸਲ ਦਾ 25 ਤੋਂ 30 ਪ੍ਰਤੀਸ਼ਤ ਝਾੜ ਘੱਟ ਕਰ ਦਿੰਦੇ ਹਨ ।

1. **ਘਾਹ ਵਾਲੇ** : ਮਧਾਣਾ, ਮੱਕੜਾ, ਤੱਕੜੀ ਘਾਹ, ਚਿੜੀਆਂ ਦਾ ਦਾਣਾ, ਅਰੈਕਨੀ, ਬਾਂਸ ਪੱਤਾ, ਕਾਂ ਮੱਕੀ ਆਦਿ ।

2. **ਚੌੜੀ ਪੱਤੀ ਵਾਲੇ** : ਇੱਟਸਿੱਟ/ਚੁਪੱਤੀ, ਚੁਲਾਈ, ਤਾਂਦਲਾ, ਭੱਖੜਾ, ਲੂਣਕ, ਸਲਾਰਾ ਆਦਿ ।

3. **ਬਹੁ-ਰੁੱਤੇ ਨਦੀਨ** : ਡੀਲਾ/ਮੋਥਾ ਅਤੇ ਬਰੂ ।

ਮੱਕੀ ਦੀ ਫ਼ਸਲ ਤੋਂ ਵੱਧ ਤੋਂ ਵੱਧ ਝਾੜ ਪ੍ਰਾਪਤ ਕਰਨ ਲਈ ਇਹ ਅਤਿ ਜ਼ਰੂਰੀ ਹੈ ਕਿ ਇਸ ਫ਼ਸਲ ਵਿੱਚੋਂ ਨਦੀਨ ਨੂੰ ਸਮੇਂ ਸਿਰ ਕਾਬੂ ਕੀਤਾ ਜਾਵੇ ।

ਇਸ ਫ਼ਸਲ ਵਿੱਚ ਨਦੀਨ ਨੂੰ ਹੇਠ ਲਿਖੇ ਢੰਗਾਂ ਨਾਲ ਕਾਬੂ ਕੀਤਾ ਜਾ ਸਕਦਾ ਹੈ :

1. ਗੋਡੀ ।
2. ਸੀੜਨਾ ।
3. ਕਾਸ਼ਤਕਾਰੀ ਢੰਗ ।
4. ਦਵਾਈਆਂ ਦੀ ਵਰਤੋਂ ।

1. **ਗੋਡੀ** : ਮੱਕੀ ਦੀ ਫ਼ਸਲ ਵਿੱਚੋਂ ਨਦੀਨ ਨੂੰ ਮਾਰਨ ਲਈ ਦੋ ਗੋਡੀਆਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ । ਪਹਿਲੀ ਗੋਡੀ ਮੱਕੀ ਬੀਜਣ ਤੋਂ ਤਿੰਨ ਹਫ਼ਤੇ ਬਾਅਦ ਅਤੇ ਦੂਜੀ ਗੋਡੀ ਇਸ ਤੋਂ ਦੋ ਹਫ਼ਤੇ ਬਾਅਦ । ਪਹਿਲੀ ਗੋਡੀ ਖੁਰਪੇ (ਰੰਬੇ) ਨਾਲ ਕੀਤੀ ਜਾ ਸਕਦੀ ਹੈ ਜਦੋਂ ਕਿ ਦੂਜੀ ਗੋਡੀ ਕਸੌਲੇ ਆਦਿ ਨਾਲ ਕੀਤੀ ਜਾ ਸਕਦੀ ਹੈ । ਮੱਕੀ ਦੀ ਫ਼ਸਲ ਵਿੱਚ ਗੋਡੀ ਦਾ ਵੇਲੇ ਸਿਰ ਹੋਣਾ ਅਤਿ ਜ਼ਰੂਰੀ ਹੈ ਨਹੀਂ ਤਾਂ

ਪਛੇਤੀ ਗੋਡੀ ਨਾ ਸਿਰਫ਼ ਨਦੀਨ ਨੂੰ ਘੱਟ ਮਾਰਦੀ ਹੈ ਸਗੋਂ ਫ਼ਸਲ ਦੇ ਝਾੜ ਤੇ ਵੀ ਬੁਰਾ ਅਸਰ ਪਾਉਂਦੀ ਹੈ। ਜੇਕਰ ਮਜ਼ਦੂਰ ਵੇਲੇ ਸਿਰ ਮਿਲ ਜਾਣ ਅਤੇ ਬਾਰਸ਼ਾਂ ਰੁਕੀਆਂ ਹੋਣ ਤਾਂ ਮੱਕੀ ਦੀ ਫ਼ਸਲ ਵਿੱਚੋਂ ਗੋਡੀ ਰਾਹੀਂ ਵੀ ਨਦੀਨ ਨੂੰ ਚੰਗੀ ਤਰ੍ਹਾਂ ਕਾਬੂ ਕੀਤਾ ਜਾ ਸਕਦਾ ਹੈ । ਜਿੱਥੇ ਮੱਕੀ ਭਾਰੀਆਂ ਜ਼ਮੀਨਾਂ ਵਿੱਚ ਬੀਜੀ ਗਈ ਹੋਵੇ ਉੱਥੇ ਗੋਡੀ ਨਾ ਸਿਰਫ਼ ਨਦੀਨ ਹੀ ਮਾਰਦੀ ਹੈ ਸਗੋਂ ਜ਼ਮੀਨ ਦੀ ਰੱਪੜ ਨੂੰ ਭੰਨ ਕੇ ਮੱਕੀ ਦੀਆਂ ਜੜ੍ਹਾਂ ਨੂੰ ਹਵਾ ਪਹੁੰਚਾਉਣ ਵਿੱਚ ਵੀ ਮਦਦ ਦਿੰਦੀ ਹੈ । ਲੇਕਿਨ ਜੇਕਰ ਲਗਾਤਾਰ ਬਾਰਸ਼ਾਂ ਹੁੰਦੀਆਂ ਰਹਿਣ ਤਾਂ ਗੋਡੀ ਕਰਨ ਲਈ ਮਜ਼ਦੂਰ ਨਾ ਮਿਲਣ ਤਾਂ ਫਿਰ ਪਿਛੇਤੀ ਗੋਡੀ ਦਾ ਮੱਕੀ ਦਾ ਝਾੜ ਵਧਾਉਣ ਵਿੱਚ ਪੂਰਾ ਫ਼ਾਇਦਾ ਨਹੀਂ ਹੁੰਦਾ। ਇਸ ਦੇ ਨਾਲ ਹੀ ਜਿਸ ਫ਼ਸਲ ਵਿੱਚ ਚੁਪੱਤੀ/ਇੱਟਸਿੱਟ ਦਾ ਹੱਲਾ ਜ਼ਿਆਦਾ ਹੋਵੇ ਉੱਥੇ ਕਈ ਵਾਰ ਜ਼ਿਆਦਾ ਗੋਡੀਆਂ ਦੀ ਲੋੜ ਵੀ ਪੈ ਸਕਦੀ ਹੈ ।

2. **ਸੀੜਨਾ** : ਮੱਕੀ ਦੀ ਫ਼ਸਲ ਨੂੰ ਸੀੜਨ ਨਾਲ ਵੀ ਨਦੀਨ ਨੂੰ ਕਾਬੂ ਕੀਤਾ ਜਾ ਸਕਦਾ ਹੈ । ਇਸ ਫ਼ਸਲ ਵਿੱਚ ਸਿਆੜਾਂ ਦਾ ਫ਼ਾਸਲਾ ਜ਼ਿਆਦਾ ਹੋਣ ਕਰਕੇ ਫ਼ਸਲ ਦੇ ਸਿਆੜਾਂ ਵਿੱਚ ਹਲ ਚਲਾਉਣ ਨਾਲ ਵੀ ਨਦੀਨ ਮਾਰਿਆ ਜਾ ਸਕਦਾ ਹੈ। ਹਲ ਬੈਲਾਂ ਨਾਲ ਜਾਂ ਫਿਰ ਟਰੈਕਟਰ ਨਾਲ ਕਲਟੀਵੇਟਰ ਚਲਾ ਕੇ ਵੀ ਨਦੀਨ ਮਾਰਿਆ ਜਾ ਸਕਦਾ ਹੈ । ਮੱਕੀ ਨੂੰ ਛੋਟੀ ਉਮਰ ਵਿੱਚ ਨਹੀਂ ਸੀੜਿਆ ਜਾ ਸਕਦਾ ਕਿਉਂਕਿ ਬੂਟੇ ਬਹੁਤ ਛੋਟੇ ਹੁੰਦੇ ਹਨ ਅਤੇ ਮਿੱਟੀ ਪੈਣ ਨਾਲ ਢੱਕੇ ਜਾਂਦੇ ਹਨ । ਜੇਕਰ ਫ਼ਸਲ ਵਿੱਚ ਨਦੀਨ ਘੱਟ ਹੋਵੇ ਤਾਂ ਮੱਕੀ ਨੂੰ ਸੀੜਨਾ ਬਹੁਤ ਲਾਭਦਾਇਕ ਰਹਿੰਦਾ ਹੈ । ਪ੍ਰੰਤੂ ਜੇ ਨਦੀਨ ਜ਼ਿਆਦਾ ਮਾਤਰਾ ਵਿੱਚ ਹੋਣ ਤਾਂ ਸੀੜਨ ਨਾਲ ਸਾਰਾ ਨਦੀਨ ਨਹੀਂ ਮਰਦਾ ਅਤੇ ਬਚਿਆ ਹੋਇਆ ਨਦੀਨ ਅੰਤ ਤੱਕ ਫ਼ਸਲ ਦਾ ਮੁਕਾਬਲਾ ਕਰਦਾ ਹੈ ਅਤੇ ਫ਼ਸਲ ਦਾ ਝਾੜ ਘੱਟ ਜਾਂਦਾ ਹੈ ।

3. **ਕਾਸ਼ਤਕਾਰੀ ਢੰਗ** : ਮੱਕੀ ਵਿੱਚ ਕਾਸ਼ਤਕਾਰੀ ਢੰਗਾਂ ਰਾਹੀਂ ਨਦੀਨਾਂ ਦੀ ਰੋਕਥਾਮ ਕਰਨ ਲਈ ਮੱਕੀ ਦੀਆਂ ਕਤਾਰਾਂ ਵਿੱਚ ਇੱਕ ਜਾਂ ਦੋ ਕਤਾਰਾਂ ਰਵਾਹਾਂ ਦੀਆਂ ਬੀਜੋ ਅਤੇ ਇਸ ਨੂੰ ਬੀਜਣ ਤੋਂ 35-45 ਦਿਨਾਂ ਬਾਅਦ ਮੱਕੀ ਦੇ ਬੂਟਿਆਂ ਨਾਲ ਲਿਪਟਨ ਤੋਂ ਪਹਿਲਾਂ-ਪਹਿਲਾਂ ਚਾਰੇ ਵਾਸਤੇ ਕੱਟ ਲਉ । ਇਸ ਪਿੱਛੋਂ ਮੱਕੀ ਵਿੱਚ ਨਦੀਨਾਂ ਦੀ ਰੋਕਥਾਮ ਲਈ ਕੁਝ ਵੀ ਕਰਨ ਦੀ ਲੋੜ ਨਹੀਂ ਪੈਂਦੀ ਅਤੇ ਨਾ ਹੀ ਵਾਧੂ ਖਾਦ ਪਾਉਣ ਦੀ ਲੋੜ ਹੈ । ਰਵਾਂਹ ਦਾ ਬੀਜ ਸਿਫ਼ਾਰਸ਼ ਕੀਤੇ ਨਾਲੋਂ ਲਗਪਗ ਦੋ ਤਿਹਾਈ ਵਰਤੋ (ਰਵਾਂਹ 88 ਦਾ 16 ਕਿਲੋ ਅਤੇ ਰਵਾਂਹ 367 ਦਾ 8 ਕਿਲੋ ਬੀਜ ਪ੍ਰਤੀ ਏਕੜ) । ਰਵਾਂਹ ਦੀ ਬੀਜਾਈ ਮੱਕੀ ਦੇ ਨਾਲ ਹੀ ਕਰੋ ।

4. **ਨਦੀਨ ਨਾਸ਼ਕ ਜ਼ਹਿਰਾਂ ਦੀ ਵਰਤੋਂ** : ਇਸ ਫ਼ਸਲ ਵਿੱਚੋਂ ਨਦੀਨ ਤੇ ਕਾਬੂ ਪਾਉਣ ਲਈ ਕੁਝ ਜ਼ਹਿਰਾਂ ਦੀ ਸਿਫ਼ਾਰਸ਼ ਕੀਤੀ ਗਈ ਹੈ । ਜ਼ਹਿਰਾਂ ਦੀ ਵਰਤੋਂ ਗੋਡੀ ਅਤੇ ਸੀੜਨ ਨਾਲੋਂ ਬਹੁਤ ਲਾਭਦਾਇਕ ਸਿੱਧ ਹੋਈ ਹੈ । ਜਿਸ ਤਰ੍ਹਾਂ ਕਿ ਹੇਠ ਲਿਖੇ ਅੰਕੜਿਆਂ ਤੋਂ ਸਿੱਧ ਹੁੰਦਾ ਹੈ (ਸਾਰਨੀ ਨੰ. 9) ।

**ਸਾਰਨੀ ਨੰ. 9 : ਵੱਖ-ਵੱਖ ਤਰੀਕਿਆਂ ਦਾ ਮੱਕੀ ਦੇ ਝਾੜ ਤੇ ਅਸਰ**

| ਰੋਕਥਾਮ ਦੇ ਤਰੀਕੇ | ਝਾੜ (ਕੁ.ਪ੍ਰਤੀ ਏਕੜ) |
|---|---|
| ਗੋਡੀ ਰਾਹੀਂ | 28.0 |
| ਦਵਾਈਆਂ ਰਾਹੀਂ | 31.2 |
| ਬਿਨਾ ਦਵਾਈ | 14.3 |

ਜ਼ਹਿਰਾਂ ਦੀ ਵਰਤੋਂ ਗੋਡੀ ਨਾਲੋਂ ਸਸਤੀ ਪੈਂਦੀ ਹੈ ਅਤੇ ਫ਼ਸਲ ਨਦੀਨ ਰਹਿਤ ਵੀ ਰਹਿੰਦੀ ਹੈ । ਇਸ ਫ਼ਸਲ ਵਿੱਚੋਂ ਨਦੀਨ ਨੂੰ ਕਾਬੂ ਕਰਨ ਲਈ ਹੇਠ ਲਿਖੀਆਂ ਜ਼ਹਿਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ ।

**ਫ਼ਸਲ ਬੀਜਣ ਤੋਂ ਬਾਅਦ ਅਤੇ ਫ਼ਸਲ ਉੱਗਣ ਤੋਂ ਪਹਿਲਾਂ** : ਇਸ ਫ਼ਸਲ ਵਿੱਚੋਂ ਇੱਕ ਰੁੱਤੇ ਨਦੀਨ ਨੂੰ ਮਾਰਨ ਲਈ  ਸਾਰਨੀ ਨੰ. 10 ਵਿੱਚ ਦਿੱਤੀਆਂ ਗਈਆਂ ਨਦੀਨ ਨਾਸ਼ਕ ਜ਼ਹਿਰਾਂ ਵਿੱਚੋਂ  ਕਿਸੇ ਇੱਕ ਜ਼ਹਿਰ ਦੀ ਵਰਤੋਂ ਕੀਤੀ ਜਾ ਸਕਦੀ ਹੈ । ਜ਼ਹਿਰ ਦਾ ਸਪਰੇਅ ਮੱਕੀ ਬੀਜਣ ਤੋਂ ਬਾਅਦ 48 ਘੰਟੇ ਅੰਦਰ ਕਰਨਾ ਚਾਹੀਦਾ ਹੈ।

**ਸਾਰਨੀ ਨੰ. 10 : ਮੱਕੀ ਵਿੱਚ ਸਿਫ਼ਾਰਸ਼ ਕੀਤੀਆਂ ਜ਼ਹਿਰਾਂ ਦੀ ਸੂਚੀ**

| ਜ਼ਹਿਰ ਦਾ ਨਾਂ | ਮਾਤਰਾ ਪ੍ਰਤੀ ਏਕੜ |
|---|---|
| ਐਟਰਾਟਾਫ਼ 50% (ਐਟਰਾਜ਼ੀਨ) | 500 ਤੋਂ 800 ਗ੍ਰਾਮ |
| ਲਾਸੋ 50% (ਐਲਾਕਲੋਰ) | 2.0 ਲਿਟਰ |

ਐਟਰਾਟਾਫ਼ ਦੀ ਘੱਟ ਮਾਤਰਾ ਹਲਕੀਆਂ ਜ਼ਮੀਨਾਂ ਵਿੱਚ ਘੱਟ ਅਤੇ ਭਾਰੀਆਂ ਜ਼ਮੀਨਾਂ ਵਿੱਚ ਵੱਧ ਮਾਤਰਾ ਵਰਤਣੀ ਚਾਹੀਦੀ ਹੈ । ਸਖ਼ਤ ਜਾਨ ਨਦੀਨ ਜਿਵੇਂ ਕਿ ਅਰੈਕਨੀ ਘਾਹ, ਬਾਂਸ ਪੱਤਾ ਜਾਂ ਕਾਂ ਮੱਕੀ ਆਦਿ ਦੀ ਰੋਕਥਾਮ ਲਈ 600 ਗ੍ਰਾਮ ਐਟਰਾਜੀਨ ਨੂੰ ਇੱਕ ਲਿਟਰ ਲਾਸੋ 50% (ਐਲਾਕਲੋਰ)/ਸਟੌਂਪ 30% (ਪੈਂਡੀਮੈਥਾਲੀਨ)/ਟਰੈਫਲਾਨ 48% (ਟਰਾਈਫਲੂਰਾਲਿਨ) ਪ੍ਰਤੀ ਏਕੜ 200 ਲਿਟਰ ਪਾਣੀ ਵਿੱਚ ਘੋਲ ਕੇ ਬੀਜਾਈ ਤੋਂ 2 ਦਿਨਾਂ ਦੇ ਅੰਦਰ ਛਿੜਕਾਅ ਕਰੋ ।

**ਮੱਕੀ ਉੱਗਣ ਤੋਂ ਬਾਅਦ** : ਜੇਕਰ ਕਿਸੇ ਕਾਰਨ ਜ਼ਹਿਰ ਦਾ ਸਪਰੇਅ ਮੱਕੀ ਉੱਗਣ ਤੋਂ ਪਹਿਲਾ ਨਾ ਹੋ ਸਕਿਆ ਹੋਵੇ ਤਾਂ ਐਟਰਾਟਾਫ਼ ਦੀ ਵਰਤੋਂ ਫ਼ਸਲ ਉੱਗਣ ਤੋਂ ਬਾਅਦ, ਜਦੋਂ ਇਸ ਦੀ ਉਮਰ ਦਸ ਦਿਨਾਂ ਦੀ ਹੋ ਜਾਵੇ, ਕੀਤੀ ਜਾ ਸਕਦੀ ਹੈ । ਜੇਕਰ ਸਪਰੇਅ ਇਸ ਸਮੇਂ ਤੋਂ ਬਾਅਦ ਕੀਤਾ ਜਾਵੇ ਤਾਂ ਨਦੀਨ ਘੱਟ ਮਰਦੇ ਹਨ । ਡੀਲੇ/ਮੋਥੇ ਦੀ ਰੋਕਥਾਮ ਲਈ 2,4 ਡੀ, ਅਮਾਈਨ ਸਾਲਟ 58% 400 ਮਿ.ਲੀ. ਪ੍ਰਤੀ ਏਕੜ ਬੀਜਾਈ ਤੋਂ 20-25 ਦਿਨ ਬਾਅਦ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ।

**ਮੱਕੀ ਦੇ ਸਿਆੜਾਂ ਤੇ ਦਵਾਈ ਦੀ ਵਰਤੋਂ** : ਜੇਕਰ ਮੱਕੀ ਨੂੰ ਸਿੱਧੇ ਸਿਆੜਾਂ ਵਿੱਚ ਬੀਜਣਾ ਹੋਵੇ ਅਤੇ ਮੱਕੀ ਦੇ ਸਿਆੜਾਂ ਵਿੱਚਕਾਰੋਂ ਸਿਰਫ਼ ਸੀੜਨ ਨਾਲ ਹੀ ਨਦੀਨ ਮਾਰਨਾ ਹੋਵੇ ਤਾਂ ਸਿਆੜਾਂ ਉੱਪਰ ਦਵਾਈ ਦੀ ਵਰਤੋਂ ਨਾਲ ਨਦੀਨ ਮਾਰਿਆ ਜਾ ਸਕਦਾ ਹੈ । ਮੱਕੀ ਦੀ ਬੀਜਾਈ ਤੋਂ ਬਾਅਦ, ਜਦੋਂ ਮੱਕੀ ਜੰਮ ਪਵੇ ਅਤੇ ਸਾਰੇ ਸਿਆੜ ਚੰਗੀ ਤਰ੍ਹਾਂ ਦਿਖਾਈ ਦੇਣ ਲੱਗ ਪੈਣ (ਮੱਕੀ ਬੀਜਣ ਤੋਂ 8-10 ਦਿਨਾਂ ਬਾਅਦ) ਤਾਂ 200-300 ਗ੍ਰਾਮ/ਏਕੜ ਐਟਰਾਟਾਫ਼ (ਐਟਰਾਜ਼ੀਨ) ਦੀ ਵਰਤੋਂ ਸਿਰਫ਼ ਸਿਆੜਾਂ ਦੀ 8 ਇੰਚ ਦੀ ਪੱਟੀ ਤੇ ਕੀਤੀ ਜਾ ਸਕਦੀ ਹੈ । ਇਸ ਤਰ੍ਹਾਂ ਕਰਨ ਨਾਲ ਜ਼ਹਿਰ ਘੱਟ ਲੱਗਦੀ ਹੈ ਅਤੇ ਆਉਣ ਵਾਲੀ ਫ਼ਸਲ ਦਾ ਵੀ ਕੋਈ ਨੁਕਸਾਨ ਨਹੀਂ ਹੁੰਦਾ ।

## ਨਰਮਾ ਅਤੇ ਕਪਾਹ

ਕਪਾਹ ਸਾਉਣੀ ਦੀ ਇੱਕ ਮਹੱਤਵਪੂਰਨ ਫ਼ਸਲ ਹੈ ਜਿਸ ਦਾ ਭਾਰਤ ਉੱਤੇ ਸੰਸਾਰ ਦੇ ਕਈ ਦੇਸ਼ਾਂ ਦੀ ਆਰਥਿਕ ਖੁਸ਼ਹਾਲੀ ਵਿੱਚ ਕਾਫ਼ੀ ਯੋਗਦਾਨ ਹੈ । ਸੰਸਾਰ ਦੇ ਕਪਾਹ ਹੇਠਲੇ ਰਕਬੇ ਵਿੱਚ ਚੌਥਾ ਹਿੱਸਾ/ਰਕਬਾ ਭਾਰਤ ਵਿੱਚ ਬੀਜਿਆ ਜਾਂਦਾ ਹੈ ਪਰ ਜੇ ਭਾਰਤ ਵਿੱਚ ਕਪਾਹ ਦੇ ਝਾੜ ਵੱਲ ਝਾਤ ਮਾਰੀਏ ਤਾਂ ਇਹ ਸਿਰਫ਼ ਸੰਸਾਰ ਦਾ ਦਸਵਾਂ ਹਿੱਸਾ ਹੁੰਦੀ ਹੈ । ਪੰਜਾਬ ਵਿੱਚ ਇਸ ਦੀਆਂ ਦੋ ਕਿਸਮਾਂ ਬੀਜੀਆਂ ਜਾਂਦੀਆਂ ਹਨ । ਇੱਕ ਅਮਰੀਕਨ ਕਪਾਹ ਜਿਸ ਨੂੰ ਆਮ ਤੌਰ ਤੇ ਨਰਮਾ ਆਖਿਆ ਜਾਂਦਾ ਹੈ ਅਤੇ ਦੂਜੀ ਦੇਸੀ ਕਪਾਹ । ਪੰਜਾਬ ਵਿੱਚ ਇਸ ਫ਼ਸਲ ਦਾ ਔਸਤ ਝਾੜ 650 ਕਿਲੋ ਰੂੰ ਪ੍ਰਤੀ ਹੈਕਟੇਅਰ ਹੈ ਜੋ ਕਿ ਇਸ ਦੀ ਸਮਰਥਾ ਨਾਲੋਂ ਬਹੁਤ ਘੱਟ ਹੈ। ਕਪਾਹ ਦੇ ਘੱਟ ਝਾੜ ਹੋਣ ਦੇ ਕਈ ਕਾਰਨ ਹਨ ਜਿਵੇਂ ਕਿ ਫ਼ਸਲ ਦੀ ਬੀਜਾਈ ਦਾ ਢੁੱਕਵਾਂ ਸਮਾਂ ਨਾ ਹੋਣਾ, ਸਹੀ ਬੀਜ ਅਤੇ ਖਾਦ ਦੀ ਮਾਤਰਾ ਨਾ ਹੋਣੀ, ਕੀੜਿਆਂ ਅਤੇ ਬੀਮਾਰੀਆਂ ਦੀ ਰੋਕਥਾਮ ਨਾ ਹੋਣੀ ਆਦਿ । ਇਨ੍ਹਾਂ ਤੋਂ ਇਲਾਵਾ ਨਦੀਨ ਵੀ ਇਸ ਫ਼ਸਲ ਦਾ ਕਾਫ਼ੀ ਨੁਕਸਾਨ ਕਰਦੇ ਹਨ । ਕਪਾਹ ਦੀ ਫ਼ਸਲ ਵਿੱਚ ਨਦੀਨਾਂ ਦੀ ਭਰਮਾਰ ਬਹੁਤ ਜ਼ਿਆਦਾ ਹੁੰਦੀ ਹੈ । ਕਪਾਹ ਦੀ ਫ਼ਸਲ ਵਿੱਚ ਆਮ ਤੌਰ ਤੇ ਹੇਠ ਲਿਖੇ ਨਦੀਨ ਹੁੰਦੇ ਹਨ :

1. **ਘਾਹ ਵਾਲੇ** : ਮੱਕੜਾ, ਮਧਾਣਾ, ਤੱਕੜੀ ਘਾਹ, ਚਿੜੀਆਂ ਦਾ ਦਾਣਾ ਆਦਿ।

2. **ਚੌੜੀ ਪੱਤੀ ਵਾਲੇ** : ਇੱਟਸਿੱਟ/ਚੁਪੱਤੀ, ਬੇਲ, ਪਤਾਸਾ ਬੇਲ, ਤਾਂਦਲਾ, ਚੁਲਾਈ, ਆਦਿ ।

3. **ਸਦਾਬਹਾਰ** : ਡੀਲਾ/ਮੋਥਾ, ਬਰੂ ।

**ਰੋਕਥਾਮ** : ਕਪਾਹ ਤੋਂ ਚੰਗਾ ਝਾੜ ਲੈਣ ਲਈ ਇਨ੍ਹਾਂ ਨਦੀਨਾਂ ਨੂੰ ਸਮੇਂ ਸਿਰ ਕਾਬੂ ਕਰਨਾ ਬਹੁਤ ਜ਼ਰੂਰੀ ਹੈ । ਨਰਮੇ ਅਤੇ ਕਪਾਹ ਦੀ ਫ਼ਸਲ ਵਿੱਚੋਂ ਨਦੀਨ ਕੱਢਣ ਲਈ ਦੋ ਤੋਂ ਤਿੰਨ ਗੋਡੀਆਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ । ਪਹਿਲੀ ਗੋਡੀ ਪਹਿਲਾ ਪਾਣੀ ਲਾਉਣ ਤੋਂ ਪਹਿਲਾ ਕਰਨੀ ਚਾਹੀਦੀ ਹੈ । ਦੂਜੀ ਗੋਡੀ ਫ਼ਲ ਆਉਣ ਤੋਂ ਪਹਿਲਾਂ ਕਰ ਦੇਣੀ ਚਾਹੀਦੀ ਹੈ । ਮੁੱਢਲੀਆਂ ਹਾਲਤਾਂ ਵਿੱਚ ਟਰੈਕਟਰ ਜਾ ਬਲਦਾਂ

ਨਾਲ ਚੱਲਣ ਵਾਲੀ ਤਿਰਫ਼ਾਲੀ ਵੀ ਵਰਤੀ ਜਾ ਸਕਦੀ ਹੈ। ਨਰਮੇ ਜਾਂ ਕਪਾਹ ਵਿੱਚੋਂ ਨਦੀਨ ਮਾਰਨ ਵਾਸਤੇ ਨਰਮਾ ਬੀਜਣ ਤੋਂ ਪਹਿਲਾਂ ਟਰਿਫਲਿਨ 48 ਤਾਕਤ/ਸ਼ਕਤੀਮਾਨ ਟ੍ਰਾਈਫ਼ਲੂਰੈਕਸ 48 ਤਾਕਤ ਨੂੰ ਇੱਕ ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਤਿਆਰ ਕੀਤੇ ਖੇਤ ਵਿੱਚ ਛਿੜਕੋ ਅਤੇ ਇਸ ਨੂੰ 2-3 ਸੈਂਟੀਮੀਟਰ ਦੀ ਉੱਪਰਲੀ ਤਹਿ ਵਿੱਚ ਮਿਲਾ ਦਿਉ ਜਾਂ ਸਟੌਂਪ (30% ਪੈਂਡੀਮੈਥਾਲਿਨ) ਦਵਾਈ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਇੱਕ ਲਿਟਰ ਦਵਾਈ 250 ਲਿਟਰ ਪਾਣੀ ਵਿੱਚ ਘੋਲ ਕੇ ਫ਼ਸਲ ਬੀਜਣ ਤੋਂ ਤੁਰੰਤ ਬਾਅਦ ਛਿੜਕਾਅ ਕਰੋ। ਛਿੜਕਾਅ ਸਵੇਰੇ ਜਾਂ ਸ਼ਾਮ ਨੂੰ ਕਰਨਾ ਚਾਹੀਦਾ ਹੈ, ਦੁਪਹਿਰ ਨੂੰ ਨਹੀਂ। ਇਹ ਦਵਾਈ ਇੱਟਸਿੱਟ ਜਾਂ ਚੁਪੱਤੀ ਅਤੇ ਹੋਰ ਬਰਸਾਤੀ ਨਦੀਨਾਂ ਨੂੰ 3-4 ਹਫ਼ਤੇ ਤੱਕ ਕਾਬੂ ਹੇਠ ਰੱਖਦੀ ਹੈ ਅਤੇ ਇਸ ਤੋਂ ਬਾਅਦ ਲੋੜ ਪੈਣ ਤੇ ਫ਼ਸਲ ਨੂੰ ਗੋਡੀ ਕਰ ਦੇਵੋ ਜਾਂ ਸੀੜ ਦੇਵੋ। ਇਸ ਨਦੀਨਨਾਸ਼ਕ ਜ਼ਹਿਰ ਤੋਂ ਵਧੇਰੇ ਅਸਰ ਲੈਣ ਲਈ ਇਸ ਦੀ ਵਰਤੋਂ ਤਰ-ਵੱਤਰ ਜ਼ਮੀਨ ਤੇ ਕਰੋ। ਜ਼ਹਿਰ ਦੀ ਮਾਤਰਾ ਇਕ ਲਿਟਰ ਤੋਂ ਨਾ ਘਟਾਉ। ਇਸ ਜ਼ਹਿਰ ਦਾ ਛਿੜਕਾਅ ਤੇਜ਼ ਧੁੱਪ ਵਿੱਚ ਨਾ ਕਰੋ।

ਸਟੌਂਪ ਜ਼ਹਿਰ ਦੀ ਵਰਤੋਂ ਨਰਮੇ ਦੀ ਉੱਗੀ ਹੋਈ ਫ਼ਸਲ ਤੇ ਵੀ ਹੋ ਸਕਦੀ ਹੈ। ਛਿੜਕਾਅ ਕਰਨ ਤੋਂ ਪਹਿਲਾਂ ਫ਼ਸਲ ਵਿੱਚ ਜਿੰਨੇ ਨਦੀਨ ਉੱਗੇ ਹੋਣ, ਗੋਡੀ ਰਾਹੀਂ ਬਾਹਰ ਕੱਢ ਦਿਉ ਅਤੇ ਫੇਰ ਪਹਿਲਾ ਪਾਣੀ ਲਾਉਣ ਤੋਂ ਤੁਰੰਤ ਬਾਅਦ ਇੱਕ ਲਿਟਰ ਸਟੌਂਪ ਦਵਾਈ ਦਾ 200 ਲਿਟਰ ਪਾਣੀ ਵਿੱਚ ਘੋਲ ਬਣਾਉ ਅਤੇ ਇੱਕ ਏਕੜ ਵਿੱਚ ਇਸ ਘੋਲ ਦਾ ਛਿੜਕਾਅ ਕਰੋ। ਜ਼ਹਿਰ ਦੀ ਵਰਤੋਂ ਤਰ-ਵੱਤਰ ਖੇਤ ਵਿੱਚ ਕਰਨ ਨਾਲ ਜ਼ਿਆਦਾ ਚੰਗੇ ਨਤੀਜੇ ਮਿਲਦੇ ਹਨ। ਜ਼ਹਿਰ ਦਾ ਛਿੜਕਾਅ ਕਰਨ ਤੋਂ 4-5 ਹਫ਼ਤੇ ਤੱਕ ਫ਼ਸਲ ਨਦੀਨ ਰਹਿਤ ਰਹਿੰਦੀ ਹੈ। ਜ਼ਰੂਰਤ ਪੈਣ ਤੇ ਫ਼ਸਲ ਨੂੰ ਸੀੜ ਦੇਣਾ ਚਾਹੀਦਾ ਹੈ।

ਜੇਕਰ ਜ਼ਹਿਰਾਂ ਦੀ ਵਰਤੋਂ ਤੋਂ ਬਾਅਦ ਗੋਡੀ ਸੰਭਵ ਨਾ ਹੋਵੇ ਤਾਂ ਗ੍ਰੈਮੈਕਸੋਨ ਅੱਧਾ ਲਿਟਰ ਪ੍ਰਤੀ ਏਕੜ ਜਾਂ ਰਾਊਂਡਅੱਪ/ਗਲਾਈਸਲ (ਗਲਾਈਫੋਸੇਟ) ਇੱਕ ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ, ਜਦੋਂ ਫ਼ਸਲ 6-8 ਹਫ਼ਤੇ ਦੀ ਹੋ ਜਾਵੇ ਤਾਂ ਕਿਸੇ ਇੱਕ ਦਵਾਈ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਐਕਸ਼ਨ ਮੈਰਾ, ਜੋ ਗਲਾਈਫੋਸੇਟ ਦਾ ਨਵਾਂ ਬਰੈਂਡ ਹੈ, ਦਾ ਇਸਤੇਮਾਲ 600 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ। ਜਿਸ ਖੇਤ ਵਿੱਚ ਪੱਕੇ ਨਦੀਨ ਜਿਵੇਂ ਕਿ ਖੱਬਲ, ਮੋਥਾ ਆਦਿ ਹੋਣ ਉਸ ਵਿੱਚ ਗਲਾਈਕੋਸੇਟ ਨੂੰ ਪਹਿਲ ਦੇਵੋ ਅਤੇ ਜਿੱਥੇ ਬਰਸਾਤੀ ਨਦੀਨ ਹੋਣ ਉੱਥੇ ਗਰੈਮੈਕਸੋਨ ਦੀ ਵਰਤੋਂ ਕਰੋ। ਇਨ੍ਹਾਂ ਜ਼ਹਿਰਾਂ ਦੀ ਵਰਤੋਂ ਸਮੇਂ ਹੁੱਡ ਦਾ ਇਸਤੇਮਾਲ ਜ਼ਰੂਰ ਕਰੋ ਤਾਂ ਜੋ ਦਵਾਈ ਸਿਰਫ਼ ਨਦੀਨ ਉੱਪਰ ਹੀ ਪਵੇ। ਜੇਕਰ ਇਹ ਜ਼ਹਿਰਾਂ ਨਰਮੇ ਦੇ ਟੂਸੇ ਉੱਪਰ ਪੈ ਜਾਣ ਤਾਂ ਬੂਟਾ ਮਰ ਜਾਂਦਾ ਹੈ। ਇਸ ਲਈ ਇਨ੍ਹਾਂ ਜ਼ਹਿਰਾਂ ਦਾ ਪ੍ਰਯੋਗ ਬਹੁਤ ਧਿਆਨ ਨਾਲ ਕਰੋ ਜਦੋਂ ਨਰਮੇ ਦੇ ਤਣੇ ਦਾ ਰੰਗ ਹਰੇ ਤੋਂ ਭੂਰਾ ਹੋ ਜਾਵੇ।

## ਨਰਮੇ ਅਤੇ ਕਪਾਹ ਦੀ ਫ਼ਸਲ ਨੂੰ 2, 4-ਡੀ ਤੋਂ ਬਚਾਓ

2, 4-ਡੀ ਇੱਕ ਨਦੀਨ ਨਾਸ਼ਕ ਜ਼ਹਿਰ ਹੈ ਜੋ ਕਿ ਕਣਕ ਅਤੇ ਜੌਆਂ ਦੀ ਫ਼ਸਲ ਵਿੱਚੋਂ ਚੌੜੀ ਪੱਤੀ ਵਾਲੇ ਨਦੀਨ ਨੂੰ ਮਾਰਨ ਲਈ ਵਰਤੀ ਜਾਂਦੀ ਹੈ । ਇਸ ਜ਼ਹਿਰ ਦੀ ਬਹੁਤ ਵਰਤੋਂ ਉੱਥੇ ਹੁੰਦੀ ਹੈ, ਜਿੱਥੇ ਕਣਕ ਦੀ ਫ਼ਸਲ ਵਿੱਚ ਸਿਰਫ਼ ਚੌੜੀ ਪੱਤੀ ਵਾਲੇ ਨਦੀਨ ਜਿਵੇਂ ਕਿ ਬਾਥੂ, ਖੰਡੀ, ਪਿੱਤਪਾਪੜਾ ਅਤੇ ਬੱਕਰਵੇਲ ਆਦਿ ਦੀ ਸਮੱਸਿਆ ਹੋਵੇ । ਜਿੱਥੇ 2, 4-ਡੀ ਦਵਾਈ ਚੌੜੀ ਪੱਤੀ ਵਾਲੇ ਨਦੀਨ ਮਾਰ ਸਕਦੀ ਹੈ, ਉੱਥੇ ਨਾਲ ਹੀ ਇਹ ਚੌੜੀ ਪੱਤੀ ਵਾਲੀਆਂ ਫ਼ਸਲਾਂ ਜਿਵੇਂ ਕਿ ਮਟਰ, ਛੋਲੇ, ਸਰ੍ਹੋਂ, ਸਾਉਣੀ ਦੀਆਂ ਦਾਲਾਂ ਵਾਲੀਆਂ ਫ਼ਸਲਾਂ, ਨਰਮੇ ਅਤੇ ਕਪਾਹ ਦਾ ਵੀ ਬਹੁਤ ਨੁਕਸਾਨ ਕਰ ਸਕਦੀ ਹੈ । ਇਸ ਚੌੜੀ ਪੱਤੀ ਵਾਲੀ ਫ਼ਸਲ ਦੇ ਪੱਤਿਆਂ ਦੀ ਸ਼ਕਲ ਲੰਬੂਤਰੀ ਜਿਹੀ ਬਣ ਜਾਂਦੀ ਹੈ । ਖ਼ਾਸ ਕਰਕੇ ਨਰਮਾ ਅਤੇ ਕਪਾਹ ਦੀ ਫ਼ਸਲ ਤੇ ਜੇਕਰ ਗਲਤੀ ਨਾਲ ਇਸ ਦਵਾਈ ਦੀ ਵਰਤੋਂ ਹੋ ਜਾਵੇ ਤਾਂ ਸਾਰੀ ਫ਼ਸਲ ਤਬਾਹ ਹੋ ਜਾਂਦੀ ਹੈ ।

ਬੇਸ਼ੱਕ ਕਿਸਾਨ ਇਸ ਦਵਾਈ ਨੂੰ ਸਿਰਫ਼ ਕਣਕ ਲਈ ਹੀ ਵਰਤਦੇ ਹਨ ਪ੍ਰੰਤੂ ਕਈ ਵਾਰ ਕੁਝ ਅਣਗਹਿਲੀ ਕਰਨ ਨਾਲ ਕਿਸਾਨਾਂ ਨੂੰ ਆਪਣੀ ਨਰਮੇ ਅਤੇ ਕਪਾਹ ਦੀ ਫ਼ਸਲ ਤੋਂ ਹੱਥ ਧੋਣੇ ਪੈਂਦੇ ਹਨ । ਇਸ ਦੇ ਹੇਠ ਲਿਖੇ ਕਾਰਨ ਹਨ :

1. ਆਮ ਤੌਰ ਤੇ ਕਿਸਾਨਾਂ ਕੋਲ ਛਿੜਕਾਅ ਕਰਨ ਲਈ ਸਿਰਫ਼ ਇੱਕ ਪੰਪ ਹੀ ਰੱਖਿਆ ਹੁੰਦਾ ਹੈ ਜਿਸ ਨਾਲ ਸਾਰੀਆਂ ਦਵਾਈਆਂ, ਭਾਵੇਂ ਉਹ ਕੀੜੇ ਮਾਰਨ ਵਾਲੀ ਹੋਵੇ ਜਾਂ ਬੀਮਾਰੀਆਂ ਦੀ ਰੋਕਥਾਮ ਲਈ ਹੋਵੇ ਅਤੇ ਜਾਂ ਫਿਰ ਨਦੀਨਨਾਸ਼ਕ ਹੋਵੇ, ਛਿੜਕਾਅ ਕਰਨ ਲਈ ਵਰਤਿਆ ਜਾਂਦਾ ਹੈ । 2, 4-ਡੀ (ਖ਼ਾਸ ਕਰਕੇ ਘੋਲ ਦੀ ਸ਼ਕਲ ਵਾਲੀ) ਦਵਾਈ ਪੰਪ ਅੰਦਰ ਚਿਪਕ ਜਾਂਦੀ ਹੈ । ਕਿਉਂਕਿ ਇਸ ਵਿੱਚ ਤੇਲ ਹੁੰਦਾ ਹੈ । ਜੇਕਰ ਇਹੀ ਸਪਰੇਅ ਪੰਪ ਨਰਮੇ/ਕਪਾਹ ਦੀ ਫ਼ਸਲ ਤੇ ਕੀੜੇਮਾਰ ਦਵਾਈ ਸਪਰੇਅ ਕਰਨ ਲਈ ਵਰਤਿਆ ਜਾਵੇ ਤਾਂ ਫ਼ਸਲ ਦਾ ਬਹੁਤ ਨੁਕਸਾਨ ਹੁੰਦਾ ਹੈ । ਫ਼ਸਲ ਦੇ ਪੱਤੇ ਲੰਬੂਤਰੇ ਹੋ ਜਾਂਦੇ ਹਨ, ਫੁੱਲ ਝੜ ਜਾਂਦੇ ਹਨ ਅਤੇ ਫ਼ਸਲ ਨੂੰ ਟੀਂਡੇ ਨਹੀਂ ਲੱਗਦੇ । ਦਵਾਈ ਦਾ ਮਾੜਾ ਅਸਰ ਜਿੱਥੋਂ ਛਿੜਕਾਅ ਸ਼ੁਰੂ ਕੀਤਾ ਜਾਵੇ ਉੱਥੇ ਜ਼ਿਆਦਾ ਹੁੰਦਾ ਹੈ ਅਤੇ ਖੇਤ ਦੇ ਅਖੀਰਲੇ ਹਿੱਸੇ ਵਿੱਚ ਘੱਟ ਜਾਂਦਾ ਹੈ । ਜੇਕਰ ਫ਼ਸਲ ਤੇ ਘੱਟ ਅਸਰ ਹੋਵੇ ਤਾਂ ਫ਼ਸਲ ਕੁਝ ਚਿਰ ਪਿੱਛੋਂ ਠੀਕ ਹੋ ਜਾਂਦੀ ਹੈ ।

ਇਸ ਤਰ੍ਹਾਂ ਦੇ ਬੁਰੇ ਅਸਰ ਤੋਂ ਇਨ੍ਹਾਂ ਫ਼ਸਲਾਂ ਨੂੰ ਬਚਾਉਣ ਲਈ ਇਹ ਅਤਿ ਜ਼ਰੂਰੀ ਹੈ ਕਿ ਜਿਸ ਪੰਪ ਨਾਲ 2, 4-ਡੀ ਦਵਾਈ ਦਾ ਛਿੜਕਾਅ ਕੀਤਾ ਗਿਆ ਹੋਵੇ ਉਸ ਨੂੰ ਨਰਮੇ ਦੀ ਫ਼ਸਲ ਲਈ ਨਾ ਵਰਤਿਆ ਜਾਵੇ ਜਾਂ ਫਿਰ ਇਸ ਨੂੰ ਸਾਬਣ ਦੇ ਘੋਲ ਨਾਲ ਜਾਂ ਕੱਪੜੇ ਧੋਣ ਵਾਲੇ ਸੋਢੇ ਦੇ ਘੋਲ ਨਾਲ ਸਾਫ਼ ਕਰਕੇ ਉਸ ਤੋਂ ਬਾਅਦ ਵੀ ਪੰਪ ਨੂੰ ਸਾਫ਼ ਪਾਣੀ ਨਾਲ ਧੋਣਾ ਬਹੁਤ ਜ਼ਰੂਰੀ ਹੈ । ਪੰਪ ਦੀ ਸਪਰੇਅ ਵਾਲੀ ਨਾਲੀ ਵਿੱਚੋਂ ਵੀ ਪਾਣੀ ਜ਼ਰੂਰ ਲੰਘਾਇਆ ਜਾਣਾ ਚਾਹੀਦਾ ਹੈ ।

2. ਕਈ ਵਾਰ ਕਣਕ ਦੀ ਫ਼ਸਲ ਨੂੰ 2, 4-ਡੀ ਦਾ ਛਿੜਕਾਅ ਕਰਨ ਤੋਂ ਬਾਅਦ ਕੁਝ ਦਵਾਈ ਡੱਬੇ ਵਿੱਚੋਂ ਬਚ ਜਾਂਦੀ ਹੈ ਅਤੇ ਬਚੀ ਹੋਈ ਦਵਾਈ ਨੂੰ ਆਮ

ਤੌਰ ਤੇ ਅਗਲੇ ਸਾਲ ਲਈ ਰੱਖ ਲਿਆ ਜਾਂਦਾ ਹੈ । ਇਸ ਦਵਾਈ ਨੂੰ ਵੀ ਉਸੇ ਸਟੋਰ ਜਾਂ ਕਮਰੇ ਜਾਂ ਅਲਮਾਰੀ ਵਿੱਚ ਰੱਖ ਦਿੱਤਾ ਜਾਂਦਾ ਹੈ ਜਿੱਥੇ ਕਿ ਕੀੜੇਮਾਰ ਜ਼ਹਿਰਾਂ ਰੱਖੀਆਂ ਹੁੰਦੀਆਂ ਹਨ । ਹਰ ਸਾਲ ਇੱਕ ਜਾਂ ਦੋ ਸ਼ਿਕਾਇਤਾਂ ਅਜਿਹੀਆਂ ਮਿਲਦੀਆਂ ਹਨ ਕਿ ਨਰਮੇ ਦੀ ਫ਼ਸਲ ਉੱਤੇ 2, 4-ਡੀ ਦਾ ਛਿੜਕਾਅ ਹੋ ਗਿਆ ਹੈ ਕਿਉਂਕਿ ਡੱਬੇ ਉੱਪਰੋਂ ਲੇਬਲ ਲੱਥਾ ਸੀ ਜਾਂ ਫਿਰ ਕਾਮੇ ਨੇ ਗਲਤੀ ਨਾਲ ਸਪਰੇਅ ਕਰ ਦਿੱਤਾ। ਪ੍ਰੰਤੂ ਜੇਕਰ ਇਸ ਜ਼ਹਿਰ ਨੂੰ ਕੀੜੇਮਾਰ ਦਵਾਈਆਂ ਤੋਂ ਅਲੱਗ ਵੱਖਰੇ ਸਟੋਰ ਵਿੱਚ ਰੱਖਿਆ ਜਾਵੇ ਤਾਂ ਫ਼ਸਲ ਨੂੰ ਇਸ ਤਰ੍ਹਾਂ ਦੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ ।

ਬੇਸ਼ੱਕ ਜ਼ਹਿਰ ਦਾ ਸਪਰੇਅ ਗਲਤੀ ਨਾਲ ਨਾ ਵੀ ਹੋਵੇ ਤਾਂ ਵੀ 2, 4-ਡੀ ਜ਼ਹਿਰ ਉਡਣਸ਼ੀਲ ਹੋਣ ਕਰਕੇ ਕਈ ਵਾਰ ਇਸ ਦੇ ਕਣ ਦੂਜੀਆਂ ਕੀੜੇਮਾਰ ਦਵਾਈਆਂ ਵਿੱਚ ਰਲ ਜਾਂਦੇ ਹਨ ਅਤੇ ਇਹ ਥੋੜ੍ਹੀ ਜਿਹੀ ਮਾਤਰਾ ਵਿੱਚ ਰਲੇ 2, 4-ਡੀ ਦੇ ਕਣ ਨਰਮੇ ਅਤੇ ਕਪਾਹ ਦੇ ਕਈ ਏਕੜ ਖ਼ਰਾਬ ਕਰ ਸਕਦੇ ਹਨ । ਇਸ ਲਈ ਜਿੱਥੇ ਵੀ ਇਸ ਜ਼ਹਿਰ ਨੂੰ ਰੱਖਿਆ ਜਾਵੇ ਉਸ ਦਾ ਢੱਕਣ ਬੰਦ ਕਰਕੇ ਰੱਖਣਾ ਚਾਹੀਦਾ ਹੈ ।

3. ਇਸ ਜ਼ਹਿਰ ਦੀ ਸਿਫ਼ਾਰਸ਼ ਕਮਾਦ ਵਿੱਚੋਂ ਚੌੜੀ ਪੱਤੀ ਵਾਲੇ ਨਦੀਨ ਅਤੇ ਮੋਥਾ ਮਾਰਨ ਲਈ ਕੀਤੀ ਹੋਈ ਹੈ । 2, 4-ਡੀ ਦੂਜੀਆਂ ਜ਼ਹਿਰਾਂ ਦੇ ਮੁਕਾਬਲੇ ਸਸਤੀ ਹੋਣ ਕਰਕੇ ਕਿਸਾਨ ਇਸ ਦੀ ਵਰਤੋਂ ਦੂਜੀਆਂ ਫ਼ਸਲਾਂ ਜਿਵੇਂ ਕਿ ਮੱਕੀ ਅਤੇ ਝੋਨੇ ਆਦਿ ਵਿੱਚ ਵੀ ਕਰ ਲੈਂਦੇ ਹਨ । ਬੇਸ਼ੱਕ ਆਪ ਉਹ ਇਸ ਦਾ ਛਿੜਕਾਅ ਕਰਨ ਲਈ ਰਜ਼ਾਮੰਦ ਨਾ ਹੋਣ ਪ੍ਰੰਤੂ ਦੁਕਾਨਦਾਰ ਦੇ ਵਾਰ-ਵਾਰ ਕਹਿਣ ਤੇ ਉਹ ਇਸ ਜ਼ਹਿਰ ਦਾ ਇਨ੍ਹਾਂ ਫ਼ਸਲਾਂ ਤੇ ਵਰਤ ਲੈਂਦੇ ਹਨ । ਇਸ ਜ਼ਹਿਰ ਦੀ ਗਰਮੀਆਂ ਵਿੱਚ ਵਰਤੋਂ ਕਰਨਾ (ਖ਼ਾਸ ਕਰਕੇ ਘੋਲ ਵਾਲੀ ਦੀ) ਬਹੁਤ ਨੁਕਸਾਨਦਾਇਕ ਹੁੰਦੀ ਹੈ । ਪਹਿਲਾ ਤਾਂ ਛਿੜਕਾਅ ਕਰਨ ਵੇਲੇ ਇਸ ਦੇ ਕਣ ਹਵਾ ਵਿੱਚ ਰਲ ਜਾਂਦੇ ਹਨ ਅਤੇ ਇੱਕ ਜਾਂ ਦੋ ਮੀਲ ਦੀ ਦੂਰੀ ਤੇ ਬੀਜੀ ਹੋਈ ਨਰਮੇ ਅਤੇ ਕਪਾਹ ਦੀ ਫ਼ਸਲ ਦਾ ਨੁਕਸਾਨ ਹੋ ਸਕਦਾ ਹੈ । ਇਸ ਤੋਂ ਉਪਰੰਤ ਘੋਲ ਵਾਲੀ ਦਵਾਈ ਉਡਣਸ਼ੀਲ ਹੋਣ ਕਰਕੇ ਹੌਲੀ-ਹੌਲੀ ਉੱਡਦੀ ਰਹਿੰਦੀ ਹੈ ਅਤੇ ਜੋ ਵੀ ਆਲੇ-ਦੁਆਲੇ ਨਰਮੇ ਅਤੇ ਕਪਾਹ ਦੇ ਖੇਤ ਹੁੰਦੇ ਹਨ, ਸਭ ਦਾ ਨੁਕਸਾਨ ਹੋ ਜਾਂਦਾ ਹੈ । ਇਸ ਪੱਖੋਂ ਬਹੁਤ ਵੱਡੀ ਸਾਵਧਾਨੀ ਰੱਖਣੀ ਚਾਹੀਦੀ ਹੈ ਕਿ ਜਿਸ ਇਲਾਕੇ ਵਿੱਚ ਇਹ ਫ਼ਸਲਾਂ ਬੀਜੀਆਂ ਹੋਣ, ਉੱਥੇ 2, 4-ਡੀ ਦੀ ਵਰਤੋਂ ਕਿਸੇ ਸਾਉਣੀ ਦੀ ਫ਼ਸਲ ਵਿੱਚ ਨਹੀਂ ਕਰਨੀ ਚਾਹੀਦੀ ।

**ਇਲਾਜ** : ਜੇਕਰ ਇਨ੍ਹਾਂ ਫ਼ਸਲਾਂ ਤੇ 2, 4-ਡੀ ਦਾ ਅਸਰ ਹੋ ਜਾਵੇ ਤਾਂ ਇਸ ਦਾ ਕੋਈ ਇਲਾਜ ਨਹੀਂ ਹੈ । ਕਿਸੇ ਵੀ ਹੋਰ ਦਵਾਈ ਨੂੰ ਛਿੜਕਾਉਣ ਨਾਲ ਇਸ ਦਾ ਅਸਰ ਦੂਰ ਨਹੀਂ ਹੁੰਦਾ । ਇਸ ਦਵਾਈ ਦਾ ਭੈੜਾ ਅਸਰ ਆਉਣ ਤੇ ਨਰਮੇ ਦੀ ਨਵੀਂ ਫੋਟ ਤੋੜ ਦੇਣੀ ਚਾਹੀਦੀ ਹੈ ਅਤੇ ਕੁਝ ਸਮਾਂ ਪਾ ਕੇ ਫ਼ਸਲ ਠੀਕ ਹੋ ਜਾਂਦੀ ਹੈ ਪ੍ਰੰਤੂ ਪੈਦਾਵਾਰ ਤਾਂ ਘੱਟ ਹੋ ਜਾਂਦੀ ਹੈ ।

# ਕਮਾਦ

ਕਮਾਦ ਪੰਜਾਬ ਦੀ ਇੱਕ ਮਹੱਤਵਪੂਰਨ ਫ਼ਸਲ ਹੈ ਪੰਜਾਬ ਵਿੱਚ ਖੰਡ ਮਿੱਲਾਂ ਦੇ ਲੱਗਣ ਨਾਲ ਇਸ ਥੱਲੇ ਰਕਬਾ ਤੇਜ਼ੀ ਨਾਲ ਹੋਰ ਵੀ ਵੱਧ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਮਾਦ ਦਾ ਝਾੜ ਵਧਾਉਣ ਵਿੱਚ ਉੱਨਤ ਕਿਸਮਾਂ, ਖਾਦ, ਪਾਣੀ ਅਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਦਾ ਬਹੁਤ ਯੋਗਦਾਨ ਹੈ ਪਰ ਨਦੀਨ ਦੀ ਸਮੱਸਿਆ ਦੇ ਹੱਲ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਜੇਕਰ ਇਸ ਫ਼ਸਲ ਵਿੱਚੋਂ ਨਦੀਨ ਨੂੰ ਵੇਲੇ ਸਿਰ ਕਾਬੂ ਨਾ ਕੀਤਾ ਜਾਵੇ ਤਾਂ ਫ਼ਸਲ ਦਾ ਝਾੜ ਤਕਰੀਬਨ 20 ਪ੍ਰਤੀਸ਼ਤ ਤੱਕ ਘੱਟ ਜਾਦਾ ਹੈ। ਕਮਾਦ ਲੰਬੇ ਸਮੇਂ ਦੀ ਫ਼ਸਲ ਹੋਣ ਕਰਕੇ ਇਸ ਵਿੱਚ ਨਦੀਨ ਬਹੁਤ ਹੁੰਦੇ ਹਨ। ਇਸ ਫ਼ਸਲ ਵਿੱਚ ਹੇਠ ਲਿਖੇ ਨਦੀਨ ਹੁੰਦੇ ਹਨ :

1. **ਘਾਹ ਵਾਲੇ** : ਮਧਾਣਾ, ਮੱਕੜਾ, ਚਿੜੀਆਂ ਦਾ ਦਾਣਾ, ਤੱਕੜੀ ਘਾਹ, ਬਾਂਸ ਪੱਤਾ ਆਦਿ।

2. **ਚੌੜੀ ਪੱਤੀ ਵਾਲੇ** : ਇੱਟਸਿੱਟ/ਚੁਪੱਤੀ, ਲੂਣਕ, ਚੁਲਾਈ, ਤਾਂਦਲਾ, ਹਾਲਦਾ, ਊਠਚਰਾ ਅਤੇ ਮਾਕੜੂ।

3. **ਬਹੁਤ ਰੁੱਤੇ ਨਦੀਨ** : ਖੱਬਲ, ਬਰੂ ਅਤੇ ਡੀਲਾ/ਮੋਥਾ।

ਕਮਾਦ ਬੀਜਣ ਤੋਂ ਬਾਅਦ ਸਭ ਤੋਂ ਪਹਿਲਾਂ ਮੋਥਾ, ਇੱਟਸਿੱਟ, ਲੂਣਕ ਅਤੇ ਚੁਲਾਈ ਬਹੁਤ ਮਾਤਰਾ ਵਿੱਚ ਹੁੰਦੇ ਹਨ ਅਤੇ ਬਾਅਦ ਵਿੱਚ ਪਾਣੀ ਲਾਉਣ ਤੋਂ ਪਿੱਛੋਂ ਜਾਂ ਬਾਰਸ਼ਾਂ ਵੇਲੇ ਕੁਝ ਘਾਹ ਵਾਲੇ ਨਦੀਨ ਵੀ ਹੋ ਜਾਂਦੇ ਹਨ। ਜਿੰਨ੍ਹਾਂ ਖੇਤਾਂ ਵਿੱਚ ਰੂੜੀ ਦੀ ਖਾਦ ਪਾਈ ਜਾਵੇ, ਉਨ੍ਹਾਂ ਵਿੱਚ ਆਮ ਤੌਰ ਤੇ ਇੱਟਸਿੱਟ ਬਹੁਤ ਜ਼ਿਆਦਾ ਹੋ ਜਾਂਦੀ ਹੈ। ਇਨ੍ਹਾਂ ਨਦੀਨਾਂ ਨੂੰ ਮਾਰਨ ਲਈ ਹੇਠ ਲਿਖੇ ਢੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ।

**ਗੋਡੀ ਨਾਲ** : ਕਮਾਦ ਦੀ ਫ਼ਸਲ ਵਿੱਚੋਂ ਨਦੀਨ ਮਾਰਨ ਲਈ ਦੋ ਜਾਂ ਤਿੰਨ ਗੋਡੀਆਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਆਮ ਤੌਰ ਤੇ ਕਿਸਾਨ ਇਹ ਢੰਗ ਵਰਤਦੇ ਹਨ। ਪਰ ਇਸ ਢੰਗ ਨਾਲ ਨਦੀਨ ਜ਼ਿਆਦਾ ਮਾਤਰਾ ਵਿੱਚ ਗੋਡੀ ਤੋਂ ਬਚ ਜਾਂਦੇ ਹਨ ਜੋ ਕਿ ਫ਼ਸਲ ਦੇ ਝਾੜ ਤੇ ਮਾੜਾ ਅਸਰ ਪਾਉਂਦੇ ਹਨ। ਜੋ ਨਦੀਨ ਕਮਾਦ ਦੀਆਂ ਕਤਾਰਾਂ ਵਿੱਚ ਹੁੰਦੇ ਹਨ ਉਨ੍ਹਾਂ ਦਾ ਗੋਡੀ ਨਾਲ ਮਾਰਨਾ ਔਖਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਕਈ ਨਦੀਨ ਗੋਡੀ ਕਰਨ ਤੋਂ ਬਾਅਦ ਫਿਰ ਨਿਕਲ ਆਉਂਦੇ ਹਨ ਜੋ ਕਿ ਮੁੱਢਲੀਆਂ ਹਾਲਤਾਂ ਵਿੱਚ ਜਦੋਂ ਕਮਾਦ ਘੱਟ ਵਧਦਾ ਹੈ ਤਾਂ ਬਹੁਤ ਨੁਕਸਾਨਦਾਇਕ ਸਾਬਤ ਹੁੰਦੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਜਦੋਂ ਕਮਾਦ ਦੀ ਗੋਡੀ ਦਾ ਸਮਾਂ ਹੁੰਦਾ ਹੈ ਉਸ ਸਮੇਂ ਕਣਕ ਦੀ ਗਹਾਈ, ਨਰਮੇ ਦੀ ਬੀਜਾਈ ਅਤੇ ਝੋਨੇ ਦੀ ਪਨੀਰੀ ਦੀ ਬੀਜਾਈ ਚੱਲ ਰਹੀ ਹੁੰਦੀ ਹੈ। ਇਨ੍ਹਾਂ ਰੁਝੇਵਿਆਂ ਕਰਕੇ ਗੋਡੀ ਜਾਂ ਤਾਂ ਪਿਛੇਤੀ ਹੋ ਜਾਂਦੀ ਹੈ ਅਤੇ ਜਾਂ ਫਿਰ ਹੁੰਦੀ ਹੀ ਨਹੀਂ

ਕਿਉਂਕਿ ਗੋਡੀ ਲਈ ਮਜ਼ਦੂਰ ਨਹੀਂ ਮਿਲਦੇ । ਜੇਕਰ ਮਜ਼ਦੂਰ ਮਿੱਲ ਵੀ ਜਾਣ ਤਾਂ ਗੋਡੀ ਦਾ ਖ਼ਰਚ ਵੀ ਜ਼ਿਆਦਾ ਆਉਂਦਾ ਹੈ । ਦੋ ਗੋਡੀਆਂ ਕਰਨ ਲਈ ਤਕਰੀਬਨ 1500 ਤੋਂ 2000 ਰੁਪਏ ਤੱਕ ਖ਼ਰਚ ਆਉਂਦਾ ਹੈ । ਇਸ ਲਈ ਇਹ ਜ਼ਰੂਰੀ ਹੈ ਕਿ ਜੇਕਰ ਏਨਾ ਖ਼ਰਚਾ ਕਰਨਾ ਹੀ ਹੈ ਤਾਂ ਗੋਡੀਆਂ ਸਮੇਂ ਸਿਰ ਅਤੇ ਚੰਗੀ ਤਰ੍ਹਾਂ ਕਰਵਾਈਆਂ ਜਾਣ । ਇਸ ਤੋਂ ਇਲਾਵਾ ਕਮਾਦ ਨੂੰ ਸੀੜਨ ਨਾਲ ਵੀ ਨਦੀਨ ਤੇ ਕਾਬੂ ਪਾਇਆ ਜਾ ਸਕਦਾ ਹੈ ਜੋ ਕਿ ਆਮ ਤੌਰ ਤੇ ਕਮਾਦ ਬੀਜਣ ਤੋਂ ਤਕਰੀਬਨ ਦੋ ਮਹੀਨੇ ਬਾਅਦ ਕੀਤਾ ਜਾਂਦਾ ਹੈ। ਜੇ ਗੰਨੇ ਨੂੰ ਪਹਿਲਾਂ ਸੀੜ ਦਿੱਤਾ ਜਾਵੇ ਤਾਂ ਇਸ ਦੇ ਬੂਟੇ ਪੁੱਟੇ ਜਾਂਦੇ ਹਨ ਜਾਂ ਮਿੱਟੀ ਨਾਲ ਦੱਬੇ ਜਾਂਦੇ ਹਨ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਇਸ ਫ਼ਸਲ ਵਿੱਚੋਂ ਨਦੀਨ ਮਾਰਨ ਲਈ ਕੁੱਝ ਨਦੀਨ ਨਾਸ਼ਕ ਦਵਾਈਆਂ ਦੀ ਸਿਫ਼ਾਰਸ਼ ਕੀਤੀ ਗਈ ਹੈ ਜੋ ਕਿ ਨਦੀਨਾਂ ਨੂੰ ਮਾਰਨ ਵਿੱਚ ਅਸਰਦਾਇਕ ਸਿੱਧ ਹੋਈਆਂ ਹਨ ।

**ਜ਼ਹਿਰ ਦੀ ਵਰਤੋਂ** : ਕਮਾਦ ਦੀ ਫ਼ਸਲ ਵਿੱਚੋਂ ਇੱਕ ਰੁੱਤੇ ਨਦੀਨ ਮਾਰਨ ਲਈ ਹੇਠ ਲਿਖੀਆਂ ਜ਼ਹਿਰਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ । ਜੋ ਕਿ ਸਾਰਨੀ ਨੰ. 11 ਵਿੱਚ ਦਿੱਤੀਆਂ ਗਈਆਂ ਹਨ ।

**ਸਾਰਨੀ ਨੰ. 11 : ਕਮਾਦ ਦੀ ਫ਼ਸਲ ਵਿੱਚ ਵਰਤੀਆਂ ਜਾਣ ਵਾਲੀਆਂ ਜ਼ਹਿਰਾਂ**

| ਜ਼ਹਿਰ ਦਾ ਨਾਂ | ਮਾਤਰਾ | ਵਰਤੋਂ ਦਾ ਸਮਾਂ |
|---|---|---|
| 1. ਸਿਨਕੋਰ (ਮੈਟਰੀਬਿਊਜ਼ਨ 70%) | 800 ਗ੍ਰਾਮ | ਕਮਾਦ ਬੀਜ ਕੇ 2 ਜਾਂ 3 ਦਿਨਾਂ ਦੇ ਅੰਦਰ-ਅੰਦਰ । |
| 2. ਐਟਰਾਟਾਫ਼/ਸੋਲਾਰੋ/ਮੈਸਟਾਫ਼/ ਮਾਰਕਾਜ਼ੀਨ (ਐਟਰਾਜ਼ੀਨ 50%) | 800 ਗ੍ਰਾਮ | ,, |
| 3. ਕਾਰਮੈਕਸ/ਕਲਾਸ (ਡਾਈਯੂਰੋਨ 80%) | 800 ਗ੍ਰਾਮ | ,, |
| 4. 2, 4-ਡੀ 80% (ਸੋਡੀਅਮ ਸਾਲਟ) | 800 ਗ੍ਰਾਮ | ਕਮਾਦ ਦੀ ਫ਼ਸਲ ਉੱਗਣ ਤੋਂ ਬਾਅਦ ਜਦੋਂ ਕਮਾਦ ਦੇ ਪੱਤਿਆਂ ਨੇ ਲਾਈਨਾਂ ਨਾ ਕੱਢੀਆਂ ਹੋਣ ਅਤੇ ਨਦੀਨ ਕਾਫ਼ੀ ਮਾਤਰਾ ਵਿੱਚ ਹੋਵੇ । |

ਉੱਪਰ ਦੱਸੀਆਂ ਜ਼ਹਿਰਾਂ (2, 4-ਡੀ ਤੋਂ ਇਲਾਵਾ) ਤਕਰੀਬਨ ਇੱਕ ਰੁੱਤੇ ਸਾਰੇ ਨਦੀਨ ਮਾਰ ਦਿੰਦੀਆਂ ਹਨ ਜਦੋਂ ਕਿ 2, 4-ਡੀ ਸੋਡੀਅਮ ਸਾਲਟ ਚੌੜੀ ਪੱਤੀ ਵਾਲੇ ਨਦੀਨ ਅਤੇ ਮੋਥਾ ਜਾਂ ਡੀਲਾ ਨੂੰ ਮਾਰਦੀ ਹੈ । ਜਿਨ੍ਹਾਂ ਖੇਤਾਂ ਵਿੱਚ ਇੱਟ ਸਿੱਟ ਜ਼ਿਆਦਾ ਹੋਵੇ ਉੱਥੇ ਐਟਰਾਜ਼ੀਨ ਜਾਂ ਮੈਟਰੀਬਿਊਜ਼ਨ ਜਾਂ ਡਾਈਯੂਰੋਨ ਦਵਾਈਆਂ ਬਹੁਤ ਕਾਮਯਾਬ ਸਿੱਧ ਹੋਈਆਂ ਹਨ । ਸਖ਼ਤ ਜਾਨ ਨਦੀਨ ਜਿਵੇਂ ਕਿ ਬਾਂਸ ਪੱਤਾ ਦੀ ਰੋਕਥਾਮ ਲਈ ਮੈਟਰੀਬੂਜਿਨ ਜਾਂ ਡਾਈਬੂਰੋਨ ਜ਼ਹਿਰਾਂ ਹੀ ਵਰਤੋ । 2, 4-ਡੀ

ਜ਼ਹਿਰ ਮੋਥੇ ਨੂੰ ਇੱਕਦਮ ਨਹੀਂ ਮਾਰਦੀ ਪ੍ਰਤੂ ਇਸ ਨੂੰ ਕੁਝ ਸਮੇਂ ਲਈ ਮੱਚੜ ਜਿਹਾ ਬਣਾ ਦਿੰਦੀ ਹੈ ਅਤੇ ਜੇਕਰ ਫ਼ਸਲ ਦਾ ਉਠਾਅ ਚੰਗਾ ਹੋਵੇ ਤੇ ਬੂਟਿਆਂ ਦੀ ਸੰਖਿਆਂ ਪੂਰੀ ਹੋਵੇ ਤਾਂ ਇਹ ਨਦੀਨ ਬਾਅਦ ਵਿਚ ਫ਼ਸਲ ਦੇ ਪੱਤਿਆਂ ਨਾਲ ਢਕਿਆ ਜਾਂਦਾ ਹੈ ਅਤੇ ਇਸ ਦਾ ਵਾਧਾ ਘੱਟ ਹੁੰਦਾ ਹੈ ।

2, 4-ਡੀ ਜ਼ਹਿਰ ਦਾ ਛਿੜਕਾਅ ਦੋ ਕਿਸ਼ਤਾਂ ਵਿੱਚ ਕਰਨਾ ਬਹੁਤ ਲਾਭਦਾਇਕ ਹੈ। 400 ਗ੍ਰਾਮ ਇੱਕ ਵਾਰੀ ਅਤੇ 400 ਗ੍ਰਾਮ ਦੂਜੀ ਵਾਰੀ । ਇਸ ਤਰ੍ਹਾਂ ਕਰਨ ਨਾਲ ਮੋਥੇ ਦੀ ਰੋਕਥਾਮ ਬਹੁਤ ਚੰਗੀ ਤਰ੍ਹਾਂ ਹੁੰਦੀ ਹੈ । ਜਿਸ ਗੰਨੇ ਦੀ ਫ਼ਸਲ ਨੂੰ ਉੱਗਣ ਲਈ ਅੰਨ੍ਹੀ ਗੋਡੀ ਦੀ ਜ਼ਰੂਰਤ ਹੋਵੇ ਉੱਥੇ ਐਟਰਾਜ਼ੀਨ ਜਾਂ ਕਾਰਮੈਕਸ ਦਾ ਛਿੜਕਾਅ ਅੰਨ੍ਹੀ ਗੋਡੀ ਤੋਂ ਬਾਅਦ ਕਰਨਾ ਚਾਹੀਦਾ ਹੈ, ਨਹੀਂ ਤਾਂ ਦਵਾਈ ਦਾ ਅਸਰ ਘੱਟ ਜਾਂਦਾ ਹੈ । ਗੰਨੇ ਦੇ ਉੱਗਣ ਤੋਂ ਪਹਿਲਾਂ ਛਿੜਕਣ ਵਾਲੀਆਂ ਦਵਾਈਆਂ ਦਾ ਖ਼ਰਚਾ ਗੋਡੀਆਂ ਨਾਲੋਂ ਘੱਟ ਹੈ ਅਤੇ ਫ਼ਸਲ ਤੇ ਕੋਈ ਮਾੜਾ ਅਸਰ ਨਹੀਂ ਪੈਂਦਾ। ਇਸ ਲਈ ਇਹ ਜ਼ਹਿਰਾਂ ਫ਼ਸਲ ਨੂੰ ਇੱਕ ਰੁੱਤੇ ਨਦੀਨ ਤੋਂ ਰਹਿਤ ਰੱਖ ਕੇ ਝਾੜ ਬਹੁਤ ਵਧਾਉਂਦੀਆਂ ਹਨ । ਪਾਣੀ ਦੀ ਮਾਤਰਾ 200 ਲਿਟਰ ਇੱਕ ਏਕੜ ਵਿੱਚ ਵਰਤਣੀ ਚਾਹੀਦੀ ਹੈ ।

ਜਿਨ੍ਹਾਂ ਖੇਤਾਂ ਵਿੱਚ ਲਪੇਟਾ ਵੇਲ ਅਤੇ ਹੋਰ ਚੌੜੇ ਪੱਤੇ ਵਾਲੇ ਨਦੀਨ ਹੋਣ ਤਾਂ 2,4-ਡੀ ਸੋਡੀਅਮ ਸਾਲਟ 80% ਦੇ 800 ਗ੍ਰਾਮ ਜਾਂ 2, 4-ਡੀ ਅਮਾਈਨ ਸਾਲਟ 58% 400 ਮਿ. ਲੀ. ਪ੍ਰਤੀ ਏਕੜ ਇਨ੍ਹਾਂ ਨਦੀਨਾਂ ਦੇ 3-5 ਪੱਤੇ ਹੋਣ ਦੀ ਹਾਲਤ ਵਿੱਚ ਛਿੜਕਾਅ ਕਰਕੇ ਕਾਬੂ ਕੀਤਾ ਜਾ ਸਕਦਾ ਹੈ ।

ਬਹਾਰ ਰੁੱਤ ਵਿੱਚ ਬੀਜੇ ਗੰਨੇ ਵਿੱਚ, ਗਰਮੀ ਰੁੱਤ ਦੀ ਮੂੰਗੀ ਜਾਂ ਗਰਮੀ ਰੁੱਤ ਦੇ ਮਾਂਹ ਦੀ ਬੀਜਾਈ ਤੋਂ ਦੋ ਦਿਨ ਦੇ ਅੰਦਰ ਨਦੀਨ ਉੱਗਣ ਤੋਂ ਪਹਿਲਾਂ ਸਟੌਂਪ (30%) ਇੱਕ ਲਿਟਰ ਪ੍ਰਤੀ ਏਕੜ ਦੇ ਹਿਸਾਬ 225 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।

ਪੱਤਝੜ ਰੁੱਤ ਦੇ ਕਮਾਦ ਵਿੱਚੋਂ ਨਦੀਨ ਮਾਰਨ ਲਈ ਨਦੀਨ ਨਾਸ਼ਕ ਜ਼ਹਿਰ ਦੀ ਚੋਣ ਕਮਾਦ ਵਿੱਚ ਬੀਜੀ ਗਈ ਰਲਵੀਂ ਫ਼ਸਲ ਤੇ ਨਿਰਭਰ ਕਰਦੀ ਹੈ । ਜੇਕਰ ਕਮਾਦ ਵਿੱਚ ਸਿਆਲੂ ਮੱਕੀ ਬੀਜਣੀ ਹੋਵੇ ਤਾਂ 600 ਗ੍ਰਾਮ ਐਟਰਾਟਾਫ਼ (50% ਐਟਰਾਜ਼ੀਨ) ਪ੍ਰਤੀ ਏਕੜ ਦਾ ਮੱਕੀ ਦੀ ਬੀਜਾਈ ਤੋਂ ਦੋ ਦਿਨ ਦੇ ਅੰਦਰ-ਅੰਦਰ ਛਿੜਕਾਅ ਕਰੋ। ਅਗਰ ਕਮਾਦ ਵਿੱਚ ਕਣਕ ਬੀਜੀ ਗਈ ਹੋਵੇ ਤਾਂ ਆਈਸੋਪ੍ਰੋਟਯੂਰਾਨ 75% 500 ਗ੍ਰਾਮ ਇੱਕ ਏਕੜ ਦੇ ਹਿਸਾਬ ਨਾਲ ਕਣਕ ਦੀ ਬੀਜਾਈ ਤੋਂ 30-40 ਦਿਨਾਂ ਦੇ ਅੰਦਰ ਕਰੋ ਅਤੇ ਜੇ ਰਾਇਆ ਹੋਵੇ ਤਾਂ ਇਹੀ ਦਵਾਈ 400 ਗ੍ਰਾਮ ਇੱਕ ਏਕੜ ਦੇ ਹਿਸਾਬ ਨਾਲ 25-30 ਦਿਨਾਂ ਵਿਚਕਾਰ ਕਰੋ ।

# ਮੂੰਗਫ਼ਲੀ

ਪੰਜਾਬ ਵਿੱਚ ਮੂੰਗਫ਼ਲੀ ਹਲਕੀ ਅਤੇ ਰੇਤਲੀ ਜ਼ਮੀਨ ਵਿੱਚ ਬੀਜੀ ਜਾਂਦੀ ਹੈ । 80 ਪ੍ਰਤੀਸ਼ਤ ਰਕਬਾ ਮੀਂਹ ਦੇ ਆਧਾਰ ਤੇ ਬੀਜਿਆ ਜਾਂਦਾ ਹੈ ਜਦੋਂ ਕਿ 20 ਪ੍ਰਤੀਸ਼ਤ ਰਕਬਾ ਸਿੰਚਾਈ ਹੇਠ ਬੀਜਿਆ ਜਾਂਦਾ ਹੈ । ਪੰਜਾਬ ਵਿੱਚ ਮੂੰਗਫ਼ਲੀ ਦਾ ਔਸਤ ਝਾੜ ਘੱਟ ਹੋਣ ਦੇ ਕਈ ਕਾਰਨ ਹਨ ।

1. ਮੂੰਗਫ਼ਲੀ ਦਾ ਜ਼ਿਆਦਾ ਰਕਬਾ ਮੀਂਹ ਦੇ ਆਧਾਰ ਤੇ ਬੀਜਿਆ ਜਾਂਦਾ ਹੈ । ਕਈ ਵਾਰੀ ਮੀਂਹ ਦੀ ਉਡੀਕ ਵਿੱਚ ਬੀਜਾਈ ਪਿਛੇਤੀ ਹੋ ਜਾਂਦੀ ਹੈ ।
2. ਮੂੰਗਫ਼ਲੀ ਹੇਠਾਂ ਜ਼ਿਆਦਾਤਰ ਰੇਤਲੀਆਂ ਜ਼ਮੀਨਾਂ ਹੋਣ ਕਰਕੇ ਖ਼ੁਰਾਕੀ ਤੱਤਾਂ ਦੀ ਘਾਟ ਆ ਜਾਂਦੀ ਹੈ ।

ਇਨ੍ਹਾਂ ਤੋਂ ਇਲਾਵਾ ਮੂੰਗਫ਼ਲੀ ਬਰਸਾਤ ਰੁੱਤ ਦੀ ਫ਼ਸਲ ਹੋਣ ਕਰਕੇ ਇਸ ਵਿੱਚ ਨਦੀਨ ਕਾਫ਼ੀ ਮਾਤਰਾ ਵਿੱਚ ਉੱਗ ਪੈਂਦੇ ਹਨ । ਜੇ ਨਦੀਨ ਦਾ ਹੱਲਾ ਜ਼ਿਆਦਾ ਹੋਵੇ ਤਾਂ ਮੂੰਗਫ਼ਲੀ ਦਾ ਝਾੜ 30 ਤੋਂ 50% ਤੱਕ ਘੱਟ ਜਾਂਦਾ ਹੈ । ਕਈ ਨਦੀਨ ਜਿਵੇਂ ਕਿ ਮਧਾਣਾ, ਕੁੱਤਾ ਘਾਹ, ਸਲਾਰਾ ਅਤੇ ਤਾਂਦਲਾ ਵਗੈਰਾ ਤਾਂ ਮੂੰਗਫ਼ਲੀ ਨੂੰ ਬਿਲਕੁਲ ਢੱਕ ਲੈਂਦਾ ਹੈ ਜਿਸ ਨਾਲ ਇਸ ਦੇ ਵੱਧਣ-ਫੁੱਲਣ ਵਿੱਚ ਰੁਕਾਵਟ ਪੈ ਜਾਂਦੀ ਹੈ । ਬਾਰਸ਼ਾਂ ਦੇ ਮੌਸਮ ਵਿੱਚ ਵੱਤਰ ਵੱਧ ਹੋਣ ਕਾਰਨ ਨਦੀਨ ਗੋਡੀ ਨਾਲ ਨਹੀਂ ਕੱਢਿਆ ਜਾ ਸਕਦਾ ਅਤੇ ਲਗਾਤਾਰ ਬਾਰਸ਼ਾਂ ਪੈਣ ਨਾਲ ਨਦੀਨ ਵੱਡਾ ਹੋ ਜਾਂਦਾ ਹੈ ਤੇ ਉਹ ਮੂੰਗਫ਼ਲੀ ਦੀਆਂ ਤੂਈਆਂ ਜਿਨ੍ਹਾਂ ਨੂੰ ਫ਼ਲੀਆਂ ਲੱਗਦੀਆਂ ਹਨ, ਬਾਹਰ ਆ ਜਾਂਦੀਆਂ ਹਨ । ਇਸ ਲਈ ਨਦੀਨ ਛੋਟੀ ਉਮਰ ਵਿੱਚ ਹੀ ਕੱਢ ਦੇਣਾ ਚਾਹੀਦਾ ਹੈ।

ਮੂੰਗਫ਼ਲੀ ਦੇ ਨਦੀਨ ਹੇਠ ਲਿਖੇ ਹਨ :

1. **ਘਾਹ ਵਾਲੇ** : ਮਧਾਣਾ, ਮੱਕੜਾ, ਤੱਕੜੀ ਘਾਹ ਜਾਂ ਲੱਧੜਾ ।
2. **ਚੌੜੀ ਪੱਤੀ ਵਾਲੇ** : ਸਲਾਰਾ, ਤਾਂਦਲਾ, ਕਾਂ ਮੱਕੀ, ਚਿੱਭੜ ਆਦਿ ।

**ਰੋਕਥਾਮ** : ਮੂੰਗਫ਼ਲੀ ਵਿੱਚ ਨਦੀਨ ਦੀ ਰੋਕਥਾਮ ਗੋਡੀ ਨਾਲ ਜਾਂ ਦਵਾਈਆਂ ਨਾਲ ਕੀਤੀ ਜਾ ਸਕਦੀ ਹੈ ।

ਮੂੰਗਫ਼ਲੀ ਦੇ ਨਦੀਨ ਗੋਡੀ ਨਾਲ ਤਾਂ ਹੀ ਕਾਬੂ ਕੀਤੇ ਜਾ ਸਕਦੇ ਹਨ ਜੇਕਰ ਗੋਡੀ ਸਮੇਂ ਸਿਰ ਕੀਤੀ ਜਾਵੇ । ਸਮੇਂ ਸਿਰ ਗੋਡੀ ਕਰਨ ਲਈ ਕਾਮਿਆਂ ਦਾ ਜ਼ਰੂਰਤ ਮੁਤਾਬਕ ਮਿਲਣਾ ਜ਼ਰੂਰੀ ਹੈ । ਅਗਰ ਸੰਭਵ ਹੋ ਸਕੇ ਤਾਂ ਮੂੰਗਫ਼ਲੀ ਦੀ ਫ਼ਸਲ ਨੂੰ ਦੋ ਗੋਡੀਆਂ ਕਰਨੀਆਂ ਚਾਹੀਦੀਆਂ ਹਨ । ਪਹਿਲੀ ਫ਼ਸਲ ਬੀਜਣ ਤੋਂ ਤਿੰਨ ਹਫ਼ਤੇ ਬਾਅਦ ਅਤੇ ਦੂਸਰੀ ਉਸ ਤੋਂ ਤਿੰਨ ਹਫ਼ਤੇ ਬਾਅਦ ਕਰਨੀ ਚਾਹੀਦੀ ਹੈ ।

**ਦਵਾਈਆਂ ਦੀ ਵਰਤੋਂ** : ਦਵਾਈਆਂ ਦੇ ਨਾਲ ਮੂੰਗਫ਼ਲੀ ਦੇ ਨਦੀਨ ਨੂੰ ਉੱਗਣ ਤੋਂ ਪਹਿਲਾਂ ਹੀ ਰੋਕਿਆ ਜਾ ਸਕਦਾ ਹੈ । ਮੂੰਗਫ਼ਲੀ ਦੇ ਨਦੀਨ ਹੇਠਾਂ ਲਿਖੀਆਂ ਦਵਾਈਆਂ (ਸਾਰਨੀ ਨੰ. 12) ਵਰਤ ਕੇ ਕਾਬੂ ਕੀਤੇ ਜਾ ਸਕਦੇ ਹਨ ।

**ਸਾਰਨੀ ਨੰ. 12 : ਮੂੰਗਫਲੀ ਦੀ ਫ਼ਸਲ ਵਿੱਚ ਵਰਤੀਆਂ ਜਾਣ ਵਾਲੀਆਂ ਦਵਾਈਆਂ**

| ਦਵਾਈ ਦਾ ਨਾਂ | ਮਾਤਰਾ/ਏਕੜ | ਵਰਤਣ ਦਾ ਸਮਾਂ |
|---|---|---|
| ਲਾਸੋ | 2 ਲਿਟਰ | ਮੂੰਗਫ਼ਲੀ ਬੀਜਣ ਤੋਂ ਬਾਅਦ ਦੋ ਦਿਨ ਦੇ ਅੰਦਰ । |

ਕੁਝ ਸਖਤ ਜਾਨ ਨਦੀਨ ਜਿਵੇਂ ਕਿ ਅਰੈਕਨੀ ਘਾਹ, ਕਾਂ ਮੱਕੀ, ਚਿੱਭੜ ਵੇਲ ਆਦਿ ਦੀ ਰੋਕਥਾਮ ਲਈ ਟਰੈਫਲਾਨ 48 ਤਾਕਤ (ਟ੍ਰਾਈਫਲੂਰਾਲਿਨ) 600 ਮਿਲੀਲਿਟਰ ਫ਼ਸਲ ਬੀਜਣ ਤੋਂ ਪਹਿਲਾਂ ਜਾਂ ਲਾਸੋ 50 ਤਾਕਤ (ਐਲਾਕਲੋਰ)/ਸਟੌਂਪ 30 ਈ ਸੀ 1.0 ਲਿਟਰ ਪ੍ਰਤੀ ਏਕੜ ਫ਼ਸਲ ਉੱਗਣ ਤੋਂ ਪਹਿਲਾਂ ਛਿੜਕਾਅ ਕਰੋ ਅਤੇ ਬੀਜਾਈ ਤੋਂ 45 ਦਿਨਾਂ ਬਾਅਦ ਇਕ ਗੋਡੀ ਕਰੋ ।

**ਸਾਵਧਾਨੀਆਂ :**

1. ਜੇਕਰ ਰਕਬਾ ਸਿੰਚਾਈ ਵਾਲਾ ਹੋਵੇ ਤਾਂ ਜ਼ਹਿਰਾਂ ਛਿੜਕਣ ਤੋਂ ਪਹਿਲਾਂ ਕਿਆਰੇ ਪਾ ਲਵੋ ਤਾਂ ਜੋ ਸਪਰੇਅ ਕੀਤੀ ਜ਼ਹਿਰ ਕਿਆਰਿਆਂ ਦੀਆਂ ਵੱਟਾਂ ਵਿੱਚ ਨਾ ਆ ਸਕੇ।
2. ਪਾਣੀ ਦੀ ਮਾਤਰਾ ਪੰਪ ਤੇ ਨਿਰਭਰ ਕਰਦੀ ਹੈ । ਡਰੰਮੀ ਵਾਲੇ ਪੰਪ ਲਈ 200-225 ਲਿਟਰ ਪਾਣੀ ਪ੍ਰਤੀ ਏਕੜ ਵਰਤਣਾ ਚਾਹੀਦਾ ਹੈ ।

## ਦਾਲਾਂ

ਦਾਲਾ ਸਾਡੀ ਨਿੱਤ ਦੀ ਖ਼ੁਰਾਕ ਦਾ ਇੱਕ ਮਹੱਤਵਪੂਰਨ ਅੰਗ ਹਨ । ਸਾਡੇ ਸਰੀਰ ਦੀ ਪ੍ਰੋਟੀਨ ਦੀ ਲੋੜ ਜ਼ਿਆਦਾ ਮਾਤਰਾ ਵਿੱਚ ਦਾਲਾਂ ਦੁਆਰਾ ਹੀ ਪੂਰੀ ਕੀਤੀ ਜਾਂਦੀ ਹੈ । ਖੇਤੀਬਾੜੀ ਵਿੱਚ ਵੀ ਦਾਲਾਂ ਦਾ ਮਹੱਤਵਪੂਰਨ ਯੋਗਦਾਨ ਹੈ, ਕਿਉਂਕਿ ਸਾਰੀਆਂ ਦਾਲਾਂ ਦੀਆਂ ਜੜ੍ਹਾਂ ਵਿੱਚ ਗੰਢੀਆਂ ਹੁੰਦੀਆਂ ਹਨ, ਜਿਨ੍ਹਾਂ ਰਾਹੀਂ ਵਾਯੂਮੰਡਲ ਵਾਲੀ ਨਾਈਟ੍ਰੋਜਨ ਜ਼ਮੀਨ ਵਿੱਚ ਚਲੀ ਜਾਂਦੀ ਹੈ । ਇਸ ਲਈ ਫ਼ਸਲੀ ਚੱਕਰ ਵਿੱਚ ਦਾਲਾਂ ਦੀਆਂ ਫ਼ਸਲਾਂ ਬੀਜਣ ਨਾਲ ਕਿਸਾਨ ਦਾ ਖਾਦ ਦਾ ਖ਼ਰਚਾ ਘਟ ਜਾਂਦਾ ਹੈ । ਦਾਲਾਂ ਦਾ ਔਸਤ ਝਾੜ ਘੱਟ ਹੋਣ ਦੇ ਕਈ ਕਾਰਨ ਹਨ ।

1. ਕਣਕ ਅਤੇ ਝੋਨੇ ਦੀਆਂ ਫ਼ਸਲਾਂ ਨੂੰ ਕਿਸਾਨ ਜ਼ਿਆਦਾ ਮਹੱਤਤਾ ਦਿੰਦੇ ਹਨ ਅਤੇ ਹਮੇਸ਼ਾ ਸਭ ਤੋਂ ਵਧੀਆ ਜ਼ਮੀਨ ਅਤੇ ਸਭ ਤੋਂ ਵੱਧ ਧਿਆਨ ਇਨ੍ਹਾਂ ਦੋਹਾਂ ਫ਼ਸਲਾਂ ਦਾ ਰੱਖਿਆ ਜਾਂਦਾ ਹੈ । ਦਾਲਾਂ ਬਹੁਤ ਘੱਟ ਰਕਬੇ ਤੇ ਅਤੇ ਉਹ ਵੀ ਮਾੜੀਆਂ ਜ਼ਮੀਨਾਂ ਤੇ ਬੀਜੀਆਂ ਜਾਂਦੀਆਂ ਹਨ ।
2. ਦਾਲਾਂ ਦੀਆਂ ਫ਼ਸਲਾਂ ਨੂੰ ਕੀੜੇ ਅਤੇ ਬੀਮਾਰੀਆਂ ਜ਼ਿਆਦਾ ਮਾਤਰਾ ਵਿੱਚ ਲੱਗਦੀਆਂ ਹਨ ।
3. ਇਹ ਸਿਰਫ਼ ਅਨੁਕੂਲ ਵਾਤਾਵਰਣ ਵਿੱਚ ਹੀ ਵੱਧਦੀਆਂ-ਫੁੱਲਦੀਆਂ ਹਨ । ਸਾਉਣੀ ਦੀ ਰੁੱਤ ਵਿੱਚ ਮੀਂਹ ਜ਼ਿਆਦਾ ਪੈਣ ਕਰਕੇ ਵੀ ਇਨ੍ਹਾਂ ਦੇ ਝਾੜ ਤੇ ਕਾਫ਼ੀ ਮਾੜਾ ਅਸਰ ਪੈ ਜਾਂਦਾ ਹੈ ।

4. ਦਾਲਾਂ ਦੇ ਫੁੱਲ ਅਤੇ ਫ਼ਲੀਆਂ ਬਹੁਤ ਝੜਦੀਆਂ ਹਨ ।
5. ਸਾਉਣੀ ਦੀ ਰੁੱਤ ਵਿੱਚ ਮੀਂਹ ਜ਼ਿਆਦਾ ਪੈਣ ਕਰਕੇ ਨਦੀਨ ਦਾ ਹੱਲਾ ਜ਼ਿਆਦਾ ਹੁੰਦਾ ਹੈ ।

ਇਨ੍ਹਾਂ ਸਾਰੇ ਕਾਰਨਾਂ ਤੋਂ ਇਲਾਵਾ ਦਾਲਾਂ ਤੋਂ ਪੂਰਾ ਝਾੜ ਲੈਣ ਲਈ ਇਨ੍ਹਾਂ ਨੂੰ ਸਮੇਂ ਸਿਰ ਪਾਣੀ, ਖ਼ੁਰਾਕੀ ਤੱਤ ਤਾਂ ਚਾਹੀਦੇ ਹਨ, ਨਾਲ-ਨਾਲ ਇਨ੍ਹਾਂ ਦਾ ਨਦੀਨ ਰਹਿਤ ਹੋਣਾ ਵੀ ਬਹੁਤ ਜ਼ਰੂਰੀ ਹੈ । ਜੇ ਦਾਲਾਂ ਵਿੱਚੋਂ ਨਦੀਨ ਪੂਰੀ ਤਰ੍ਹਾਂ ਕਾਬੂ ਨਾ ਕੀਤੇ ਜਾਣ ਤਾਂ 15-20% ਤੱਕ ਇਨ੍ਹਾਂ ਦਾ ਝਾੜ ਘੱਟ ਜਾਂਦਾ ਹੈ ।

ਸਾਉਣੀ ਦੀਆਂ ਦਾਲਾਂ ਵਿੱਚ ਹੇਠ ਲਿਖੇ ਨਦੀਨ ਹੁੰਦੇ ਹਨ :

1. **ਘਾਹ ਵਾਲੇ** : ਮੋਥਾ/ਡੀਲਾ, ਮਧਾਣਾ, ਮੱਕੜਾ, ਤੱਕੜੀ ਘਾਹ ।
2. **ਚੌੜੇ ਪੱਤਿਆਂ ਵਾਲੇ** : ਇੱਟਸਿੱਟ/ਚੁਪੱਤੀ, ਕਾਂ ਮੱਕੀ ।

## ਮੂੰਗੀ

ਮੂੰਗੀ ਦੀ ਫ਼ਸਲ ਵਿੱਚ ਨਦੀਨਾਂ ਦੀ ਰੋਕਥਾਮ ਲਈ ਇੱਕ ਜਾਂ ਦੋ ਗੋਡੀਆਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ । ਕਈ ਵਾਰੀ ਦੂਸਰੀ ਗੋਡੀ ਦੀ ਲੋੜ ਨਹੀਂ ਪੈਂਦੀ ਕਿਉਂਕਿ ਫ਼ਸਲ ਜ਼ਮੀਨ ਨੂੰ ਪੂਰੀ ਤਰ੍ਹਾਂ ਢੱਕ ਲੈਂਦੀ ਹੈ ਅਤੇ ਨਦੀਨ ਨੂੰ ਪੂਰੀ ਰੌਸ਼ਨੀ ਨਾ ਮਿਲਣ ਦੇ ਕਾਰਨ ਉਹ ਦੱਬੇ ਜਾਂਦੇ ਹਨ ।

ਮੂੰਗੀ ਦੀ ਫ਼ਸਲ ਵਿੱਚੋਂ ਨਦੀਨ ਕਾਬੂ ਕਰਨ ਲਈ ਬਾਸਾਲਿਨ 45 ਈ ਸੀ 600 ਮਿਲੀਲਿਟਰ ਜਾਂ ਟਰਿਫਲਿਨ 800 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕੀ ਜਾ ਸਕਦੀ ਹੈ । ਖੇਤ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਕੋਈ ਇੱਕ ਨਦੀਨ ਨਾਸ਼ਕ ਛਿੜਕ ਦਿਉ ਅਤੇ ਉਸ ਤੋਂ ਇਕਦਮ ਬਾਅਦ ਮੂੰਗੀ ਬੀਜ ਦੇਣੀ ਚਾਹੀਦੀ ਹੈ । ਇਸ ਤਰ੍ਹਾਂ ਛਿੜਕੀ ਹੋਈ ਜ਼ਹਿਰ ਜ਼ਮੀਨ ਦੀ ਉੱਪਰਲੀ ਸਤਹਿ ਵਿੱਚ ਰਲ ਜਾਂਦੀ ਹੈ । ਇਸ ਜ਼ਹਿਰ ਨਾਲ ਘਾਹ ਵਾਲੇ ਅਤੇ ਚੌੜੀ ਪੱਤੀ ਵਾਲੇ ਲਗਪਗ ਸਾਰੇ ਨਦੀਨ ਮਰ ਜਾਂਦੇ ਹਨ ਪਰ ਇਹ ਸਦਾਬਹਾਰ ਨਦੀਨ ਅਤੇ ਇੱਟਸਿੱਟ ਨੂੰ ਘੱਟ ਕਾਬੂ ਕਰਦੀ ਹੈ । ਇਨ੍ਹਾਂ ਨੂੰ ਕਾਬੂ ਕਰਨ ਲਈ ਦਵਾਈ ਛਿੜਕਣ ਤੋਂ 3 ਹਫ਼ਤੇ ਬਾਅਦ ਇੱਕ ਗੋਡੀ ਕਰ ਦੇਣੀ ਚਾਹੀਦੀ ਹੈ ।

ਮੂੰਗੀ ਦੀ ਫ਼ਸਲ ਵਿੱਚੋਂ ਨਦੀਨ ਮਾਰਨ ਲਈ ਸਟੌਂਪ 30% ਦਵਾਈ ਦਾ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ । ਇੱਕ ਲਿਟਰ ਜ਼ਹਿਰ ਦਾ 200 ਲਿਟਰ ਪਾਣੀ ਵਿੱਚ ਘੋਲ ਬਣਾ ਕੇ ਫ਼ਸਲ ਬੀਜਣ ਤੋਂ ਦੋ ਦਿਨਾਂ ਦੇ ਅੰਦਰ-ਅੰਦਰ ਛਿੜਕਾਅ ਕਰੋ ਜਾਂ ਇਹ ਜ਼ਹਿਰ 600 ਮਿ.ਲਿ. ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ ਅਤੇ ਲੋੜ ਪੈਣ ਤੇ ਇੱਕ ਮਹੀਨੇ ਬਾਅਦ ਫ਼ਸਲ ਦੀ ਗੋਡੀ ਕਰ ਦਿਉ । ਇਸ ਦਵਾਈ ਨਾਲ ਇੱਕ ਰੁੱਤੇ ਚੌੜੀ ਪੱਤੀ ਅਤੇ ਘਾਹ ਵਰਗੇ ਨਦੀਨ ਮਰ ਜਾਂਦੇ ਹਨ ਪ੍ਰੰਤੂ ਸਦਾਬਹਾਰ ਨਦੀਨ ਨਹੀਂ ਮਰਦੇ ।

## ਮਾਂਹ

ਮਾਂਹਾਂ ਵਿੱਚੋਂ ਨਦੀਨ ਮਾਰਨ ਲਈ ਸਿਰਫ਼ ਇੱਕ ਗੋਡੀ ਦੀ ਲੋੜ ਪੈਂਦੀ ਹੈ । ਇਹ ਗੋਡੀ ਫ਼ਸਲ ਬੀਜਣ ਤੋਂ ਤਕਰੀਬਨ ਇੱਕ ਮਹੀਨਾ ਬਾਅਦ ਕਰਨੀ ਚਾਹੀਦੀ ਹੈ । ਇਸ ਤੋਂ ਬਾਅਦ ਫ਼ਸਲ ਜ਼ਮੀਨ ਨੂੰ ਚੰਗੀ ਤਰ੍ਹਾਂ ਢੱਕ ਲੈਂਦੀ ਹੈ ਅਤੇ ਨਦੀਨ ਹੇਠਾਂ ਦੱਬੇ ਜਾਂਦੇ ਹਨ । ਗਰਮੀ ਅਤੇ ਸਾਉਣੀ ਰੁੱਤ ਦੀ ਮਾਂਹ ਦੀ ਫ਼ਸਲ ਵਿੱਚ ਨਦੀਨਾਂ ਦੇ ਨਾਸ਼ ਲਈ ਸਟੌਂਪ 30 ਈ ਸੀ (ਪੈਂਡੀਮੈਥਾਲਿਨ) 600 ਮਿਲੀਲਿਟਰ ਪ੍ਰਤੀ ਏਕੜ ਛਿੜਕੋ ਅਤੇ 25 ਦਿਨਾਂ ਪਿਛੋਂ ਇਕ ਗੋਡੀ ਕਰੋ ਜਾਂ ਸਟੌਂਪ 30 ਈ ਸੀ 1.0 ਲਿਟਰ ਪ੍ਰਤੀ ਏਕੜ ਛਿੜਕੋ । ਸਟੌਂਪ ਦਾ ਛਿੜਕਾਅ ਬੀਜਾਈ ਤੋਂ ਦੋ ਦਿਨ ਦੇ ਅੰਦਰ ਕਰ ਦਿਉ । ਨਦੀਨ ਨਾਸ਼ਕ ਦੇ ਛਿੜਕਾਅ ਲਈ 150-200 ਲਿਟਰ ਪਾਣੀ ਵਰਤੋ । ਇਹ ਨਦੀਨ ਨਾਸ਼ਕ ਮੌਸਮੀ ਘਾਹ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਚੰਗੀ ਰੋਕਥਾਮ ਕਰਦੀ ਹੈ ਪਰ ਲੰਮੀ ਉਮਰ ਦੇ ਨਦੀਨਾਂ ਦੀ ਰੋਕਥਾਮ ਨਹੀਂ ਕਰਦੀ ।

## ਅਰਹਰ

ਅਰਹਰ ਵਿੱਚੋਂ ਨਦੀਨ ਕਾਬੂ ਕਰਨ ਲਈ ਦੋ ਗੋਡੀਆਂ ਦੀ ਜ਼ਰੂਰਤ ਪੈਂਦੀ ਹੈ। ਪਹਿਲੀ ਗੋਡੀ ਫ਼ਸਲ ਬੀਜਣ ਤੋਂ ਤਿੰਨ ਹਫ਼ਤੇ ਬਾਅਦ ਅਤੇ ਦੂਸਰੀ ਗੋਡੀ ਬੀਜਣ ਤੋਂ ਛੇ ਹਫ਼ਤੇ ਬਾਅਦ ਕਰਨੀ ਚਾਹੀਦੀ ਹੈ । ਨਦੀਨਾਂ ਦੀ ਰੋਕਥਾਮ ਲਈ ਇੱਕ ਲਿਟਰ ਸਟੌਂਪ (30%) ਜਾਂ 600 ਮਿ.ਲੀ. ਸਟੌਂਪ ਅਤੇ ਬੀਜਾਈ ਤੋਂ 6-7 ਹਫ਼ਤਿਆਂ ਪਿੱਛੋਂ ਇੱਕ ਗੋਡੀ ਕਰਨ ਨਾਲ ਵੀ ਕੀਤੀ ਜਾ ਸਕਦੀ ਹੈ । ਸਟੌਂਪ ਦਾ ਛਿੜਕਾਅ ਬੀਜਾਈ ਤੋਂ 2 ਦਿਨ ਦੇ ਅੰਦਰ ਕਰ ਦਿਉ । ਨਦੀਨ ਨਾਸ਼ਕ ਦਵਾਈ ਦੇ ਛਿੜਕਾਅ ਲਈ 150-200 ਲਿਟਰ ਪਾਣੀ ਵਰਤੋਂ । ਇਹ ਨਦੀਨ ਨਾਸ਼ਕ ਦਵਾਈਆਂ ਮੌਸਮੀ ਘਾਹ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਚੰਗੀ ਰੋਕਥਾਮ ਕਰਦੀ ਹੈ ਪਰ ਵੱਡੀ ਉਮਰ ਦੇ ਨਦੀਨਾਂ ਦੀ ਰੋਕਥਾਮ ਨਹੀਂ ਕਰਦੀ ।

## ਸੋਇਆਬੀਨ

ਸੋਇਆਬੀਨ ਨੂੰ ਪਹਿਲੀ ਗੋਡੀ ਫ਼ਸਲ ਬੀਜਣ ਤੋਂ ਤੀਜੇ ਹਫ਼ਤੇ ਅਤੇ ਦੂਸਰੀ ਪੰਜਵੇਂ ਹਫ਼ਤੇ ਕਰਨੀ ਚਾਹੀਦੀ ਹੈ । ਇਸ ਫ਼ਸਲ ਵਿੱਚੋਂ ਘਾਹ ਤੇ ਚੌੜੀ ਪੱਤੀ ਵਾਲੇ ਨਦੀਨ ਨੂੰ ਮਾਰਨ ਲਈ ਸਟੌਂਪ ਦਵਾਈ ਦੀ ਵਰਤੋਂ ਕੀਤੀ ਜਾ ਸਕਦੀ ਹੈ । 600 ਮਿ.ਲਿ. ਦਵਾਈ ਨੂੰ 200 ਲਿਟਰ ਪਾਣੀ (ਪ੍ਰਤੀ ਏਕੜ) ਵਿੱਚ ਘੋਲ ਕੇ ਸੋਇਆਬੀਨ ਦੀ ਬੀਜਾਈ ਤੋਂ ਬਾਅਦ 48 ਘੰਟੇ ਅੰਦਰ ਸਪਰੇਅ ਕਰਨਾ ਚਾਹੀਦਾ ਹੈ । ਸਪਰੇਅ ਸਮੇਂ ਖੇਤ ਵਿੱਚ ਨਮੀ ਦਾ ਹੋਣਾ ਅਤਿ ਜ਼ਰੂਰੀ ਹੈ ।

# ਚਾਰੇ ਦੀਆਂ ਫ਼ਸਲਾਂ

ਚਾਰੇ ਦੀਆਂ ਫ਼ਸਲਾਂ ਵਿੱਚੋਂ ਆਮ ਤੌਰ ਤੇ ਨਦੀਨਾਂ ਨੂੰ ਮਾਰਨ ਵੱਲ ਘੱਟ ਧਿਆਨ ਦਿੱਤਾ ਜਾਂਦਾ ਹੈ ਕਿਉਂਕਿ ਕਿਸਾਨ ਸੋਚਦੇ ਹਨ ਕਿ ਨਦੀਨ ਕਾਫ਼ੀ ਹੱਦ ਤੱਕ

ਪਸ਼ੂਆਂ ਲਈ ਚਾਰੇ ਦਾ ਕੰਮ ਦੇ ਸਕਦੇ ਹਨ । ਪਰ ਤਜ਼ਰਬਿਆਂ ਦੇ ਆਧਾਰ ਤੇ ਇਹ ਵੇਖਿਆ ਗਿਆ ਹੈ ਕਿ ਚਾਰੇ ਦੀਆਂ ਫ਼ਸਲਾਂ ਵਿੱਚ ਉੱਗੇ ਨਦੀਨ ਨਾ ਸਿਰਫ਼ ਚਾਰੇ ਦਾ ਝਾੜ ਹੀ ਘਟਾਉਂਦੇ ਹਨ ਬਲਕਿ ਉਸ ਦੀ ਕੁਆਲਟੀ ਵੀ ਖ਼ਰਾਬ ਕਰਦੇ ਹਨ। ਜਿਸ ਕਰਕੇ ਨਦੀਨਾਂ ਨਾਲ ਸਾਉਣੀ ਦੇ ਚਾਰਿਆਂ ਦਾ ਝਾੜ 20 ਤੋਂ 30 ਪ੍ਰਤੀਸ਼ਤ ਤੱਕ ਘੱਟ ਜਾਂਦਾ ਹੈ। ਸਾਉਣੀ ਦੇ ਨਦੀਨ ਜਿਵੇਂ ਕਿ ਇੱਟਸਿੱਟ ਜਾਂ ਚੁਪੱਤੀ ਵਿੱਚ ਨਾਈਟਰੇਟ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਅਤੇ ਬਰੂ ਵਿੱਚ ਹਾਈਡਰੋਸਾਇਨਾਈਡ ਵੱਧ ਹੁੰਦਾ ਹੈ । ਜੇਕਰ ਗਰਮੀਆਂ ਦੇ ਮਹੀਨਿਆਂ ਵਿੱਚ ਇਹ ਨਦੀਨ ਪਸ਼ੂਆਂ ਨੂੰ ਖਿਲਾਏ ਜਾਣ ਤਾਂ ਇਹ ਜ਼ਹਿਰੀਲੇ ਸਾਬਤ ਹੁੰਦੇ ਹਨ ਅਤੇ ਪਸ਼ੂ ਦਾ ਨੁਕਸਾਨ ਹੋ ਸਕਦਾ ਹੈ ।

## ਨਦੀਨ ਦੀਆਂ ਕਿਸਮਾਂ

ਸਾਉਣੀ ਦੀ ਰੁੱਤ ਵਿੱਚ ਜ਼ਿਆਦਾਤਰ ਇੱਟਸਿੱਟ/ਚੁਪੱਤੀ, ਮਧਾਣਾ, ਮੱਕੜਾ, ਤਾਂਦਲਾ, ਚੁਲਾਈ, ਚਿੰਬੜਵੇਲ, ਹੁਲਹੁਲ, ਬਰੂ, ਮੋਥਾ/ਡੀਲਾ, ਖੱਬਲ ਘਾਹ ਆਦਿ ਨਦੀਨ ਹੁੰਦੇ ਹਨ ।

**ਰੋਕਥਾਮ** : ਸਾਉਣੀ ਦੇ ਚਾਰੇ ਦੀਆਂ ਫ਼ਸਲਾਂ ਤੋਂ ਜ਼ਿਆਦਾ ਅਤੇ ਚੰਗੀ ਕਿਸਮ ਦਾ ਝਾੜ ਲੈਣ ਲਈ ਇਨ੍ਹਾਂ ਵਿੱਚੋਂ ਨਦੀਨ ਕਾਬੂ ਕਰਨੇ ਬਹੁਤ ਜ਼ਰੂਰੀ ਹਨ । ਚਾਰੇ ਦੀਆਂ ਫ਼ਸਲਾਂ ਵਿੱਚ ਨਦੀਨ ਕਾਬੂ ਕਰਨ ਦਾ ਸੌਖਾ ਢੰਗ ਦਵਾਈਆਂ ਛਿੜਕਣ ਵਾਲਾ ਹੀ ਹੈ ਕਿਉਂਕਿ ਚਾਰਿਆਂ ਵਿੱਚ ਗੋਡੀ ਕਰਨੀ ਲਗਪਗ ਅਸੰਭਵ ਹੀ ਹੈ । ਕਾਰਨ ਇਹ ਹੈ ਕਿ ਇਹ ਫ਼ਸਲਾਂ ਜ਼ਿਆਦਾਤਰ ਛੱਟਾ ਮਾਰ ਕੇ ਜਾਂ ਬਹੁਤ ਨੇੜੇ ਕਤਾਰਾਂ ਵਿੱਚ ਬੀਜੀਆਂ ਜਾਂਦੀਆਂ ਹਨ । ਇਸ ਲਈ ਨਦੀਨਾਂ ਨੂੰ ਮਾਰਨ ਲਈ ਸਾਰਣੀ ਨੰ. 13 ਵਿੱਚ ਦਿੱਤੀਆਂ ਦਵਾਈਆਂ ਦੀ ਸੂਚੀ ਵਿੱਚੋਂ ਕੋਈ ਵੀ ਇੱਕ ਜ਼ਹਿਰ ਵਰਤੀ ਜਾ ਸਕਦੀ ਹੈ ।

**ਸਾਰਨੀ ਨੰ. 13 : ਚਾਰੇ ਦੀਆਂ ਫ਼ਸਲਾਂ ਲਈ ਨਦੀਨ ਨਾਸ਼ਕ ਜ਼ਹਿਰਾਂ**

| ਫ਼ਸਲ ਦਾ ਨਾਂ | ਜ਼ਹਿਰ ਦਾ ਨਾਂ | ਮਾਤਰਾ ਪ੍ਰਤੀ ਏਕੜ | ਵਰਤਣ ਦਾ ਸਮਾਂ |
|---|---|---|---|
| ਮੱਕੀ | 1. ਐਟਰਾਟਾਫ਼ 50% ਐਟਰਾਜ਼ੀਨ | 500-800 ਗ੍ਰਾਮ | ਬੀਜਣ ਤੋਂ ਦੋ ਦਿਨਾਂ ਦੇ ਅੰਦਰ-ਅੰਦਰ । |
| | 2. ਐਟਰਾਟਾਫ਼ | 500-800 ਗ੍ਰਾਮ | ਬੀਜਣ ਤੋਂ 10 - 15 ਦਿਨਾਂ ਬਾਅਦ । |
| ਜਵਾਰ/ਚਰ੍ਹੀ | ਐਟਰਾਟਾਫ਼ | 400 ਗ੍ਰਾਮ | ਬੀਜਣ ਤੋਂ ਇੱਕ - ਦੋ ਦਿਨਾਂ ਦੇ ਅੰਦਰ-ਅੰਦਰ । |
| ਬਾਜਰਾ | ਐਟਰਾਟਾਫ਼ | 200 ਗ੍ਰਾਮ | ,, |
| ਗਿੰਨੀ ਘਾਹ | ਐਟਰਾਟਾਫ਼ | 500 ਗ੍ਰਾਮ | ,, |
| ਲੋਬੀਆ | ਸਟੌਂਪ | 750 ਮਿ.ਲਿ. | ,, |
| ਗੁਆਰਾ | ਸਟੌਂਪ | 750 ਮਿ.ਲਿ. | ,, |

ੳ) ਮੱਕੀ ਦੇ ਚਾਰੇ ਵਿੱਚ ਹਲਕੀਆਂ ਜ਼ਮੀਨਾਂ ਤੇ ਘੱਟ ਮਾਤਰਾ ਅਤੇ ਦਰਮਿਆਨੀਆਂ ਜ਼ਮੀਨਾਂ ਤੋਂ ਭਾਰੀਆਂ ਜ਼ਮੀਨਾਂ ਤੇ ਵੱਧ ਮਾਤਰਾ ਛਿੜਕਣੀ ਚਾਹੀਦੀ ਹੈ ।

ਅ) ਜਦੋਂ ਮੱਕੀ-ਲੋਬੀਆ ਜਾਂ ਜਵਾਰ+ਗੁਆਰਾ ਨੂੰ ਰਲਾ ਕੇ ਬੀਜਿਆ ਜਾਵੇ ਤਾਂ ਸਿਰਫ਼ ਸਟੌਂਪ (ਇੱਕ ਲਿਟਰ ਪ੍ਰਤੀ ਏਕੜ) ਹੀ ਵਰਤਣੀ ਚਾਹੀਦੀ ਹੈ । ਦਵਾਈ ਦਾ ਛਿੜਕਾਅ ਫ਼ਸਲ ਦੇ ਬੀਜਣ ਤੋਂ ਦੋ ਦਿਨ ਦੇ ਅੰਦਰ-ਅੰਦਰ ਅਤੇ ਉੱਗਣ ਤੋਂ ਪਹਿਲਾਂ ਕਰਨਾ ਚਾਹੀਦਾ ਹੈ ।

ੲ) ਮੱਕੀ ਦੇ ਚਾਰੇ ਵਿੱਚ ਐਟਰਾਜ਼ੀਨ 15 ਸਤੰਬਰ ਤੱਕ ਹੀ ਛਿੜਕੀ ਜਾ ਸਕਦੀ ਹੈ । ਜੇ ਇਨ੍ਹਾਂ ਨੂੰ ਬਾਅਦ ਵਿੱਚ ਛਿੜਕਿਆ ਜਾਵੇ ਤਾਂ ਇਹ ਜ਼ਹਿਰਾਂ ਆਉਣ ਵਾਲੀਆਂ ਕਣਕ, ਸਰ੍ਹੋਂ ਤੇ ਬਰਸੀਮ ਦੀਆਂ ਫ਼ਸਲਾਂ ਨੂੰ ਨੁਕਸਾਨਦਾਇਕ ਸਿੱਧ ਹੋ ਸਕਦੀਆਂ ਹਨ ।

## ਨਵੀਆਂ ਫ਼ਸਲਾਂ

ਪਿਛਲੇ ਕੁਝ ਅਰਸੇ ਤੋਂ ਪੰਜਾਬ ਵਿੱਚ ਮੁੱਖ ਫ਼ਸਲਾਂ ਤੋਂ ਇਲਾਵਾ ਕਈ ਹੋਰ ਨਵੀਆਂ ਫ਼ਸਲਾਂ ਦੀ ਕਾਸ਼ਤ ਹੋਣੀ ਸ਼ੁਰੂ ਹੋ ਗਈ ਹੈ । ਇਨ੍ਹਾਂ ਫ਼ਸਲਾਂ ਵਿੱਚ ਜਪਾਨੀ ਪੁਦੀਨੇ ਦੀ ਕਾਸ਼ਤ ਕਾਫ਼ੀ ਵਧ ਗਈ ਹੈ । ਇਸ ਤੋਂ ਇਲਾਵਾ ਕੁਝ ਇਲਾਕਿਆਂ ਵਿੱਚ ਕਰਨੌਲੀ/(ਖੁਰਾਸਾਨੀ ਅਜਵੈਣ), ਹਲਦੀ, ਸੌਂਫ, ਸੋਏ, ਹਨੀ ਪਲਾਂਟ, ਈਸਬਗੋਲ, ਕੁਸੁੰਭੜਾ ਆਦਿ ਦੀ ਵੀ ਕਾਸ਼ਤ ਹੁੰਦੀ ਹੈ । ਜ਼ਿਆਦਾਤਰ ਇਨ੍ਹਾਂ ਫ਼ਸਲਾਂ ਵਿੱਚੋਂ ਤੇਲ ਕੱਢਿਆ ਜਾਂਦਾ ਹੈ ਅਤੇ ਇਹ ਤੇਲ ਦਵਾਈਆਂ ਅਤੇ ਖੁਸ਼ਬੂਦਾਰ ਚੀਜ਼ਾਂ ਆਦਿ ਵਿੱਚ ਵਰਤਿਆ ਜਾਂਦਾ ਹੈ ।

**ਮੈਂਥਾ/ਜਪਾਨੀ ਪੁਦੀਨਾ** : ਪੰਜਾਬ ਵਿੱਚ ਲਗਪਗ 1978 ਤੋਂ ਮੈਂਥੇ ਦੀ ਕਾਸ਼ਤ ਚੱਲ ਰਹੀ ਹੈ । ਇਸ ਫ਼ਸਲ ਥੱਲੇ ਰਕਬਾ ਕਾਫ਼ੀ ਆ ਚੁੱਕਾ ਹੈ । ਇਸ ਫ਼ਸਲ ਨੂੰ ਜਨਵਰੀ ਦੇ ਮਹੀਨੇ ਵਿੱਚ ਜੜ੍ਹਾਂ ਰਾਹੀਂ ਬੀਜਿਆ ਜਾਂਦਾ ਹੈ ਤੇ ਇਸ ਨੂੰ ਦੋ ਵਾਰੀ ਕੱਟ ਕੇ ਭਾਫ਼ ਰਾਹੀਂ ਬੂਟਿਆਂ ਵਿੱਚੋਂ ਤੇਲ ਕੱਢਿਆ ਜਾਂਦਾ ਹੈ । ਇਸ ਫ਼ਸਲ ਵਿੱਚੋਂ ਤੇਲ ਕੱਢਣ ਵਾਸਤੇ ਪੰਜਾਬ ਵਿੱਚ ਬਹੁਤ ਥਾਵਾਂ ਤੇ ਕਾਰਖਾਨੇ ਲੱਗੇ ਹੋਏ ਹਨ । ਕਿਉਂਕਿ ਇਸ ਫ਼ਸਲ ਦੀ ਬੀਜਾਈ ਜਨਵਰੀ-ਫ਼ਰਵਰੀ ਵਿੱਚ ਹੁੰਦੀ ਹੈ । ਇਸ ਕਰਕੇ ਇਸ ਵਿੱਚ ਦੋਵੇਂ ਰੁੱਤਾਂ ਦੇ ਨਦੀਨ ਆ ਜਾਂਦੇ ਹਨ । ਜਪਾਨੀ ਪੁਦੀਨੇ ਦੇ ਨਦੀਨ ਇਸ ਪ੍ਰਕਾਰ ਹਨ :

**ਹਾੜ੍ਹੀ ਦੇ ਨਦੀਨ** : ਜੌਂਧਰ/ਬਿਗੜ, ਗੁੱਲੀ-ਡੰਡਾ/ਸਿੱਟੀ, ਬਾਥੂ, ਮੈਣਾ, ਮੈਣੀ, ਬਿੱਲੀ-ਬੂਟੀ ਆਦਿ ।

**ਸਾਉਣੀ ਦੇ ਨਦੀਨ** : ਇੱਟਸਿੱਟ/ਚੁਪੱਤੀ, ਮਧਾਣਾ, ਮੱਕੜਾ, ਤੱਕੜੀ ਘਾਹ, ਅਰੈਕਨੀ ਘਾਹ, ਤਾਂਦਲਾ, ਚੁਲਾਈ, ਭੱਖੜਾ, ਖੱਬਲ ਘਾਹ, ਡੀਲਾ/ਮੋਥਾ, ਬਰੂ ਆਦਿ ।

ਜਪਾਨੀ ਪੁਦੀਨਾ ਤਕਰੀਬਨ 15-20 ਦਿਨ ਤੋਂ ਬਾਅਦ ਉੱਗਦਾ ਹੈ ਅਤੇ ਉੱਗਣ ਤੋਂ ਉਪਰੰਤ ਇਸ ਦਾ ਵਾਧਾ ਬੜੀ ਘੱਟ ਰਫ਼ਤਾਰ ਨਾਲ ਹੁੰਦਾ ਹੈ। ਇਸ ਸਮੇਂ ਵਿੱਚ ਖ਼ਾਸ ਕਰਕੇ ਹਾੜ੍ਹੀ ਦੇ ਨਦੀਨ ਬੜੀ ਤੇਜ਼ ਰਫ਼ਤਾਰ ਨਾਲ ਵਧਦੇ ਹਨ। ਥੋੜ੍ਹੇ ਹੀ ਸਮੇਂ ਵਿੱਚ ਫ਼ਸਲ ਨੂੰ ਦਬਾਅ ਲੈਂਦੇ ਹਨ। ਇਨ੍ਹਾਂ ਕਰਨਾਂ ਕਰਕੇ ਜਪਾਨੀ ਪੁਦੀਨੇ ਨੂੰ ਨਦੀਨ ਰਹਿਤ ਰੱਖਣਾ ਬਹੁਤ ਜ਼ਰੂਰੀ ਹੈ। ਜੇਕਰ ਨਦੀਨਾਂ ਨੂੰ ਠੀਕ ਤਰ੍ਹਾਂ ਕਾਬੂ ਹੇਠ ਨਾ ਰੱਖਿਆ ਜਾਵੇ ਤਾਂ ਇਸ ਫ਼ਸਲ ਦਾ ਬਹੁਤ ਜ਼ਿਆਦਾ ਝਾੜ ਘੱਟ ਜਾਂਦਾ ਹੈ ਜੋ ਕਿ ਹੇਠ ਦਿੱਤੀ ਸਾਰਨੀ 14 ਤੋਂ ਸਿੱਧ ਹੁੰਦਾ ਹੈ।

**ਸਾਰਨੀ ਨੰ. 14 : ਨਦੀਨ ਨਾਸ਼ਕ ਤਰੀਕਿਆਂ ਦਾ ਜਪਾਨੀ ਪੁਦੀਨੇ ਤੇ ਅਸਰ**

| ਰੋਕਥਾਮ ਦੇ ਤਰੀਕੇ | ਤੇਲ ਦਾ ਝਾੜ ਕਿਲੋ/ਹੈਕਟੇਅਰ | ਨਦੀਨਾਂ ਦੇ ਸੁੱਕੇ ਮਾਦੇ ਦਾ ਵਜ਼ਨ ਕੁ./ਹੈਕਟੇਅਰ |
|---|---|---|
| ਜ਼ਹਿਰਾਂ ਰਾਹੀਂ | 68.7 | 5.9 |
| ਦੋ ਗੋਡੀਆਂ | 53.1 | 12.3 |
| ਬਿਨਾਂ ਜ਼ਹਿਰਾਂ | 17.9 | 34.7 |
| ਬਿਨਾਂ ਗੋਡੀ | - | - |

ਇਸ ਫ਼ਸਲ ਦੇ ਨਦੀਨਾਂ ਨੂੰ ਗੋਡੀ ਅਤੇ ਜ਼ਹਿਰਾਂ ਰਾਹੀਂ ਕਾਬੂ ਕੀਤਾ ਜਾ ਸਕਦਾ ਹੈ। ਅਗਰ ਨਦੀਨ ਗੋਡੀ ਨਾਲ ਮਾਰਨੇ ਹੋਣ ਤਾਂ ਇਸ ਫ਼ਸਲ ਨੂੰ ਦੋ ਗੋਡੀਆਂ ਤਕਰੀਬਨ ਬੀਜਣ ਤੋਂ 5 ਅਤੇ 8 ਹਫ਼ਤੇ ਬਾਅਦ ਕਰਨੀਆਂ ਚਾਹੀਦੀਆਂ ਹਨ ਅਤੇ ਜ਼ਰੂਰਤ ਹੋਣ ਤੇ ਇੱਕ ਗੋਡੀ ਹੋਰ ਕਰ ਦਿਉ। ਪਹਿਲੀ ਕਟਾਈ ਤੋਂ ਬਾਅਦ ਫ਼ਸਲ ਨੂੰ ਇੱਕ ਗੋਡੀ ਹੋਰ ਕਰਨੀ ਚਾਹੀਦੀ ਹੈ।

ਕਿਉਂਕਿ ਇਸ ਦੀਆਂ ਗੋਡੀਆਂ ਦਾ ਸਮਾਂ, ਖ਼ਾਸ ਕਰਕੇ ਦੂਸਰੀ ਗੋਡੀ ਦਾ ਕਣਕ ਦੀ ਕਟਾਈ ਦੇ ਸਮੇਂ ਨਾਲ ਮੇਲ ਖਾਂਦਾ ਹੈ। ਇਸ ਲਈ ਇਹ ਕੰਮ ਸਮੇਂ ਸਿਰ ਨਹੀਂ ਹੋ ਲਗਦਾ ਜਿਸ ਦੇ ਫ਼ਲਸਰੂਪ ਨਦੀਨ ਬਹੁਤ ਵਧ ਜਾਂਦੇ ਹਨ ਅਤੇ ਫ਼ਸਲ ਦਾ ਝਾੜ ਘਟਾ ਦਿੰਦੇ ਹਨ। ਸੋ ਇਸ ਸਮੱਸਿਆ ਨੂੰ ਮੱਦੇ ਨਜ਼ਰ ਰੱਖਦੇ ਹੋਏ ਇਸ ਫ਼ਸਲ ਵਿੱਚ ਨਦੀਨ ਨਾਸ਼ਕ ਜ਼ਹਿਰਾਂ ਦੀ ਵਰਤੋਂ ਲਾਹੇਵੰਦ ਸਿੱਧ ਹੋਈ ਹੈ। ਜਪਾਨੀ ਪੁਦੀਨੇ ਵਿੱਚੋਂ ਨਦੀਨ ਮਾਰਨ ਵਾਸਤੇ ਗੋਲ 23.5 ਤਾਕਤ (ਔਕਸੀਫਲੋਰਫੈਨ) 350 ਮਿਲੀਲਿਟਰ, ਕਾਰਮੈਕਸ (ਡਾਈਯੂਰੋਨ) 300 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ ਫ਼ਸਲ ਨੂੰ ਪਹਿਲਾ ਪਾਣੀ ਲਾਉਣ ਤੋਂ ਬਾਅਦ 3-4 ਦਿਨਾਂ ਦੇ ਅੰਦਰ-ਅੰਦਰ ਕਰੋ। ਇਸ ਤੋਂ ਇਲਾਵਾ 1.0 ਲਿਟਰ ਸਟੌਂਪ ਜਾਂ 400 ਗ੍ਰਾਮ ਆਈਸੋਪ੍ਰੋਟਯੂਰਾਨ 75% ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲੇ ਪਾਣੀ ਤੋਂ ਤੁਰੰਤ ਬਾਅਦ ਵੀ ਕੀਤੀਆਂ ਜਾ ਸਕਦੀਆਂ ਹਨ। ਕਿਸੇ ਇੱਕ ਜ਼ਹਿਰ ਦੀ ਚੋਣ ਕਰਕੇ ਉਸ ਦਾ 200 ਲਿਟਰ ਪਾਣੀ ਵਿੱਚ ਘੋਲ ਬਣਾਉ ਅਤੇ ਢੋਲਕੀ ਵਾਲੇ ਪੰਪ ਨਾਲ ਜਿਸਨੂੰ ਫਲੈਟ ਫੈਨ ਜਾਂ ਫਲੱਡ ਜੈੱਟ ਨੋਜ਼ਲ ਲੱਗੀ ਹੋਵੇ, ਨਾਲ ਛਿੜਕਾਅ ਕਰੋ।

**ਹਲਦੀ** : ਹਲਦੀ ਦੀ ਕਾਸ਼ਤ ਤਕਰੀਬਨ ਪੰਜਾਬ ਦੇ ਸਾਰੇ ਹੀ ਜ਼ਿਲ੍ਹਿਆਂ ਵਿੱਚ ਹੁੰਦੀ ਹੈ ਪ੍ਰੰਤੂ ਇਸ ਦੀ ਕਾਸ਼ਤ ਕਿਸਾਨਾਂ ਦੁਆਰਾ ਥੋੜ੍ਹੀ ਜਗ੍ਹਾ ਤੇ ਹੀ ਕੀਤੀ ਜਾਂਦੀ ਹੈ, ਜਿਸ ਨੂੰ ਉਹ ਘਰੇਲੂ ਲੋੜਾਂ ਪੂਰੀਆਂ ਕਰਨ ਵਾਸਤੇ ਹੀ ਵਰਤਦੇ ਹਨ । ਪ੍ਰੰਤੂ ਅੱਜਕੱਲ੍ਹ ਕੁਝ ਕਿਸਾਨ ਇਸ ਨੂੰ ਵੱਡੇ ਪੈਮਾਨੇ ਤੇ ਵੀ ਬੀਜਣ ਲੱਗ ਪਏ ਹਨ । ਇਸ ਦੀ ਵਰਤੋਂ ਕੱਚੇ ਰੂਪ ਵਿੱਚ ਅਤੇ ਪੀਸ ਕੇ ਹੁੰਦੀ ਹੈ । ਹਲਦੀ ਦੀਆਂ ਗੰਢੀਆਂ ਨੂੰ ਧੋ ਕੇ ਉਬਾਲ ਲਿਆ ਜਾਂਦਾ ਹੈ ਅਤੇ ਉਬਲੀ ਹੋਈ ਹਲਦੀ ਨੂੰ ਚੰਗੀ ਤਰ੍ਹਾਂ ਸੁਕਾ ਕੇ ਪੀਸ ਲਿਆ ਜਾਂਦਾ ਹੈ, ਜੋ ਕਿ ਫਿਰ ਰਸੋਈ ਵਿੱਚ ਵਰਤੀ ਜਾ ਸਕਦੀ ਹੈ ।

ਇਸ ਫ਼ਸਲ ਵਿੱਚ ਨਦੀਨਾਂ ਦਾ ਹੱਲਾ ਜ਼ਿਆਦਾ ਹੁੰਦਾ ਹੈ ਕਿਉਂਕਿ ਇਸ ਦੇ ਉੱਗਣ ਵਿੱਚ ਕਾਫ਼ੀ ਸਮਾਂ ਲੱਗ ਜਾਂਦਾ ਹੈ । ਤਕਰੀਬਨ ਇੱਕ ਮਹੀਨਾ ਖੇਤ ਫ਼ਸਲ ਤੋਂ ਬਗੈਰ ਹੀ ਦਿਖਾਈ ਦਿੰਦਾ ਹੈ ਅਤੇ ਇਸ ਸਮੇਂ ਨਦੀਨ ਬੜੀ ਤੇਜ਼ੀ ਨਾਲ ਉੱਗਦੇ ਹਨ ਅਤੇ ਵਧਦੇ ਹਨ । ਹਲਦੀ ਦੀ ਫ਼ਸਲ ਵਿਚ ਤਕਰੀਬਨ ਸਾਉਣੀ ਦੇ ਸਾਰੇ ਹੀ ਨਦੀਨ ਹੋ ਜਾਂਦੇ ਹਨ । ਇਸ ਫ਼ਸਲ ਨੂੰ ਨਦੀਨ ਰਹਿਤ ਰੱਖਣ ਵਾਸਤੇ ਦੋ ਤੋਂ ਤਿੰਨ ਗੋਡੀਆਂ ਦੀ ਜ਼ਰੂਰਤ ਪੈਂਦੀ ਹੈ । ਇਸ ਦੇ ਬਦਲ ਵਿੱਚ ਸਟੌਂਪ (30%) (ਪੈਂਡੀਮੈਥਾਲਿਨ) 1300 ਮਿ. ਲਿ. ਜਾਂ ਸੈਨਕੋਰ (70%) (ਮੈਟਰੀਬੂਜ਼ਿਨ) 400 ਗ੍ਰਾਮ ਜਾਂ ਐਟਰਾਟਾਫ਼ (50%) (ਐਟਰਾਜੀਨ) 600 ਗ੍ਰਾਮ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਬੀਜਾਈ ਤੋਂ 2-3 ਦਿਨਾਂ ਵਿੱਚ ਛਿੜਕਾਅ ਕਰੋ । ਛਿੜਕਾਅ ਪਿੱਛੋਂ 36 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਨੂੰ ਸਾਰੇ ਖੇਤ ਵਿੱਚ ਇਕਸਾਰ ਖਿਲਾਰ ਦਿਉ ।

**ਕਰਨੌਲੀ/ਖੁਰਾਸਾਨੀ ਅਜਵੈਣ** : ਇਹ ਫ਼ਸਲ ਪੰਜਾਬ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਜ਼ਿਆਦਾ ਬੀਜੀ ਜਾਂਦੀ ਹੈ ਅਤੇ ਇਹ ਹਾੜ੍ਹੀ ਦੀ ਫ਼ਸਲ ਹੈ । ਇਸ ਫ਼ਸਲ ਵਿੱਚ ਕਣਕ ਵਾਲੇ ਨਦੀਨ ਹੀ ਹੁੰਦੇ ਹਨ । ਇਨ੍ਹਾਂ ਨੂੰ ਗੋਡੀਆਂ ਰਾਹੀਂ ਹੀ ਕਾਬੂ ਕੀਤਾ ਜਾ ਸਕਦਾ ਹੈ । ਪਹਿਲੀ ਗੋਡੀ ਫ਼ਸਲਾਂ ਦੀ ਬੀਜਾਈ ਤੋਂ ਤਿੰਨ ਹਫ਼ਤੇ ਅਤੇ ਦੂਜੀ ਪੰਜ ਹਫ਼ਤੇ ਬਾਅਦ ਕੀਤੀ ਜਾਂਦੀ ਹੈ । ਇਸ ਫ਼ਸਲ ਵਿੱਚ ਨਦੀਨ ਨਾਸ਼ਕ ਦਵਾਈਆਂ ਜਿਵੇਂ ਕਿ ਬਾਸਾਲਿਨ, ਸਟੌਂਪ, ਟ੍ਰੈਫਲਿਨ, ਗੋਲ ਐਟਰਾਜ਼ੀਨ, ਸੈਨਕੋਰ ਵਗੈਰਾ ਪਰਖੀਆਂ ਜਾ ਰਹੀਆਂ ਹਨ । ਇਹ ਦਵਾਈਆਂ ਫ਼ਸਲ ਲਈ ਸੁਰੱਖਿਅਤ ਹਨ ਅਤੇ ਨਦੀਨਾਂ ਨੂੰ ਵੀ ਚੰਗੀ ਤਰ੍ਹਾਂ ਕਾਬੂ ਕਰਦੀਆਂ ਹਨ ਪ੍ਰੰਤੂ ਇਨ੍ਹਾਂ ਦੀ ਵਰਤੋਂ ਦੀ ਹਾਲੇ ਤੱਕ ਸਿਫ਼ਾਰਸ਼ ਨਹੀਂ ਕੀਤੀ ਗਈ ।

# ਗਾਜਰ ਘਾਹ (ਪਾਰਥੀਨੀਅਮ) ਦੇ ਨੁਕਸਾਨ ਅਤੇ ਰੋਕਥਾਮ

ਗਾਜਰ ਘਾਹ ਨੂੰ ਪਾਰਥੀਨੀਅਮ/ਸਫੈਦ ਟੋਪੀ/ਕਾਂਗਰਸ ਘਾਹ ਆਦਿ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ । ਇਹ ਨਦੀਨ ਖਾਲੀ ਥਾਵਾਂ, ਸੜਕਾਂ, ਰੇਲ ਦੀਆਂ ਲਾਈਨਾਂ, ਨਹਿਰਾਂ ਦੇ ਦੁਆਲੇ, ਰਿਹਾਇਸ਼ੀ ਕਾਲੋਨੀਆਂ, ਸ਼ਾਮਲਾਟ ਜ਼ਮੀਨਾਂ ਅਤੇ ਕਈ ਫ਼ਸਲਾਂ ਵਿੱਚ ਪਾਇਆ ਜਾਂਦਾ ਹੈ । ਇਸ ਦੇ ਪੱਤੇ ਗਾਜਰ ਦੇ ਪੱਤਿਆਂ ਵਾਂਗ ਚੀਰਵੇਂ ਹੁੰਦੇ ਹਨ ਅਤੇ ਇਸ ਬੂਟੇ ਨੂੰ ਚਿੱਟੇ ਰੰਗ ਦੇ ਫੁੱਲ ਬਹੁ-ਗਿਣਤੀ ਵਿੱਚ ਆਉਂਦੇ ਹਨ । ਇਸ ਦਾ ਬੀਜ ਬਹੁਤ ਬਾਰੀਕ ਹੁੰਦਾ ਹੈ ਹੋ ਕਿ ਹਵਾ ਜਾਂ ਪਾਣੀ ਨਾਲ ਦੂਸਰੀ ਜਗ੍ਹਾ ਤੇ ਚਲਾ ਜਾਦਾ ਹੈ । ਇਹ ਨਦੀਨ ਮਾਰਚ ਤੋਂ ਉੱਗਣਾ ਸ਼ੁਰੂ ਹੁੰਦਾ ਹੈ ਅਤੇ ਸਤੰਬਰ ਤੱਕ 4-5 ਲੌਆਂ ਵਿੱਚ ਉੱਗਦਾ ਹੈ । ਸਰਦੀਆਂ ਵਿੱਚ ਇਸ ਦਾ ਜ਼ਮੀਨ ਤੋਂ ਉੱਪਰਲਾ ਹਿੱਸਾ ਮਰ ਜਾਂਦਾ ਹੈ ਪ੍ਰੰਤੂ ਜੜ੍ਹ ਨਹੀਂ ਮਰਦੀ ਅਤੇ ਤਾਪਮਾਨ ਵਧਣ ਨਾਲ ਇਸ ਦਾ ਬੂਟਾ ਫਿਰ ਤੋਂ ਫੁੱਟ ਪੈਂਦਾ ਹੈ । ਇਸ ਨਦੀਨ ਨੂੰ ਪਾਣੀ ਦੀ ਜ਼ਿਆਦਾ ਜ਼ਰੂਰਤ ਨਹੀਂ ਪੈਂਦੀ ।

ਇਸ ਨਦੀਨ ਦੀ ਹੋਂਦ ਸਭ ਤੋਂ ਪਹਿਲਾਂ ਦੱਖਣੀ ਅਮਰੀਕਾ ਅਤੇ ਵੈਸਟ ਇੰਡੀਜ਼ ਵਿੱਚ ਸ਼ੁਰੂ ਹੋਈ ਸੀ ਅਤੇ ਉਸ ਤੋਂ ਬਾਅਦ ਇਹ ਨਦੀਨ ਉੱਤਰੀ ਅਮਰੀਕਾ ਵਿੱਚ ਬਹੁਤ ਮਾਤਰਾ ਵਿੱਚ ਹੋਣ ਲੱਗ ਪਿਆ । ਭਾਰਤ ਵਿੱਚ ਇਹ ਨਦੀਨ 1950 ਵਿੱਚ ਬਾਹਰਲੇ ਦੇਸ਼ਾਂ ਤੋਂ ਖਾਣ ਵਾਲੇ ਦਾਣਿਆਂ ਨਾਲ ਆਇਆ ਅਤੇ ਸਭ ਤੋਂ ਪਹਿਲਾਂ ਇਸ ਦੀ ਹੋਂਦ ਮੈਸੂਰ ਪ੍ਰਾਂਤ ਵਿੱਚ ਦੇਖੀ ਗਈ । ਪੰਜਾਬ ਵਿੱਚ ਗਾਜਰ ਘਾਹ ਸਭ ਤੋਂ ਪਹਿਲਾਂ 1975 ਵਿੱਚ ਵੇਖਿਆ ਗਿਆ ਪ੍ਰੰਤੂ ਹੁਣ ਇਹ ਨਦੀਨ ਸਾਰੇ ਪੰਜਾਬ ਵਿੱਚ ਨਹੀਂ ਸਗੋਂ ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਵਿੱਚ ਵੀ ਪਰਵੇਸ਼ ਕਰ ਚੁੱਕਾ ਹੈ । ਗਾਜਰ ਘਾਹ ਦੇ ਉੱਗਣ ਅਤੇ ਵਧਣ-ਫੁੱਲਣ ਵਾਸਤੇ ਸਭ ਤੋਂ ਅਨੁਕੂਲ ਵਾਤਾਵਰਣ ਮੀਂਹ ਦਾ ਸਮਾਂ ਹੈ । (ਜੁਲਾਈ ਤੋਂ ਅਗਸਤ) । ਜਦੋਂ ਸਰਦੀ ਦਾ ਮੌਸਮ ਸ਼ੁਰੂ ਹੋ ਜਾਂਦਾ ਹੈ ਇਸ ਨਦੀਨ ਦੀ ਉੱਗਣ ਸ਼ਕਤੀ ਘਟ ਜਾਂਦੀ ਹੈ ।

## ਸਿਹਤ ਤੇ ਅਸਰ

ਦੇਖਣ ਵਿੱਚ ਆਇਆ ਹੈ ਕਿ ਇਹ ਨਦੀਨ ਸਿਹਤ ਤੇ ਭੈੜਾ ਅਸਰ ਕਰਦਾ ਹੈ । ਜੇਕਰ ਇਸ ਨਦੀਨ ਨਾਲ ਬਹੁਤ ਵਾਹ ਪਿਆ ਰਹੇ ਤਾਂ ਇਸ ਨਾਲ ਕਈ ਤਰ੍ਹਾਂ ਦੀਆਂ ਬੀਮਾਰੀਆਂ ਲੱਗ ਜਾਂਦੀਆਂ ਹਨ । ਇਸ ਨਦੀਨ ਦੇ ਪਰਾਗ ਕਣ ਜੇ ਸਾਹ ਰਾਹੀਂ ਲਗਾਤਾਰ ਅੰਦਰ ਜਾਦੇ ਰਹਿਣ ਤਾਂ ਕਈ ਵਿਅਕਤੀਆਂ ਨੂੰ ਦਮੇ ਦੀ ਬੀਮਾਰੀ ਜਾਂ ਜ਼ੁਕਾਮ, ਖਾਂਸੀ ਆਦਿ ਵੀ ਲੱਗ ਜਾਂਦੀ ਹੈ । ਇਸ ਨਦੀਨ ਨੂੰ ਵਾਰ-ਵਾਰ ਛੂਹਣ ਨਾਲ ਕਈ ਵਿਅਕਤੀਆਂ ਨੂੰ ਚਮੜੀ ਦੇ ਕਈ ਰੋਗ ਜਿਸ ਤਰ੍ਹਾਂ ਕਿ ਖੁਜਲੀ (ਖਾਜ), ਸੜਨ (ਸੜਾਂਦ), ਸੋਜ਼ਿਸ਼ ਆਦਿ ਵੀ ਹੋ ਜਾਂਦੇ ਹਨ । ਇਸ ਤੋਂ ਇਲਾਵਾ ਐਲਰਜੀ ਦੀਆਂ ਕਈ ਬੀਮਾਰੀਆਂ ਦਾ ਕਾਰਨ ਵੀ ਗਾਜਰ ਘਾਹ ਹੀ ਹੁੰਦਾ ਹੈ । ਇਹ ਵੀ ਵੇਖਿਆ ਗਿਆ ਹੈ ਕਿ ਬੱਚੇ ਇਸ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਰਹਿਤ ਹਨ ।

ਇਸ ਨਦੀਨ ਦਾ ਪਸ਼ੂਆਂ ਦੀ ਸਿਹਤ ਤੇ ਵੀ ਬਹੁਤ ਮਾੜਾ ਅਸਰ ਪੈਂਦਾ ਹੈ । ਜੇਕਰ ਜਾਨਵਰ ਇਸ ਨੂੰ ਜ਼ਿਆਦਾ ਮਾਤਰਾ ਵਿੱਚ ਖਾ ਲੈਣ ਤਾਂ ਉਹ ਮਰ ਜਾਂਦੇ ਹਨ।

ਜੇਕਰ ਇਸ ਨਦੀਨ ਨੂੰ ਦੁੱਧ ਦੇਣ ਵਾਲੇ ਜਾਨਵਰ ਖਾ ਲੈਣ ਤਾਂ ਦੁੱਧ ਦਾ ਸੁਆਦ ਬਦਲ ਜਾਂਦਾ ਹੈ ਅਤੇ ਉਸ ਦੀ ਕੁਆਲਿਟੀ ਘਟ ਜਾਂਦੀ ਹੈ ।

**ਰੋਕਥਾਮ :** ਗਾਜਰ ਘਾਹ ਦੀ ਸਮੱਸਿਆ ਦਾ ਹੱਲ ਇਸ ਦੀ ਰੋਕਥਾਮ ਕਰਕੇ ਨਹੀਂ ਪ੍ਰੰਤੂ ਇਸ ਨੂੰ ਖ਼ਤਮ ਕਰਕੇ ਹੈ । ਸੋ ਆਮ ਲੋਕਾਂ (ਪਬਲਿਕ) ਨੂੰ ਇਸ ਦੇ ਨੁਕਸਾਨ ਬਾਰੇ ਜਾਣੂ ਕਰਵਾਉਣਾ ਬਹੁਤ ਜ਼ਰੂਰੀ ਹੈ, ਜੋ ਕਿ ਵੱਡੇ ਪੱਧਰ ਤੇ ਹੋਣਾ ਚਾਹੀਦਾ ਹੈ ।

ਇਸ ਨਦੀਨ ਦਾ ਖ਼ਾਤਮਾ ਗੌਰਮਿੰਟ ਦੇ ਪ੍ਰੋਗਰਾਮਾਂ ਅਤੇ ਪਬਲਿਕ ਦੇ ਮਿਲਵਰਤਣ ਨਾਲ ਹੀ ਹੋ ਸਕਦਾ ਹੈ ।

**ਮਕੈਨੀਕਲ ਕੰਟਰੋਲ :** ਗਾਜਰ ਘਾਹ ਨੂੰ ਉੱਪਰੋਂ ਕੱਟਣ ਨਾਲ ਇਹ ਦੁਬਾਰਾ ਫਿਰ ਫੁੱਟ ਪੈਂਦਾ ਹੈ । ਇਸ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਇਸ ਦੀ ਜੜ੍ਹ ਨੂੰ ਡੂੰਘਾ ਪੁੱਟਣਾ ਚਾਹੀਦਾ ਹੈ ਅਤੇ ਜਦੋਂ ਬੂਟੇ ਸੁੱਕ ਜਾਣ, ਉਨ੍ਹਾਂ ਨੂੰ ਸਾੜ ਦੇਣਾ ਚਾਹੀਦਾ ਹੈ । ਇਹ ਕੰਮ ਫੁੱਲ ਆਉਣ ਤੋਂ ਪਹਿਲਾਂ ਕਰਨਾ ਚਾਹੀਦਾ ਹੈ ਤਾਂ ਜੋ ਬੂਟਾ ਬੀਜ ਨਾ ਬਣਾ ਸਕੇ । ਜੇਕਰ ਇਹ ਨਦੀਨ ਬਾਗਾਂ ਵਿੱਚ, ਦਰਖ਼ਤਾਂ ਵਿੱਚ, ਸੜਕਾਂ ਦੁਆਲੇ ਜਾਂ ਹੋਰ ਖਾਲੀ ਥਾਵਾਂ ਉੱਤੇ ਉੱਗਿਆ ਹੋਵੇ ਤਾਂ ਉਸ ਖਾਲੀ ਥਾਂ ਨੂੰ ਥੋੜ੍ਹੇ ਸਮੇਂ ਬਾਅਦ ਜ਼ਰੂਰ ਵਾਹੁਣਾ ਚਾਹੀਦਾ ਹੈ ਤਾਂ ਕਿ ਇਸ ਨਦੀਨ ਨੂੰ ਫੁੱਲ ਪੈਣ ਤੋਂ ਪਹਿਲਾਂ ਪੁੱਟ ਦਿੱਤਾ ਜਾਵੇ । ਇਸ ਤੋਂ ਇਲਾਵਾ ਗਾਜਰ ਘਾਹ ਖੇਤ ਦੀਆਂ ਵੱਟਾਂ, ਖਾਲਾਂ ਜਾਂ ਕਈ ਹੋਰ ਥਾਵਾਂ ਤੇ ਹੁੰਦਾ ਹੈ ਜਿਸ ਨੂੰ ਜ਼ਿਮੀਂਦਾਰ ਵਾਹ ਨਹੀਂ ਸਕਦੇ । ਇਨ੍ਹਾਂ ਹਾਲਤਾਂ ਵਿੱਚ ਗਾਜਰ ਘਾਹ ਦੇ ਬੂਟਿਆਂ ਨੂੰ ਕਹੀ ਨਾਲ ਡੂੰਘਾ ਪੁੱਟੋ ਅਤੇ ਇਕੱਠੇ ਕਰਕੇ ਸਾੜ ਦਿਉ । ਇਸ ਨਦੀਨ ਨੂੰ ਹੱਥਾਂ ਨਾਲ ਵੀ ਪੁੱਟਣਾ ਠੀਕ ਹੈ ਪ੍ਰੰਤੂ ਇਹ ਕੰਮ ਕਰਨ ਤੋਂ ਪਹਿਲਾਂ ਹੱਥਾਂ ਵਿੱਚ ਦਸਤਾਨੇ ਪਾਉਣਾ ਬਹੁਤ ਜ਼ਰੂਰੀ ਹੈ । ਇਸ ਨਦੀਨ ਨੂੰ ਖ਼ਤਮ ਕਰਨ ਲਈ ਪਿੰਡ ਪੱਧਰ ਤੇ 'ਗਾਜਰ ਘਾਹ ਮਾਰੂ ਮੁਹਿੰਮ' ਚਲਾਉਣੀ ਚਾਹੀਦੀ ਹੈ ਜਿਸ ਵਿੱਚ ਜ਼ਮੀਨ ਦੇ ਮਾਲਕ, ਪੰਚਾਇਤਾਂ, ਕਮੇਟੀਆਂ, ਕਾਰਪੋਰੇਸ਼ਨਾਂ ਅਤੇ ਸਰਕਾਰੀ ਅਦਾਰਿਆਂ ਦੀਆਂ ਡਿਊਟੀਆਂ ਲੱਗਣ ਅਤੇ ਅਣਗਹਿਲੀ ਕਰਨ ਵਾਲੇ ਨੂੰ ਸਖ਼ਤ ਸਜ਼ਾ ਦਾ ਐਲਾਨ ਹੋਣਾ ਚਾਹੀਦਾ ਹੈ ।

## ਦਵਾਈਆਂ ਦੀ ਵਰਤੋਂ

ਨਦੀਨਨਾਸ਼ਕ ਦਵਾਈਆਂ ਦੀ ਵਰਤੋਂ ਕਰਨ ਨਾਲ ਵੀ ਇਹ ਨਦੀਨ ਕਾਬੂ ਕੀਤਾ ਜਾ ਸਕਦਾ ਹੈ । ਇਸ ਨਦੀਨ ਦੀ ਖਾਲੀ ਥਾਵਾਂ (ਫ਼ਸਲ ਤੋਂ ਬਗੈਰ) ਤੇ ਰੋਕਥਾਮ ਲਈ ਐਟਰਾਟਾਫ਼ (50% ਐਟਰਾਜ਼ੀਨ) ਦਵਾਈ ਦੀ ਵਰਤੋਂ ਕੀਤੀ ਜਾ ਸਕਦੀ ਹੈ । ਇੱਕ ਤੋਂ ਡੇਢ ਕਿਲੋ ਐਟਰਾਟਾਫ਼ ਦਵਾਈ ਦਾ 200-225 ਲਿਟਰ ਪਾਣੀ ਵਿੱਚ ਘੋਲ ਬਣਾ ਲਵੋ ਅਤੇ ਇਸ ਨੂੰ ਇੱਕ ਏਕੜ ਰਕਬੇ ਵਿੱਚ ਛਿੜਕੋ । ਨਦੀਨ ਨਾਸ਼ਕ ਦਵਾਈ ਦਾ ਛਿੜਕਾਅ ਇੱਕਸਾਰ ਕਰੋ । ਇਸ ਦਵਾਈ ਦਾ ਇਸਤੇਮਾਲ ਉਸ ਸਮੇਂ ਕਰੋ ਜਦੋਂ ਗਾਜਰ ਘਾਹ ਛੋਟਾ ਹੋਵੇ, ਉਸ ਦੇ ਪੱਤੇ ਨਰਮ ਹੋਣ ਅਤੇ ਫੁੱਲ ਨਿਕਲਣੇ ਸ਼ੁਰੂ ਨਾ ਹੋਏ ਹੋਣ । ਯਾਦ ਰਹੇ ਕਿ ਇਸ ਦਵਾਈ ਦਾ ਛਿੜਕਾਅ ਜਿੰਨਾ ਵਧੇ ਹੋਏ ਬੂਟੇ ਤੇ ਹੋਵੇਗਾ ਓਨਾ ਹੀ ਉਹ ਘੱਟ ਮਰੇਗਾ । ਜੇਕਰ ਨਦੀਨ ਵਧਿਆ ਹੋਵੇ ਤਾਂ ਐਟਰਾਟਾਫ਼ ਡੇਢ ਕਿਲੋ ਪ੍ਰਤੀ ਏਕੜ ਵਰਤੋ । ਸੋ ਵਧੇਰੇ

ਅਸਰ ਲੈਣ ਲਈ ਨਦੀਨ ਨਾਸ਼ਕ ਦਵਾਈ ਦਾ ਛਿੜਕਾਅ ਛੋਟੀ ਉਮਰ ਦੇ ਬੂਟਿਆਂ ਤੇ ਕਰਨਾ ਚਾਹੀਦਾ ਹੈ ।

ਐਟਰਾਜ਼ੀਨ ਦਵਾਈ ਦਾ ਛਿੜਕਾਅ ਸਿਰਫ਼ ਖ਼ਾਲੀ ਥਾਵਾਂ ਤੇ ਹੀ ਕਰੋ । ਧਿਆਨ ਰੱਖੋ ਕਿ ਛਿੜਕਾਅ ਵਾਲੀ ਥਾਂ ਦੇ ਲਾਗੇ ਕੋਈ ਫੁੱਲਾਂ ਜਾਂ ਸਬਜ਼ੀਆਂ ਦੀ ਕਿਆਰੀ ਨਾ ਹੋਵੇ । ਜੇਕਰ ਗਾਜਰ ਘਾਹ ਕਿਸੇ ਫ਼ਸਲ ਜਾਂ ਬਾਗ ਦੀ ਸਮੱਸਿਆ ਹੋਵੇ ਤਾਂ ਮਾਹਿਰ ਦੀ ਸਲਾਹ ਜ਼ਰੂਰ ਲਵੋ ਤਾਂ ਜੋ ਤੁਹਾਡੀ ਸਮੱਸਿਆ ਅਨੁਸਾਰ ਤੁਹਾਨੂੰ ਉਸ ਦਾ ਹੱਲ ਮਿਲ ਸਕੇ ।

ਐਟਰਾਜ਼ੀਨ ਤੋਂ ਇਲਾਵਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਗਲਾਈਫੋਸੇਟ (ਰਾਊਂਡ ਅੱਪ/ਗਲਾਈਸਲ) ਦਵਾਈ ਦੀ ਵੀ ਸਿਫ਼ਾਰਸ਼ ਕੀਤੀ ਗਈ ਹੈ । ਇੱਕ ਲਿਟਰ ਦਵਾਈ ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਵੱਧ ਰਹੇ ਗਾਜਰ ਘਾਹ ਤੇ ਛਿੜਕਾਅ ਕਰੋ । ਇਸ ਤੋਂ ਇਲਾਵਾ ਐਕਸਲ ਮੈਰਾ (ਗਲਾਈਫੋਸੇਟ) 600 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਵੀ ਵਰਤੀ ਜਾ ਸਕਦੀ ਹੈ ।

**ਸਾਵਧਾਨੀਆਂ :**

ੳ) ਐਟਰਾਟਾਫ਼ ਦਵਾਈ ਦੀ ਵਰਤੋਂ ਛੋਟੀ ਉਮਰ ਦੇ ਨਦੀਨਾਂ ਉੱਪਰ ਕਰੋ । ਜੇਕਰ ਇਸ ਦੇ ਬੂਟੇ ਵੱਡੇ ਹੋਣ ਤਾਂ ਨਦੀਨ ਨਾਸ਼ਕ ਦਵਾਈ ਦੀ ਮਾਤਰਾ ਡੇਢ ਕਿੱਲੋ ਪ੍ਰਤੀ ਏਕੜ ਕਰੋ ।

ਅ) ਛਿੜਕਾਅ ਉਸ ਸਮੇਂ ਕਰੋ ਜਦੋਂ ਹਵਾ ਬਿਲਕੁਲ ਘੱਟ ਰਫ਼ਤਾਰ ਨਾਲ ਚੱਲ ਰਹੀ ਹੋਵੇ।

ੲ) ਇਸ ਦਵਾਈ ਦੀ ਵਰਤੋਂ ਸਮੇਂ ਧਿਆਨ ਰਹੇ ਕਿ ਨਦੀਨ ਨਾਸ਼ਕ ਦਵਾਈਆਂ ਕਿਸੇ ਫੁੱਲਾਂ ਵਾਲੇ ਬੂਟੇ ਜਾਂ ਸਬਜ਼ੀਆਂ ਦੇ ਬੂਟਿਆਂ ਤੇ ਨਾ ਪੈਣ ।

ਸ) ਪਾਣੀ ਦੀ ਮਾਤਰਾ 200 ਲਿਟਰ ਪ੍ਰਤੀ ਏਕੜ ਤੋਂ ਘੱਟ ਨਾ ਵਰਤੋ ।

ਹ) ਕਮਾਦ ਤੋਂ ਇਲਾਵਾ ਕਿਸੇ ਵੀ ਫ਼ਸਲ ਵਿੱਚ ਐਟਰਾਜ਼ੀਨ ਦਵਾਈ ਦੀ ਵਰਤੋਂ ਨਾ ਕਰੋ । ਜੇਕਰ ਕਿਸੇ ਖੇਤ ਵਿੱਚ ਗਾਜਰ ਘਾਹ ਬਹੁਤ ਜ਼ਿਆਦਾ ਹੋਵੇ ਤਾਂ ਉਸ ਵਿੱਚ ਝੋਨਾ ਲਾਉਣ ਨਾਲ ਉਹ ਨਦੀਨ ਬਿਲਕੁਲ ਖ਼ਤਮ ਹੋ ਜਾਂਦਾ ਹੈ ।

ਇਸ ਨਦੀਨ ਦਾ ਸਭ ਤੋਂ ਵੱਡਾ ਹੱਲ ਇਹ ਹੈ ਕਿ ਜਿੱਥੇ ਇਸ ਨਦੀਨ ਦੀ ਸਮੱਸਿਆ ਹੋਵੇ ਉੱਥੇ ਲੋਕਾਂ ਨੂੰ ਇਕੱਠੇ ਹੋ ਕੇ ਇਸ ਦੀ ਰੋਕਥਾਮ ਕਰਨੀ ਚਾਹੀਦੀ ਹੈ । ਪਿੰਡਾਂ ਦੇ ਸਾਰੇ ਲੋਕ ਇਕੱਠੇ ਹੋ ਕੇ ਜਾਂ ਐੱਨ ਐੱਸ ਐੱਸ ਦੀਆਂ ਟੀਮਾਂ ਆਦਿ ਨੂੰ ਸਮੱਸਿਆ ਵਾਲੀ ਥਾਵਾਂ ਤੇ ਲਿਜਾ ਕੇ ਇਸ ਨੂੰ ਡੂੰਘਾ ਪੁੱਟ ਕੇ ਇੱਕ ਥਾਂ ਇਕੱਠਾ ਕਰਕੇ ਸਾੜ ਦੇਣਾ ਚਾਹੀਦਾ ਹੈ । ਸ਼ਹਿਰਾਂ ਦੀਆਂ ਬੇ-ਆਬਾਦ ਜ਼ਮੀਨਾਂ ਵੱਲ ਮਿਊਂਸਪਲ ਕਮੇਟੀਆਂ ਜਾਂ ਕਾਰਪੋਰੇਸ਼ਨਾਂ ਨੂੰ ਬਹੁਤ ਧਿਆਨ ਦੇਣਾ ਚਾਹੀਦਾ ਹੈ । ਪਿੰਡਾਂ ਦੀਆਂ ਪੰਚਾਇਤਾਂ ਨੂੰ ਪਿੰਡ ਦੀ ਸ਼ਾਮਲਾਤ ਜਾਂ ਫਿਰਨੀ ਦੇ ਦੁਆਲੇ/ਅੰਦਰ ਖ਼ਾਸ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਇਸ ਨਦੀਨ ਦੇ ਵਾਧੇ ਨੂੰ ਰੋਕਿਆ ਜਾ ਸਕੇ। ਇਸ ਨਦੀਨ ਦੇ ਬਾਰੇ ਲੋਕਾਂ ਨੂੰ ਚੌਕਸ ਕਰਨ ਲਈ ਰੇਡੀਓ ਅਤੇ ਟੈਲੀਵਿਜ਼ਨ ਤੇ ਲੋਕਾਂ ਨੂੰ ਸਿੱਖਿਆ ਦੇਣੀ ਜ਼ਰੂਰੀ ਹੈ ਤਾਂ ਜੋ ਖੇਤੀਬਾੜੀ ਨੂੰ ਇਸ ਖ਼ਤਰਨਾਕ ਸਮੱਸਿਆ ਤੋਂ ਬਚਾਇਆ ਜਾ ਸਕੇ ।







ਇਹ ਕਿਤਾਬਾਂ ਪੜ੍ਹ ਕੇ ਤੁਸੀਂ ਆਪਣੀ ਖੇਤੀ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਤੋਂ ਜਲਦੀ ਮੁਕਤੀ ਹਾਸਲ ਕਰ ਸਕਦੇ ਹੋ।
ਇਹ ਕਿਤਾਬਾਂ ਅੰਗ੍ਰੇਜ਼ੀ ਵਿੱਚ ਵੀ ਮਿਲਦੀਆਂ ਹਨ।

---

ਪ੍ਰਕਾਸ਼ਨਾਵਾਂ ਬਾਰੇ ਜਾਣਕਾਰੀ ਅਤੇ ਅਦਾਇਗੀਆਂ ਹੇਠਾਂ ਦਰਸਾਏ ਪਤੇ ਤੇ ਭੇਜੀਆਂ ਜਾਣ :

ਬਿਜਨਸ ਮੈਨੇਜਰ

ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ - 141004

ਫੋਨ ਨੰ. : 0161-2401960-79 ਐਕਸਟੈਂਸ਼ਨ (475)

---

ਨੋਟ : ਡਿਮਾਂਡ ਡਰਾਫਟ ਕੰਪਟਰੋਲਰ, ਪੀ ਏ ਯੂ, ਲੁਧਿਆਣਾ ਦੇ ਨਾਂ ਤੇ ਬਣਾਏ ਜਾਣ । ਮਨੀ ਆਰਡਰ ਬਿਜਨਸ ਮੈਨੇਜਰ ਦੇ ਨਾਂ ਤੇ ਹੀ ਹੋਣੇ ਚਾਹੀਦੇ ਹਨ ।

---

ਇੰਡੀਅਨ ਪੋਸਟਲ ਆਰਡਰ ਅਤੇ ਬਾਹਰ ਦੇ ਚੈੱਕ ਸਵੀਕਾਰ ਨਹੀਂ ਕੀਤੇ ਜਾਂਦੇ